ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮਾਘ-ਫੱਗਣ, ਸੰਮਤ ਨਾਨਕਸ਼ਾਹੀ ੫੫੧ ਫਰਵਰੀ 2020

ਜਿਲਦ ੬੩ (Vol. 63) ਅੰਕ ੧੧ (Issue 11)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੭ |
| ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਉਪਦੇਸ਼ | -ਡਾ. ਮਹਿਲ ਸਿੰਘ | ੯ |
| 'ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ' | -ਡਾ. ਤੇਜਿੰਦਰ ਪਾਲ ਸਿੰਘ | ੧੮ |
| ਭਗਤ ਰਵਿਦਾਸ ਜੀ ਦੀ ਬਾਣੀ ਦੇ ਸੰਦੇਸ਼ ਤੇ ਉਪਦੇਸ਼ | -ਡਾ. ਰਾਜਵਿੰਦਰ ਸਿੰਘ ਜੋਗਾ | ੨੪ |
| ਇੱਕ ਮਹਾਨ ਜਰਨੈਲ : ਸ. ਜਗਜੀਤ ਸਿੰਘ (ਅਰੋੜਾ) | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੩੧ |
| ਸਿੱਖਾਂ ਵਿਚ ਅੰਤਰੀਵੀ ਧਰਮ-ਸੰਵਾਦ ਦੀ ਲੋੜ | -ਡਾ. ਪਰਮਵੀਰ ਸਿੰਘ | ੩੬ |
| ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ | -ਸ. ਗੁਰਦੀਪ ਸਿੰਘ | ੪੧ |
| ਗੁਰਦੁਆਰਾ ਚਰਨ ਕਮਲ, ਪਾਤਸ਼ਾਹੀ ਪਹਿਲੀ. . . | -ਡਾ. ਜਸਬੀਰ ਸਿੰਘ ਸਰਨਾ | ੪੬ |
| ਕਰਤਾਰ ਪੁਰਿ ਕਰਤਾ ਵਸੈ. . . | -ਪ੍ਰਿੰ. ਰਾਮ ਸਿੰਘ | ੪੭ |
| ਦੂਸਰਾ ਅਥਵਾ ਵੱਡਾ ਘੱਲੂਘਾਰਾ : ਸੰਖੇਪ ਬ੍ਰਿਤਾਂਤ | -ਗਿਆਨੀ ਸੁਰਿੰਦਰ ਸਿੰਘ ਨਿਮਾਣਾ | ੫੨ |
| ਅਕਾਲੀ ਮੋਰਚੇ ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ | -ਸ. ਸਤਵਿੰਦਰ ਸਿੰਘ ਫੂਲਪੁਰ | ੬੧ |
| ਭੂਲੇ ਮਾਰਗੁ ਜਿਨਹਿ ਬਤਾਇਆ | -ਸ. ਜੋਗਿੰਦਰ ਸਿੰਘ | ੬੯ |
| ਪਾਣੀਪਤ ਦੀ ਤੀਜੀ ਲੜਾਈ ਅਤੇ ਸਿੱਖ | -ਸ. ਹਰਵਿੰਦਰ ਸਿੰਘ ਖਾਲਸਾ | ੭੪ |
| ਪਾਣੀ ਪ੍ਰਾਣ ਪਵਣਿ ਬੰਧਿ ਰਾਖੈ | -ਸ. ਬਲਵਿੰਦਰ ਸਿੰਘ ਗੰਭੀਰ | ੮੦ |
| ਸਾਖੀ 'ਚ ਸਿੱਖਿਆ: ੨ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੮੫ |
| ਗੁਰਮਤਿ ਸਾਹਿਤ ਦੇ ਰੂ-ਬ-ਰੂ— ੧੬ | -ਡਾ. ਰਣਜੀਤ ਕੌਰ ਪੰਨਵਾਂ | ੮੭ |
| ਸਾਕਾ ਵਰਤਿਆ ਧਰਤ ਨਨਕਾਣੇ ਦੀ 'ਤੇ (ਕਵਿਤਾ) | -ਸ. ਜਗਤਾਰ ਸਿੰਘ 'ਖੋਦੇਬੇਟ' | ੯੦ |
| ਸਿੱਖੀ ਦਾ ਬੂਟਾ (ਕਵਿਤਾ) | -ਸ. ਚਰਨ ਸਿੰਘ ਚੰਨ | ੯੨ |
| ਖ਼ਬਰਨਾਮਾ | | ੯੪ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੮ |

# ਗੁਰਬਾਣੀ ਵਿਚਾਰ

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥*
*ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥*
*ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥*
*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥੧੪॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਮਾਂਝ ਦੇ ਬਾਰਹ ਮਾਹਾ ਵਿਚ ਇਸ ਪਦੇ ਰਾਹੀਂ ਫੱਗਣ ਮਹੀਨੇ ਦੀ ਰੁੱਤ ਅਤੇ ਮਾਹੌਲ ਦੇ ਪ੍ਰਥਾਏ ਜੀਵ-ਇਸਤਰੀ ਨੂੰ ਪਰਮਾਤਮਾ ਦੇ ਨਾਮ-ਰੰਗ 'ਚ ਰੰਗੇ ਜਾਣ ਦਾ ਅਧਿਆਤਮਿਕ ਮਾਰਗ ਦਰਸਾਉਂਦੇ ਹਨ।

ਗੁਰੂ ਜੀ ਫੁਰਮਾਨ ਕਰਦੇ ਹਨ ਕਿ ਫੱਗਣ ਮਹੀਨੇ ਵਿਚ ਜਿਹੜੀ ਜੀਵ-ਇਸਤਰੀ ਦੇ ਸਾਹਮਣੇ ਪਰਮਾਤਮਾ ਰੂਪੀ ਪ੍ਰੀਤਮ ਪਿਆਰਾ ਪ੍ਰਤੱਖ ਹੋ ਜਾਂਦਾ ਹੈ, ਉਸ ਨੂੰ ਅਨੰਦ ਹੀ ਅਨੰਦ ਅਨੁਭਵ ਹੁੰਦਾ ਹੈ। ਸੰਤ ਭਾਵ ਪਰਮਾਤਮਾ ਨਾਲ ਇੱਕਮਿੱਕ ਹੋ ਚੁੱਕੇ ਗੁਰਮੁਖ-ਜਨ ਅਰਥਾਤ ਸਤਿਗੁਰੂ ਪਰਮਾਤਮਾ ਦਾ ਮਿਲਾਪ ਕਰਾਉਣ 'ਚ ਮਿਹਰ ਦ੍ਰਿਸ਼ਟੀ ਕਰ ਕੇ ਸਹਾਇਕ ਸਿੱਧ ਹੁੰਦੇ ਹਨ। ਪ੍ਰੀਤਮ ਪਿਆਰਾ ਮਿਲ ਜਾਣ ਕਰਕੇ ਜੀਵ-ਇਸਤਰੀ ਦਾ ਦਿਲ ਸੁੰਦਰ ਸੇਜਾ ਬਣ

ਜਾਂਦਾ ਹੈ। ਉਸ ਦੇ ਹਿਰਦੇ 'ਚ ਸਾਰੇ ਸੁੱਖ ਹਾਸਲ ਹੁੰਦੇ ਹਨ। ਹੁਣ ਦੁੱਖਾਂ ਦੀ ਕੋਈ ਥਾਂ ਹੀ ਨਹੀਂ ਰਹਿ ਜਾਂਦੀ। ਖੁਸ਼ਕਿਸਮਤ ਜੀਵ-ਇਸਤਰੀ ਦੀ ਖਾਹਿਸ਼ ਪੂਰੀ ਹੋ ਜਾਂਦੀ ਹੈ; ਉਸ ਨੂੰ ਪਰਮਾਤਮਾ ਰੂਪੀ ਰਾਜਾ ਪਤੀ ਜੁ ਮਿਲ ਗਿਆ। ਉਹ ਸਤਿਸੰਗੀ ਸਹੇਲੀਆਂ ਨਾਲ ਖੁਸ਼ੀ ਦੇ ਗੀਤ ਗਾਉਂਦੀ ਹੈ। ਉਹ ਪਰਮਾਤਮਾ ਦੀ ਸੱਚੀ ਉਸਤਤੀ ਦਾ ਅਲਾਪ ਕਰਦੀ ਹੈ। ਉਸ ਨੂੰ ਪਰਮਾਤਮਾ ਵਰਗਾ ਹੋਰ ਕੋਈ ਦਿੱਸਦਾ ਹੀ ਨਹੀਂ। ਕੋਈ ਦੂਸਰਾ ਪਰਮਾਤਮਾ ਤੁਲ ਨਜ਼ਰ ਨਹੀਂ ਆਉਂਦਾ। ਵੱਡੇ ਭਾਗਾਂਵਾਲੀ ਜੀਵ-ਇਸਤਰੀ ਦਾ ਇਹ ਲੋਕ ਅਤੇ ਪਰਲੋਕ ਉਸ ਪਿਆਰੇ ਨੇ ਪ੍ਰਭੂ ਸੁਆਰ ਦਿੱਤਾ ਹੈ। ਉਸ ਨੂੰ ਸਦੀਵੀ ਥਾਂ-ਟਿਕਾਣਾ ਪ੍ਰਦਾਨ ਕਰ ਦਿੱਤਾ ਹੈ। ਉਸ ਨੇ ਐਸੀ ਜੀਵ-ਇਸਤਰੀ ਦਾ ਸੰਸਾਰ ਤੋਂ ਪਾਰ-ਉਤਾਰਾ ਕਰ ਦਿੱਤਾ ਭਾਵ ਉਸ ਦੇ ਸਭ ਸੰਸਾਰਕ ਸੰਸੇ ਅਤੇ ਦੁੱਖੜੇ ਖ਼ਤਮ ਹੋ ਗਏ। ਉਹ ਵਾਰ-ਵਾਰ ਜਨਮ ਨਹੀਂ ਲੈਂਦੀ।

ਗੁਰੂ ਜੀ ਕਥਨ ਕਰਦੇ ਹਨ ਕਿ ਭਾਵੇਂ ਮਨੁੱਖ ਦੀ ਇਕ ਹੀ ਜੀਭ ਹੈ ਅਤੇ ਉਸ ਪਰਮਾਤਮਾ ਦੇ ਗੁਣ ਅਨੇਕਾਂ ਹਨ ਪਰੰਤੂ ਇਸ ਨਾਲ ਪਰਮਾਤਮਾ ਦੇ ਗੁਣਾਂ ਦਾ ਹੀ ਗਾਇਨ ਕਰਨਾ ਹੈ। ਹੇ ਨਾਨਕ! ਮਨੁੱਖ ਨੂੰ ਅਧਿਆਤਮਕ ਓਟ ਤੱਕਦਿਆਂ ਪਰਮਾਤਮਾ ਦੀ ਚਰਨ-ਸ਼ਰਨ 'ਚ ਆ ਕੇ ਪਾਰ ਉਤਾਰਾ ਮਿਲਦਾ ਹੈ। ਫੱਗਣ ਦੀ ਠੰਡ ਮੁੱਕ ਜਾਣ ਵਾਲੇ ਮਹੀਨੇ ਵਿਚ ਵੱਡੇ ਭਾਗਾਂ ਵਾਲੀ ਜੀਵ-ਇਸਤਰੀ (ਬਾਹਰੀ ਸੰਸਾਰਕ ਰੰਗਾਂ ਨਾਲ ਹੋਲੀ ਖੇਡਣ ਦੀ ਥਾਂ) ਸਦਾ ਪ੍ਰਭੂ ਦੀ ਸਿਫਤ-ਸਾਲਾਹ ਦਾ ਰਸਤਾ ਗੁਰੂ-ਗਿਆਨ ਦੀ ਸੇਧ ਵਿਚ ਅਪਣਾਉਂਦੀ ਹੈ, ਜਿਸ ਪ੍ਰਭੂ ਨੂੰ ਰੰਚਕ-ਮਾਤਰ ਵੀ ਕੋਈ ਲਾਲਚ ਨਹੀਂ। ਅਰਥਾਤ ਸੰਸਾਰ ਸਾਗਰ ਤੋਂ ਪਾਰ-ਉਤਾਰਾ ਸੱਚਾ ਗੁਰੂ ਹੀ ਕਰਵਾ ਸਕਦਾ ਹੈ ਤੇ ਪਰਮਾਤਮਾ ਨਾਲ ਮਿਲਾ ਸਕਦਾ ਹੈ।

ਬਾਰਹ ਮਾਹਾ ਦੇ ਅੰਤਮ ਪਦੇ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਵੀ ਕਿਸੇ ਇਨਸਾਨ ਨੇ ਪਰਮਾਤਮਾ ਦੇ ਸੱਚੇ ਨਾਮ ਨੂੰ ਯਾਦ ਕੀਤਾ ਉਸੇ ਦੇ ਹੀ ਕੰਮ ਪੂਰੇ ਹੋਏ। ਜਿਸ ਕਿਸੇ ਨੇ ਪੂਰਨ ਗੁਰੂ ਨੂੰ ਚਿਤਵਿਆ ਹੈ, ਉਹ ਪ੍ਰਭੂ-ਦਰਬਾਰ 'ਚ ਸਹੀ-ਸੱਚਾ ਸਿੱਧ ਹੁੰਦਾ ਹੈ। ਪਰਮਾਤਮਾ ਦੇ ਚਰਨ-ਕਮਲਾਂ ਰੂਪੀ ਸਾਰੇ ਸੁਖਾਂ ਦਾ ਖ਼ਜ਼ਾਨਾ ਉਸ ਦੇ ਪਾਸ ਹੁੰਦਾ ਹੈ ਜਿਸ ਕਰਕੇ ਉਹ ਡਰ ਦਾ ਸਮੁੰਦਰ ਤਰ ਜਾਂਦਾ ਹੈ, ਜੋ ਤਰਨਾ ਬੜਾ ਕਠਿਨ ਹੈ। ਅਜਿਹੇ ਮਨੁੱਖਾਂ ਨੇ ਪਿਆਰ-ਭਗਤੀ ਪਾ ਲਈ ਹੁੰਦੀ ਹੈ। ਉਹ ਸੰਸਾਰਕ ਵਿਕਾਰਾਂ ਦੀ ਜ਼ਹਿਰ ਖਾਣਾ ਨਹੀਂ ਸਵੀਕਾਰਦੇ।

ਗੁਰੂ ਜੀ ਕਥਨ ਕਰਦੇ ਹਨ ਕਿ ਵਡਭਾਗੀ ਮਨੁੱਖਾਂ ਤੋਂ ਝੂਠ ਦੂਰ ਦੌੜ ਜਾਂਦਾ ਹੈ। ਉਹ ਮੁਕੰਮਲ ਤੌਰ 'ਤੇ ਸੱਚ 'ਚ ਭਰਪੂਰ ਹੁੰਦੇ ਹਨ। ਉਹ ਕੇਵਲ ਇਕ ਪਰਮਾਤਮਾ ਨੂੰ ਹੀ ਮਨ-ਚਿੱਤ 'ਚ ਰੱਖ ਕੇ ਸਿਮਰਦੇ ਹਨ। ਜਿਸ ਮਨੁੱਖ ਉੱਪਰ ਉਸ ਸੱਚੇ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਹੋ ਜਾਂਦੀ ਹੈ, ਉਸ ਲਈ ਉਸ ਦੇ ਜੀਵਨ-ਕਾਲ ਦੇ ਸਾਰੇ ਮਹੀਨੇ, ਸਾਰੇ ਦਿਨ, ਮਹੂਰਤ ਸ਼ੁਭ ਜਾਂ ਚੰਗੇ ਹਨ। ਹੇ ਨਾਨਕ ! ਮੈਂ ਵੀ ਉਸ ਪਰਮਾਤਮਾ ਦਾ ਦਰਸ਼ਨ ਰੂਪੀ ਦਾਨ ਮੰਗਦਾ ਹਾਂ। ਹੇ ਪਰਮਾਤਮਾ! ਆਪ ਜੀ ਮੇਰੇ ਉੱਪਰ ਵੀ ਕਿਰਪਾ ਕਰੋ, ਮੈਨੂੰ ਆਪਣੇ ਦਰਸ਼ਨ ਬਖ਼ਸ਼ ਕੇ ਨਿਵਾਜੋ! ■

ਸੰਪਾਦਕੀ...

# ਸਰਬੱਤ ਦਾ ਭਲਾ

*ਸਿੱਖ ਪੰਥ ਸਰਬੱਤ ਦੇ ਭਲੇ ਦਾ ਹਾਮੀ ਹੈ। ਸਿੱਖ ਨਿੱਤ ਅਰਦਾਸ ਵਿਚ ਅਕਾਲ ਪੁਰਖ ਦੇ ਸਨਮੁਖ ਸਰਬੱਤ ਦੇ ਭਲੇ ਦੀ ਜਾਚਨਾ ਕਰਦੇ ਹਨ। ਇਹ ਆਦਰਸ਼ਕ ਨਾਰ੍ਹਾ ਧਰਤੀ ਦੇ ਆਦਰਸ਼ਕ ਮਨੁੱਖ ਦੀ ਪਹਿਚਾਣ ਹੈ। ਸਰਬੱਤ ਦੇ ਭਲੇ ਵਾਲੀ ਜੀਵਨ-ਜਾਚ ਅਪਣਾਅ ਕੇ ਹੀ ਆਦਰਸ਼ਕ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਸਰਬੱਤ ਦੇ ਭਲੇ ਦੀ ਭਾਵਨਾ ਹੀ ਧਰਤੀ ਨੂੰ ਧਰਮਸਾਲ ਅਤੇ ਬੇਗਮਪੁਰਾ ਬਣਾ ਸਕਦੀ ਹੈ ਜਿਸ ਵਿਚ ਗੁਰੂ ਸਾਹਿਬਾਨ ਦੇ ਆਸ਼ੇ ਅਨੁਸਾਰ ਵੱਖ-ਵੱਖ ਧਰਮਾਂ, ਜਾਤਾਂ ਦੇ ਲੋਕ ਬਿਨਾਂ ਕਿਸੇ ਡਰ ਬੇਗਾਨਗੀ ਦੇ ਆਪਸੀ ਪ੍ਰੇਮ-ਪਿਆਰ ਨਾਲ ਰਹਿ ਸਕਣ। ਜਿੱਥੇ ਸਾਰੇ ਇਕ-ਦੂਸਰੇ ਦੀ ਹੋਂਦ ਨੂੰ ਸਵੀਕਾਰ ਕਰਨ, ਜਿੱਥੇ ਮਨੁੱਖਾਂ ਨੂੰ ਮਨੁੱਖਤਾ ਦੀ ਕਦਰ ਹੋਵੇ। ਗੁਰੂ ਸਾਹਿਬਾਨ ਇਸ ਧਰਤੀ ਅਜਿਹੀ ਗੁਲਜ਼ਾਰ ਦੇਖਣਾ ਚਾਹੁੰਦੇ ਸਨ ਜਿਸ ਵਿਚ ਭਾਂਤ-ਭਾਂਤ ਦੇ ਫੁੱਲ ਖਿੜਨ, ਖੁਸ਼ਬੋਈ ਬਿਖੇਰਨ ਅਤੇ ਕੁਦਰਤ ਨੂੰ ਸੁਹਾਵਣਾ ਬਣਾਉਣ।*

*ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਜਗਤ ਅੰਦਰ ਇਸ ਭਾਵਨਾ ਦੀ ਘਾਟ ਸੀ। ਵਿਸ਼ੇਸ਼ ਕਰਕੇ ਗੱਲ ਜੇਕਰ ਭਾਰਤ ਦੀ ਕੀਤੀ ਜਾਵੇ ਤਾਂ ਇੱਥੇ ਪ੍ਰਚਲਿਤ ਵਰਨ-ਵੰਡ ਪ੍ਰਣਾਲੀ ਵਿਚ ਆਪਣੇ ਆਪ ਨੂੰ ਆਪੇ ਸਰਬ-ਸ੍ਰੇਸ਼ਟਾ ਦੀ ਉਪਾਧੀ ਦੇਣ ਵਾਲਾ ਵਰਗ ਤਾਂ ਆਪਣੇ ਤੋਂ ਸਿਵਾ ਬਾਕੀ 'ਸਰਬੱਤ ਦਾ ਵਿਨਾਸ਼' ਦੀ ਸੋਚ ਦਾ ਧਾਰਨੀ ਸੀ। ਉਹ ਸਦੀਆਂ ਬੱਧੀ ਸਮਾਜ ਵਿਚ ਜਾਤ-ਪਾਤ, ਊਚ-ਨੀਚ ਦੀਆਂ ਵੰਡੀਆਂ ਪਾ ਕੇ ਰਾਜ ਭੋਗਦਾ ਰਿਹਾ ਸੀ। ਅਖ਼ੀਰ ਇਹੋ ਅੱਤ ਨਿਮਨ ਦਰਜੇ ਦੀ ਸੋਚ ਹੀ ਦੇਸ਼ ਦੀ ਸ਼ਕਤੀ ਨੂੰ ਕਮਜ਼ੋਰ ਕਰ ਕੇ ਹਜ਼ਾਰਾਂ ਸਾਲ ਗ਼ੁਲਾਮੀ ਦਾ ਸੰਤਾਪ ਹੰਢਾਉਣ ਲਈ ਜ਼ਿੰਮੇਵਾਰ ਬਣੀ।*

*ਗੁਰੂ ਸਹਿਬਾਨ ਦੁਆਰਾ ਸਿਰਜਿਤ ਸਰਬੱਤ ਦੇ ਭਲੇ ਵਾਲੇ ਮਨੁੱਖਤਾਵਾਦੀ ਰੂਹਾਨੀ ਮਿਸ਼ਨ ਦੇ ਪੈਰੋਕਾਰਾਂ (ਖਾਲਸਾ-ਪੰਥ) ਨੇ ਅਥਾਹ ਕੁਰਬਾਨੀਆਂ ਦੇ ਕੇ ਪਹਿਲਾਂ ਜ਼ੁਲਮੀ ਮੁਗ਼ਲ ਰਾਜ ਦੀਆਂ ਜੜ੍ਹਾਂ ਪੁੱਟੀਆਂ ਅਤੇ ਫਿਰ ਅੰਗਰੇਜ਼ਾਂ ਕੋਲੋਂ ਦੇਸ਼ ਨੂੰ ਅਜ਼ਾਦ ਕਰਵਾਇਆ। ਸਰਬੱਤ ਦੇ ਭਲੇ ਵਾਲੇ ਅਜਿਹੇ ਆਦਰਸ਼ਕ ਦੇਸ਼ ਸਮਾਜ ਦੀ ਘਾੜਤ ਖਾਤਰ ਤੱਤੀ ਤਵੀ ਉੱਪਰ ਵੀ ਬੈਠਣਾ ਪੈਂਦਾ ਹੈ, ਸੀਸ ਵਾਰਨਾ ਪੈਂਦਾ ਹੈ, ਸਰਬੰਸ ਵਾਰਨਾ ਪੈਂਦਾ ਹੈ, ਨੀਹਾਂ ਵਿਚ ਆਪਾ ਚਿਣਵਾਉਣਾ ਪੈਂਦਾ ਹੈ, ਬੰਦ-ਬੰਦ ਕਟਾਉਣੇ ਪੈਂਦੇ ਹਨ, ਚਰਖੜੀਆਂ 'ਤੇ ਚੜ੍ਹਨਾ ਪੈਂਦਾ ਹੈ, ਖੋਪਰ ਲੁਹਾਉਣੇ ਪੈਂਦੇ ਹਨ। ਸਿੱਖਾਂ ਨੇ ਦੇਸ਼-ਧਰਮ ਅਤੇ ਮਨੁੱਖਤਾ ਦੀ ਖਾਤਰ ਬੇਅੰਤ ਕੁਰਬਾਨੀਆਂ ਕੀਤੀਆਂ ਹਨ। ਅਜ਼ਾਦੀ ਤੋਂ ਪਿੱਛੋਂ ਸੈਂਕੜੇ ਸਾਲਾਂ ਬਾਅਦ ਹੁਣ ਫੇਰ ਤੋਂ ਸੱਤਾ ਉੱਪਰ ਕਾਬਜ ਕਈ ਵਰਗਾਂ ਨੇ 'ਸਰਬੱਤ ਦੇ ਵਿਨਾਸ਼' ਵਾਲੀ ਨੀਤੀ ਅਖ਼ਤਿਆਰ ਕਰ ਲਈ ਹੈ। ਇਹ ਵਰਗ ਸਰਬੱਤ ਦੇ ਭਲੇ ਦੀ ਭਾਵਨਾ ਤੋਂ ਸੱਖਣੇ ਹੋਣ ਕਾਰਨ ਦੂਸਰੇ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਇਹ ਦੂਸਰੇ ਨੂੰ ਆਪਣੇ ਵਿਚ ਜਜ਼ਬ ਕਰਨ ਜਾਂ ਖ਼ਤਮ ਕਰਨ ਦੀ ਭਾਵਨਾ ਦੇ ਧਾਰਨੀ ਹਨ। ਇਹ ਵਰਗ ਦੂਸਰੇ ਦੀ ਵਿਰਾਸਤ ਉੱਪਰ ਆਪਣਾ ਰੰਗ ਚਾੜ੍ਹ ਕੇ ਉਸ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਹਨ। ਆਪਣੀ ਇਸ ਭਾਵਨਾ ਨੂੰ ਸਰੰਜਾਮ ਕਰਨ ਲਈ ਇਹ ਵਰਗ ਹਰ ਹੀਲਾ ਵਰਤਣ ਲਈ ਉਤਾਰੂ ਹਨ। ੧੯੮੪ ਈ. ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਸਿੱਖਾਂ ਨੂੰ ਚੁਣ-ਚੁਣ ਕੇ ਮਾਰਨ ਅਤੇ*

*ਗੁਰਦੁਆਰਾ ਸਾਹਿਬਾਨ ਨੂੰ ਨੁਕਸਾਨ ਪਹੁੰਚਾਉਣ ਜਿਹੀਆਂ ਕਾਰਵਾਈਆਂ ਇਨ੍ਹਾਂ ਦੀ ਇਸੇ ਸੰਪ੍ਰਦਾਇਕ ਸੋਚ ਦਾ ਹੀ ਨਤੀਜਾ ਸੀ।*

*ਇਨ੍ਹਾਂ ਵਰਗਾਂ ਦਾ ਮਨਸੂਬਾ ਦੇਸ਼ ਅਤੇ ਮਨੁੱਖਤਾ ਲਈ ਬੜਾ ਘਾਤਕ ਹੈ। ੧੩੦ ਕਰੋੜ ਭਾਰਤੀਆਂ ਨੂੰ ਹਿੰਦੂ ਕਹਿਣ ਵਾਲਾ ਗ਼ੈਰ-ਜ਼ਿੰਮੇਵਾਰ ਬਿਆਨ ਭਾਰਤ ਵਿਚ ਵੱਸਣ ਵਾਲੇ ਅਲਪ-ਸੰਖਿਅਕ ਧਰਮਾਂ ਵਾਲਿਆਂ ਲਈ ਖ਼ਤਰੇ ਦੀ ਘੰਟੀ ਹੈ ਜੋ ਸੁਚੇਤ ਕਰ ਰਹੀ ਹੈ ਕਿ ਹੁਣ ਜਾਗਣ ਦਾ ਵੇਲਾ ਹੈ।*

*ਪਿਛਲੇ ਦਿਨੀਂ ਪਾਕਿਸਤਾਨ ਵਿਚ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ, ਜਿੱਥੇ ਸਰਬੱਤ ਦੇ ਭਲੇ ਵਾਲੇ ਮਨੁੱਖਤਾਵਾਦੀ ਰੂਹਾਨੀ ਵਿਚਾਰ ਦੇ ਸੋਮੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਕਾਸ਼ ਧਾਰਿਆ ਸੀ, ਉਸ ਪਾਵਨ ਗੁਰਅਸਥਾਨ ਉੱਪਰ ਹੋਇਆ ਹਮਲਾ ਜਿੱਥੇ ਅਤਿ ਨਿੰਦਣਯੋਗ ਹੈ, ਉੱਥੇ ਮੱਧ ਪ੍ਰਦੇਸ਼ ਦੇ ਵਿਚ ਚੁਣ-ਚੁਣ ਕੇ ਸਿੱਖਾਂ ਦੇ ਘਰਾਂ ਨੂੰ ਢਾਹੁਣਾ ਅਤੇ ਫ਼ਸਲਾਂ ਨੂੰ ਬਰਬਾਦ ਕਰਨਾ ਅਤੇ ਫਿਰ ਪੀੜਤ ਸਿੱਖਾਂ ਵੱਲੋਂ ਇਸ ਕਾਰਵਾਈ ਦਾ ਅੱਗੋਂ ਵਿਰੋਧ ਕਰਨ 'ਤੇ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਕੁੱਟਮਾਰ ਕਰ ਕੇ ਦਹਿਸ਼ਤ ਦਾ ਮਾਹੌਲ ਬਣਾਉਣਾ ਇਸ ਧਰਮ-ਨਿਰਪੱਖ ਦੇਸ਼ ਅੰਦਰ ਧਰਮ ਆਧਾਰਿਤ ਵਿਤਕਰੇ ਵਾਲਾ ਸ਼ਰਮਨਾਕ ਵਰਤਾਰਾ ਹੈ। ਦੇਸ਼ ਅੰਦਰ ਪੰਥ-ਵਿਰੋਧੀ ਤਾਕਤਾਂ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਅਤੇ ਸਿੱਖ ਧਰਮ ਦੀ ਮਾਤਰਭੂਮੀ ਪੰਜਾਬ ਦੇ ਪਿੱਛੇ ਹੱਥ ਧੋ ਕੇ ਪਈਆਂ ਹੋਈਆਂ ਹਨ। ਪੰਜਾਬ ਦੇ ਪਾਣੀਆਂ ਉੱਪਰ ਡਾਕਾ ਮਾਰ ਕੇ ਧਰਤੀ ਹੇਠਲੇ ਪਾਣੀ ਦੀ ਬੇਤਹਾਸ਼ਾ ਵਰਤੋਂ ਰਾਹੀਂ ਪੰਜਾਬ ਨੂੰ ਬੰਜਰ ਬਣਾਉਣ, ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਅਤੇ ਕਿਸਾਨੀ ਨੂੰ ਕਰਜੇ ਵਿਚ ਡੋਬ ਕੇ ਪੰਜਾਬ ਨੂੰ ਉਜਾੜਨ ਦੀਆਂ ਵਿਉਂਤਬੰਦੀਆਂ ਅਮਲ ਵਿਚ ਆ ਚੁੱਕੀਆਂ ਹਨ ਜਿਸ ਦਾ ਹਸ਼ਰ ਅਸੀਂ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਾਂ। ਪਿਛਲੇ ਦਿਨੀਂ ਸਰਕਾਰ ਦੁਆਰਾ ਸ਼ੁਰੂ ਕੀਤੀ 'ਅਟੱਲ ਭੂ-ਜਲ ਯੋਜਨਾ' ਵਿਚ ਪੰਜਾਬ ਨੂੰ ਸ਼ਾਮਲ ਨਾ ਕਰਨਾ ਪੰਜਾਬ ਨਾਲ ਹੋ ਰਹੇ ਵਿਤਕਰੇ ਦਾ ਪ੍ਰਤੱਖ ਪ੍ਰਮਾਣ ਹੈ।*

*ਸਰਬੱਤ ਦੇ ਭਲੇ ਦੀ ਜਾਚਨਾ ਕਰਨ ਵਾਲੇ ਪਰਉਪਕਾਰੀ ਨਾਨਕ ਨਿਰਮਲ ਪੰਥ ਦੇ ਵਾਰਸਾਂ ਦਾ ਫ਼ਰਜ਼ ਬਾਕੀ ਲੋਕਾਈ ਨਾਲੋਂ ਵਡੇਰਾ ਹੈ। ਅੱਜ ਜਦੋਂ ਦੇਸ਼ ਅੰਦਰ ਧਰਮ ਆਧਾਰਿਤ ਘੱਟਗਿਣਤੀ ਲੋਕ ਬੇਗਾਨਗੀ, ਨਿਰਾਸ਼ਾ ਅਤੇ ਸਹਿਮ ਦੇ ਸਾਏ ਹੇਠ ਹਨ ਤਾਂ ਅਜਿਹੇ ਸਮੇਂ ਅਸੀਂ ਗੁਰਬਾਣੀ, ਗੁਰਮਤਿ ਸਿਧਾਂਤਾਂ ਅਤੇ ਆਪਣੇ ਲਾਸਾਨੀ ਇਤਿਹਾਸ ਤੋਂ ਸੇਧ ਲੈ ਕੇ ਮਜ਼ਲੂਮ ਵਰਗ ਦੇ ਨਾਲ ਖੜ੍ਹੇ ਹੋਣਾ ਹੈ।*

*ਅੱਜ ਸਿੱਖ ਕੌਮ ਅਤੇ ਮਨੁੱਖਤਾ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਕੌਮੀ ਇਕਜੁੱਟਤਾ ਦੀ ਲੋੜ ਹੈ। ਜੇਕਰ ਪੰਥ ਅੰਦਰ ਇਕ-ਦੂਸਰੇ ਨਾਲ ਕੋਈ ਵਿਚਾਰਕ ਮਤਭੇਦ ਹਨ ਤਾਂ ਸਾਨੂੰ ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਜਗਤ ਅੰਦਰ ਪ੍ਰਗਟ ਕਰਨ ਤੋਂ ਗੁਰੇਜ਼ ਕਰਦਿਆਂ ਗੁਰਬਾਣੀ ਦੀ ਨਿਆਰੀ ਗੁਰਮਤਿ ਜੁਗਤ **ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ** ਲਾਇ ਰਾਹੀਂ ਹੱਲ ਕਰਨ ਦੇ ਯਤਨ ਕਰਨੇ ਚਾਹੀਦੇ ਹਨ।*

*ਪੰਥਕ ਏਕਤਾ ਤੇ ਇਤਫ਼ਾਕ ਅਤੇ ਕੌਮੀ ਮਜ਼ਬੂਤੀ ਲਈ ਸ੍ਰੀ ਅਕਾਲ ਤਖਤ ਸਾਹਿਬ ਅਤੇ ਗੁਰੂ-ਪੰਥ ਆਦਿ ਗੁਰਮਤਿ ਪਰੰਪਰਾਵਾਂ ਦਾ ਮਾਣ-ਸਤਿਕਾਰ ਕਰਨਾ ਹਰੇਕ ਗੁਰਸਿੱਖ ਦਾ ਫ਼ਰਜ਼ ਹੈ। ਆਪਣੀਆਂ ਅਮੀਰ ਪਰੰਪਰਾਵਾਂ ਨਾਲ ਜੁੜ ਕੇ ਹੀ ਅਸੀਂ ਗੁਰਮਤਿ ਦੇ ਆਦਰਸ਼ ਸਰਬੱਤ ਦੇ ਭਲੇ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਉੱਦਮਸ਼ੀਲ ਰਹਿ ਸਕਾਂਗੇ।*

***-ਸਤਵਿੰਦਰ ਸਿੰਘ ਫੂਲਪੁਰ***
***ਮੋ. +੯੧੯੯੧੪੪-੧੯੪੯੪***

*ਜਨਵਰੀ ੨੦੨੦ ਦਾ ਬਾਕੀ:*

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਉਪਦੇਸ਼

*-ਡਾ. ਮਹਿਲ ਸਿੰਘ**

ਭਗਤ ਰਵਿਦਾਸ ਜੀ ਬਨਾਰਸ ਦੇ ਰਹਿਣ ਵਾਲੇ ਸਨ। ਉਹ ਜਾਤ ਦੇ ਚਮਾਰ ਸਨ। ਹਿੰਦੂ ਸਮਾਜ ਵਿਚ ਅਜਿਹੀ ਜਾਤ ਨਾਲ ਸੰਬੰਧਿਤ ਵਿਅਕਤੀ ਨੂੰ ਅਖੌਤੀ ਸ਼ੂਦਰ ਦਰਜੇ ਵਿਚ ਰੱਖਿਆ ਜਾਂਦਾ ਸੀ। ਭਗਤ ਰਵਿਦਾਸ ਜੀ ਭਗਤ ਕਬੀਰ ਜੀ ਦੇ ਸਮਕਾਲੀ ਸਨ। ਅਜਿਹੇ ਭਗਤ ਸਾਹਿਬਾਨ ਦੀਆਂ ਕੋਸ਼ਿਸ਼ਾਂ ਅਤੇ ਰਚਨਾਵਾਂ ਸਦਕਾ ਹੀ ਤੇਰ੍ਹਵੀਂ ਸਦੀ ਵਿਚ ਭਗਤੀ ਲਹਿਰ ਨੂੰ ਬਲ ਮਿਲਿਆ ਸੀ। ਇਨ੍ਹਾਂ ਦੀ ਬਾਣੀ ਨੂੰ ਵੀ ਗੁਰੂ ਸਾਹਿਬ ਨੇ ਉਤਾਰਾ ਕਰ ਕੇ ਆਪਣੇ ਪਾਸ ਰੱਖ ਲਿਆ ਸੀ। ਗੁਰੂ ਸਾਹਿਬ ਉੱਤਮ ਵਿਚਾਰਾਂ ਵਾਲੇ ਭਗਤ ਸਾਹਿਬਾਨ ਦੀ ਬਾਣੀ ਨੂੰ ਆਪਣੇ ਕੋਲ ਸੰਭਾਲ ਲੈਂਦੇ ਸਨ। ਭਗਤ ਰਾਮਾ ਨੰਦ ਜੀ ਨੇ ਵੀ ਬਨਾਰਸ ਵਿਚ ਜਾਤ-ਪਾਤ ਵਿਰੁੱਧ ਵੱਡਾ ਪ੍ਰਚਾਰ ਕੀਤਾ ਸੀ। ਇਹ ਜਾਤ ਵਜੋਂ ਬ੍ਰਾਹਮਣ ਸਨ, ਪਰ ਬ੍ਰਾਹਮਣਾਂ ਦੀ ਸਮਾਜਿਕ ਵੰਡ ਨਾਲ ਸਹਿਮਤ ਨਹੀਂ ਸਨ। ਇਨ੍ਹਾਂ ਨੇ ਮੂਰਤੀ-ਪੂਜਾ ਵਿਰੁੱਧ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਸੀ। ਰਾਮਾ ਨੰਦ ਜੀ ਦਾ ਵੀ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਨਾਰਸ ਤੋਂ ਹੀ ਪ੍ਰਾਪਤ ਕੀਤਾ ਸੀ। ਭਗਤ ਰਾਮਾ ਨੰਦ ਜੀ ਹੀ ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭਗਤ ਸੈਣ ਜੀ ਦੇ ਉਸਤਾਦ ਸਨ। ਭਗਤ ਸੈਣ ਜੀ ਨੇ ਵੀ ਮੂਰਤੀ-ਪੂਜਾ ਵਿਰੁੱਧ ਜ਼ੋਰਦਾਰ ਪ੍ਰਚਾਰ ਕੀਤਾ ਸੀ। ਸਪੱਸ਼ਟ ਹੈ ਕਿ ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਦੀ ਸੇਧ ਵਿਚ ਹੋਰਨਾਂ ਭਗਤਾਂ ਦੀ ਬਾਣੀ ਸੰਭਾਲ ਲਈ ਸੀ। ਅਜਿਹੀ ਸਾਰੀ ਬਾਣੀ ਇੱਕ ਅਮੁੱਲ ਖਜ਼ਾਨੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਰੱਖਿਅਤ ਹੈ। ਬਨਾਰਸ (ਕਾਸ਼ੀ) ਅਸਲ ਵਿਚ ਭਗਤਾਂ ਦਾ ਇੱਕ ਵੱਡਾ ਗੜ੍ਹ ਸੀ। ਇੱਥੋਂ ਹੀ ਭਗਤ ਪੀਪਾ ਜੀ ਦੀ ਰਚਨਾ ਗੁਰੂ ਸਾਹਿਬ ਨੇ ਹਾਸਲ ਕੀਤੀ ਸੀ। ਇਨ੍ਹਾਂ ਦਾ ਵੀ ਇੱਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭਗਤ ਪੀਪਾ ਜੀ ਵੀ ਪੱਥਰ ਦੀਆਂ ਮੂਰਤੀਆਂ ਨੂੰ ਪੂਜਣ ਦੇ ਸਖ਼ਤ ਖ਼ਿਲਾਫ਼ ਸਨ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਬਨਾਰਸ ਤੋਂ ਲੱਗਭਗ ਸਵਾ-ਕੁ ਸੌ ਮੀਲ ਦੂਰ ਗਇਆ/ਗਯਾ (ਬਿਹਾਰ) ਵੀ ਗਏ ਸਨ। ਗਯਾ ਵਿਚ ਵੈਸਾਖੀ ਦੇ ਮੌਕੇ 'ਤੇ ਵੱਡਾ ਮੇਲਾ ਲੱਗਦਾ ਹੈ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਨੇ ਆਪਣਾ ਕੀਰਤਨ ਦਰਬਾਰ ਲਗਾਇਆ ਸੀ। ਗੁਰੂ ਸਾਹਿਬ ਦੀ ਅਵਾਜ਼ ਅਤੇ ਭਾਈ ਮਰਦਾਨਾ ਜੀ ਦੀ ਰਬਾਬ ਲੋਕਾਂ ਨੂੰ ਆਪਣੇ ਵੱਲ ਖਿੱਚ ਲੈਂਦੀ ਸੀ। ਗੁਰੂ ਸਾਹਿਬ ਦੀ ਬਾਣੀ ਦੇ ਨਵੇਂ ਤੇ ਵੱਖਰੇ ਅੰਦਾਜ਼ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ। ਉਸ ਤੋਂ ਬਾਅਦ ਗੁਰੂ ਸਾਹਿਬ ਆਸਾਮ ਦੇ ਜ਼ਿਲ੍ਹਾ ਕਾਮਰੂਪ ਪਹੁੰਚੇ ਸਨ। ਇਹ 'ਕਾਮਾਖਯਾ' ਨਾਂ ਦੀ ਦੇਵੀ ਦਾ ਸਥਾਨ ਹੈ। ਸ੍ਰੀ ਗੁਰੂ ਨਾਨਕ ਸਾਹਿਬ ਇੱਥੋਂ ਹੁੰਦੇ ਹੋਏ ਅਪ੍ਰੈਲ ਮਹੀਨੇ (੧੫੦੯ ਈ.) ਨੂੰ ਗੁਹਾਟੀ ਪਹੁੰਚੇ ਸਨ। ਅਜਿਹੇ ਸਾਰੇ ਵੱਡੇ ਹਿੰਦੂਆਂ ਅਤੇ ਜੋਗੀਆਂ ਦੇ ਅਸਥਾਨਾਂ ਉੱਪਰ ਰਲੀ-

*ਪ੍ਰਿੰਸੀਪਲ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ : +੯੧੯੮੭੨੨੬੬੬੬੭

ਮਿਲੀ ਭਾਸ਼ਾ ਚੱਲਦੀ ਸੀ। ਇਸ ਨੂੰ 'ਸਾਧ ਭਾਖਾ' ਵੀ ਕਿਹਾ ਜਾਂਦਾ ਸੀ। ਇਹ ਰਲੀ-ਮਿਲੀ ਜਾਂ ਮਿਸ਼ਰਤ ਭਾਸ਼ਾ ਸੀ। ਇਹ ਵੱਖ-ਵੱਖ ਰਾਜਾਂ ਵਾਲੇ ਲੋਕਾਂ ਦੀ ਸਮਝ ਵਿਚ ਆ ਜਾਂਦੀ ਸੀ। ਗੁਰੂ ਸਾਹਿਬ ਵੀ ਅਜਿਹੀ ਭਾਸ਼ਾ ਵਾਲਿਆਂ ਨਾਲ ਰਚ-ਮਿਚ ਜਾਂਦੇ ਸਨ। ਇਸ ਨਾਲ ਗੁਰੂ ਸਾਹਿਬ ਦੀ ਆਪਣੀ ਭਾਸ਼ਾ ਦਾ ਸ਼ਬਦ-ਭੰਡਾਰ ਵੀ ਬਹੁਤ ਵਧ ਗਿਆ ਸੀ। ਗੁਰੂ ਸਾਹਿਬ ਖੁਦ ਅਜਿਹੀ ਸਾਂਝੀ ਭਾਸ਼ਾ ਵਿਚ ਘੰਟਿਆਂ-ਬੱਧੀ ਪ੍ਰਚਾਰ ਕਰਦੇ ਸਨ। ਇਹ ਆਮ ਭਾਸ਼ਾ ਲੋਕਾਂ ਨੂੰ ਵਧੇਰੇ ਸਮਝ ਆਉਂਦੀ ਸੀ। ਗੁਰੂ ਸਾਹਿਬ ਨੇ ਉਸ ਵੇਲੇ ਦੀਆਂ ਸੰਸਕ੍ਰਿਤ ਤੇ ਅਰਬੀ-ਫ਼ਾਰਸੀ ਵਰਗੀਆਂ ਭਾਸ਼ਾਵਾਂ ਦੀ ਸ੍ਰੇਸ਼ਟਤਾ ਨੂੰ ਨਕਾਰ ਦਿੱਤਾ ਸੀ। ਇਸ ਨਾਲ ਗੁਰੂ ਸਾਹਿਬ ਨੇ ਇਹ ਸਿੱਧ ਕੀਤਾ ਸੀ ਕਿ ਗਿਆਨ ਦੇ ਉੱਚੇ-ਸੁੱਚੇ ਬਚਨ-ਬਿਲਾਸ ਆਮ ਭਾਸ਼ਾ ਵਿਚ ਵੀ ਹੋ ਸਕਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਬਿਹਾਰ, ਬੰਗਾਲ ਅਤੇ ਆਸਾਮ ਤੋਂ ਹੁੰਦੇ ਹੋਏ ਉੜੀਸਾ ਦੇ ਨਗਰ ਜਗਨ ਨਾਥ ਪੁਰੀ ਪਹੁੰਚੇ ਸਨ। ਇੱਥੇ ਜਗਨ ਨਾਥ ਦੀ ਮੂਰਤੀ ਦੀ ਵਿਸ਼ੇਸ਼ ਪੂਜਾ ਕੀਤੀ ਜਾਂਦੀ ਹੈ। 'ਜਗਨ ਨਾਥ' ਸ੍ਰੀ ਕ੍ਰਿਸ਼ਨ ਜੀ ਦੀ ਮੂਰਤੀ ਦਾ ਹੀ ਨਾਮ ਹੈ। ਇਸ ਮੂਰਤੀ ਦੀ ਸਾਲਾਨਾ ਰੱਥ ਯਾਤਰਾ ਕੱਢੀ ਜਾਂਦੀ ਹੈ। ਇਸ ਸੰਬੰਧੀ ਉੱਥੇ ਇਕ ਵੱਡਾ ਮੇਲਾ ਵੀ ਲੱਗਦਾ ਹੈ। ਇਸ ਅਸਥਾਨ ਉੱਤੇ ਕਈ ਤਰ੍ਹਾਂ ਦੀਆਂ ਕੀਮਤੀ ਵਸਤਾਂ ਅਤੇ ਚੀਜ਼ਾਂ ਨਾਲ 'ਆਰਤੀ' ਉਤਾਰੀ ਜਾਂਦੀ ਹੈ। ਗੁਰੂ ਸਾਹਿਬ ਨੂੰ ਵੀ ਅਜਿਹੀ ਆਰਤੀ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ, ਪਰ ਅਜਿਹੀ ਆਰਤੀ ਦੇ ਉਲਟ ਗੁਰੂ ਸਾਹਿਬ ਨੇ ਸਮੁੱਚੀ ਕੁਦਰਤ ਦੀ ਹੋ ਰਹੀ ਆਰਤੀ ਦਾ ਉਚਾਰਨ ਕੀਤਾ ਸੀ। ਗੁਰੂ ਸਾਹਿਬ ਨੇ ਕੁਦਰਤ ਦੇ ਵੱਖ-ਵੱਖ ਰੰਗਾਂ ਵਿਚ ਆਪਣੇ ਕਾਦਰ (ਸਿਰਜਣਹਾਰ) ਪ੍ਰਤੀ ਹੋ ਰਹੀ ਆਰਤੀ ਦਾ ਨਵਾਂ ਰੂਪ ਪੇਸ਼ ਕੀਤਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਦੀ ਮਹਾਂ ਰਚਨਾ 'ਆਰਤੀ' ਪੇਸ਼ ਹੁੰਦੀ ਹੈ। ਫਿਰ ਗੁਰੂ ਸਾਹਿਬ ਕਈ ਹੋਰਨਾਂ ਸਥਾਨਾਂ ਰਾਹੀਂ ਮਹਾਂਰਾਸ਼ਟਰ, ਗੁਜਰਾਤ ਤੇ ਦਵਾਰਕਾ ਵੱਲ ਸਫ਼ਰ ਕੀਤਾ। ਇਸ ਸਫ਼ਰ ਦਾ ਸਮਾਂ ਤਕਰੀਬਨ ਅੱਠ ਸਾਲ ਬਣਦਾ ਹੈ। ਗੁਰੂ ਸਾਹਿਬ ਨੇ ੧੫੦੮ ਈ. ਤੋਂ ੧੫੧੫ ਈ. ਤਕ ਭਾਈ ਮਰਦਾਨਾ ਜੀ ਸਮੇਤ ਅਨੇਕ ਧਰਮ-ਅਸਥਾਨਾਂ ਵਿਖੇ ਵੱਖ-ਵੱਖ ਸੰਤਾਂ ਤੇ ਭਗਤਾਂ ਨਾਲ ਸੰਵਾਦ ਰਚਾਇਆ ਸੀ। ਫਿਰ ਗੁਰੂ ਸਾਹਿਬ ਮਥੁਰਾ ਤੋਂ ਦਿੱਲੀ ਰਾਹੀਂ ਸਤੰਬਰ ੧੫੧੫ ਈ. ਨੂੰ ਕੁਰੂਕਸ਼ੇਤਰ ਪਹੁੰਚੇ ਸਨ। ਇਸ ਸਥਾਨ ਸੰਬੰਧੀ 'ਮਹਾਂਭਾਰਤ' ਵਿਚ ਕੌਰਵਾਂ-ਪਾਂਡਵਾਂ ਦੇ ਹੋਏ ਯੁੱਧ ਦਾ ਜ਼ਿਕਰ ਹੈ। ਇੱਥੋਂ ਗੁਰੂ ਸਾਹਿਬ ਹਿੰਦੂਆਂ ਦੇ ਅਹਿਮ ਸਥਾਨ ਪਿਹੋਵਾ (ਪਹੇਵੇ) ਵੀ ਗਏ ਸਨ। ਪਿਹੋਵਾ ਹਿੰਦੂ ਧਰਮ ਦੀਆਂ ਰਹੁ-ਰੀਤਾਂ ਦਾ ਗੜ੍ਹ ਹੈ। ਗੁਰੂ ਸਾਹਿਬ ਨੇ ਇੱਥੇ ਵੀ ਲੋਕਾਂ ਨੂੰ ਵਹਿਮਾਂ-ਭਰਮਾਂ ਦੀ ਥਾਂ ਪਰਮਾਤਮਾ ਦੇ ਸਿਮਰਨ ਅਤੇ ਲੋੜਵੰਦਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਫਿਰ ਸਰਸਾ ਤੋਂ ਹੁੰਦੇ ਹੋਏ ਨੂੰ ਸੁਲਤਾਨਪੁਰ ਵਾਪਸ ਆਏ। ਗੁਰੂ ਸਾਹਿਬ ਦੇ ਗਿਆਨ ਰੂਪੀ ਸੂਰਜ ਨਾਲ ਵਹਿਮਾਂ-ਭਰਮਾਂ ਦੀ ਧੁੰਦ ਸਾਫ਼ ਹੋਈ ਸੀ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

*ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।* *(ਵਾਰ ੧:੨੭)*

ਪਹਿਲੀ ਉਦਾਸੀ ਤੋਂ ਬਾਅਦ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਸੁਲਤਾਨਪੁਰ

ਲੋਧੀ ਵਿਖੇ ਭੈਣ ਬੇਬੇ ਨਾਨਕੀ ਜੀ ਪਾਸ ਆਉਂਦੇ ਹਨ। ਇਸ ਤੋਂ ਬਾਅਦ ਉਹ ਤਲਵੰਡੀ ਵਿਖੇ ਮਾਤਾ-ਪਿਤਾ ਪਾਸ ਪਹੁੰਚਦੇ ਹਨ। ਇਹ ਘਰ-ਪਰਵਾਰ ਲਈ ਅਤਿਅੰਤ ਖ਼ੁਸ਼ੀ ਦਾ ਮੌਕਾ ਸੀ, ਕਿਉਂਕਿ ਗੁਰੂ ਸਾਹਿਬ ਲੰਮੇ ਵਕਫ਼ੇ ਤੋਂ ਬਾਅਦ ਵਾਪਸ ਘਰ ਆਏ ਸਨ। ਇਹ ਪਰਵਾਰ ਵਿਛੋੜੇ ਤੋਂ ਬਾਅਦ ਮਿਲਾਪ ਦਾ ਪ੍ਰਸੰਨਤਾ ਰੂਪੀ ਸਮਾਂ ਸੀ। ਭਾਈ ਮਰਦਾਨਾ ਜੀ ਦੇ ਘਰ-ਪਰਵਾਰ ਵਿਚ ਵੀ ਅਜਿਹੀ ਹੀ ਹਾਲਤ ਸੀ, ਪਰ ਗੁਰੂ ਸਾਹਿਬ ਦੀ ਆਪਣੀ ਸੁਪਤਨੀ ਤੇ ਬੱਚੇ ਆਪਣੇ ਨਾਨਕਿਆਂ ਕੋਲ ਪੱਖੋਕੇ ਰੰਧਾਵੇ (ਨਜ਼ਦੀਕ ਬਟਾਲਾ) ਰਹਿੰਦੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਤਲਵੰਡੀ ਤੋਂ ਪੱਖੋਕੇ ਰੰਧਾਵੇ ਪਹੁੰਚਦੇ ਹਨ। ਪਰਵਾਰ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਮਿਲਣੀ ਵੇਲੇ ਖ਼ੁਸ਼ੀ ਵਾਲਾ ਭਾਵੁਕ ਮਾਹੌਲ ਸੀ। ਪਿੰਡ ਦੇ ਬਾਹਰ ਖੂਹ ਦੇ ਨਜ਼ਦੀਕ ਸ੍ਰੀ ਗੁਰੂ ਨਾਨਕ ਸਾਹਿਬ ਨੇ ਕੀਰਤਨ ਸ਼ੁਰੂ ਕਰ ਦਿੱਤਾ ਸੀ। ਪਿੰਡ ਦਾ ਚੌਧਰੀ ਅਜਿੱਤਾ ਰੰਧਾਵਾ ਵੀ ਸ੍ਰੀ ਗੁਰੂ ਨਾਨਕ ਸਾਹਿਬ ਦਾ ਵਿਸ਼ੇਸ਼ ਮੁਰੀਦ ਬਣ ਗਿਆ। ਇਹ ਰੰਧਾਵਾ ਗੋਤ ਦਾ ਜੱਟ ਸੀ। ਇਹ ਇਲਾਕਾ ਨਾ ਪੂਰੀ ਤਰ੍ਹਾਂ ਮੁਸਲਮਾਨ ਵੱਸੋਂ ਵਾਲਾ ਸੀ, ਨਾ ਹੀ ਹਿੰਦੂ ਵੱਸੋਂ ਵਾਲਾ। ਇੱਥੇ ਰਾਵੀ ਦੇ ਆਸ-ਪਾਸ ਪਿੰਡਾਂ ਵਿਚ ਹਿੰਦੂ ਅਤੇ ਮੁਸਲਮਾਨ ਜੱਟਾਂ ਦੀ ਸਾਂਝੀ ਅਬਾਦੀ ਸੀ। ਇਹ ਇਲਾਕਾ ਸਿਆਲਕੋਟ ਤੋਂ ਪਰ੍ਹੇ ਚਨਾਬ ਦਰਿਆ ਅਤੇ ਰਾਵੀ ਦਰਿਆ ਦੇ ਲਾਗੇ ਮਾਝੇ ਦੇ ਵਿਚਕਾਰ ਪ੍ਰਚਾਰ ਦਾ ਉੱਤਮ ਕੇਂਦਰ ਬਣ ਸਕਦਾ ਸੀ। ਇਸ ਕਰਕੇ ਗੁਰੂ ਸਾਹਿਬ ਨੇ ਇੱਥੇ ਹੀ ਆਪਣੇ ਸਤਿਸੰਗ ਦਾ ਅਸਥਾਨ ਬਣਾਉਣ ਦਾ ਨਿਰਣਾ ਲਿਆ ਸੀ। ਆਪਣੀ ਪਹਿਲੀ ਉਦਾਸੀ ਵੇਲੇ ਗੁਰੂ ਸਾਹਿਬ ਨੇ ਵੱਖ-ਵੱਖ ਧਾਰਮਿਕ ਅਸਥਾਨਾਂ ਦੀ ਪ੍ਰਚਾਰ ਯਾਤਰਾ ਕੀਤੀ ਸੀ। ਗੁਰੂ ਸਾਹਿਬ ਨੇ ਸਮਝ ਲਿਆ ਸੀ ਕਿ ਕਿਸੇ ਵੀ ਪ੍ਰਚਾਰ ਲਈ ਨਿਸ਼ਚਿਤ ਅਸਥਾਨ ਜਾਂ ਕੇਂਦਰ ਦਾ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਸਾਹਿਬ ਨੇ ਇੱਥੇ ਧਾਰਮਿਕ ਅਸਥਾਨ ਬਣਾਉਣ ਸੰਬੰਧੀ ਆਪਣੇ ਨਜ਼ਦੀਕੀਆਂ ਨਾਲ ਵਿਚਾਰ ਸਾਂਝਾ ਕੀਤਾ ਸੀ। ਚੌਧਰੀ ਅਜਿੱਤੇ ਰੰਧਾਵੇ ਅਤੇ ਪਿੰਡ ਦੇ ਹੋਰ ਵਸਨੀਕਾਂ ਨੇ ਵੀ ਖ਼ੁਸ਼ੀ-ਖ਼ੁਸ਼ੀ ਅਜਿਹਾ ਸਥਾਨ ਬਣਾਉਣ ਲਈ ਆਪਣੀ ਜ਼ਮੀਨ ਦੇਣ ਸੰਬੰਧੀ ਰਜ਼ਾਮੰਦੀ ਦਿੱਤੀ ਸੀ। ਇਸ ਕਰਤਾਰਪੁਰ ਨਾਮ ਦੇ ਪਿੰਡ (ਮੌਜੂਦਾ ਗੁ: ਸ੍ਰੀ ਕਰਤਾਰਪੁਰ ਸਾਹਿਬ, ਪਾਕਿਸਤਾਨ) ਦੀ ਮੋੜ੍ਹੀ ਗੁਰੂ ਸਾਹਿਬ ਨੇ ਆਪ ਗੱਡੀ ਸੀ। ਸ੍ਰੀ ਕਰਤਾਰਪੁਰ ਸਾਹਿਬ ਦਾ ਨਾਮ ਹੀ ਆਪਣੇ-ਆਪ ਵਿਚ ਹੀ ਬਹੁਤ ਧਾਰਮਿਕ ਖ਼ਿਆਲ ਵਾਲਾ ਹੈ। ਇਹ ਕਰਤਾ ਅਰਥਾਤ ਕਰਤਾ-ਪੁਰਖ ਭਾਵ ਕੁਦਰਤ ਦੇ ਕਾਦਰ ਦੇ ਸਥਾਨ ਵਜੋਂ ਹੈ। ਇੱਥੇ ਕੋਠੇ-ਰੂਪੀ ਧਰਮਸ਼ਾਲ ਬਣਾਈ ਗਈ ਸੀ।

ਕੁਝ ਮਹੀਨੇ ਬਾਅਦ ਗੁਰੂ ਨਾਨਕ ਸਾਹਿਬ ਨੇ ਫਿਰ ਹੋਰ ਦਿਸ਼ਾ ਦੇ ਧਾਰਮਿਕ ਅਸਥਾਨਾਂ ਵੱਲ ਜਾਣ ਦਾ ਮਨ ਬਣਾ ਲਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਸਮੇਤ ਹਿੰਦੂਆਂ ਦੇ ਪ੍ਰਸਿੱਧ ਤੀਰਥਾਂ ਵੱਲ ਜਾਣ ਦਾ ਸਫ਼ਰ ਸ਼ੁਰੂ ਕੀਤਾ। ਇਹ ਇਲਾਕਾ ਤਕਰੀਬਨ ਸਿਆਲਕੋਟ ਤੋਂ ਜੰਮੂ-ਕਸ਼ਮੀਰ ਤੇ ਉਤਰਾਖੰਡ ਦੇ ਆਸ-ਪਾਸ ਦਾ ਹੈ। ਇਹ ਉਦਾਸੀ ਮੁਕੰਮਲ ਰੂਪ ਵਿਚ ਪਹਾੜੀ ਖ਼ੇਤਰ ਨਾਲ ਸੰਬੰਧਿਤ ਸੀ। ਗੁਰੂ ਨਾਨਕ ਸਾਹਿਬ ਨੇ ਵੈਸ਼ਨੋ ਦੇਵੀ,

ਅਮਰਨਾਥ ਮੰਦਰ ਅਤੇ ਸੁਮੇਰ ਪਰਬਤ ਉੱਤੇ ਵਸਦੇ ਸਿੱਧਾਂ (ਜੋਗੀਆਂ) ਆਦਿ ਨਾਲ ਆਪਣਾ ਸੰਵਾਦ ਰਚਾਇਆ ਸੀ। ਇਸ ਪਹਾੜੀ ਇਲਾਕੇ ਵਿਚ ਗੁਰੂ ਸਾਹਿਬ ਨੇ ਬੁੱਤ ਪੂਜਾ, ਮੂਰਤੀ ਪੂਜਾ ਅਤੇ ਹੋਰ ਰਿੱਧੀਆਂ-ਸਿੱਧੀਆਂ ਵਿਚ ਫਸੇ ਲੋਕਾਂ ਨੂੰ ਪਰਮੇਸ਼ਵਰ ਦੀ ਭਗਤੀ ਦਾ ਨਵਾਂ ਰਾਹ ਵਿਖਾਇਆ ਸੀ। ਉਨ੍ਹਾਂ ਨੇ ਬੰਦੇ ਅੰਦਰਲੀ ਚਾਨਣ ਰੂਪੀ ਸੋਝੀ ਨੂੰ ਹੀ ਪ੍ਰਭੂ-ਪਹਿਚਾਣ ਦਾ ਅਸਲ ਆਧਾਰ ਮੰਨਿਆ ਸੀ:

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੧)*

ਉਨ੍ਹਾਂ ਨੇ ਬਾਹਰ ਦੇ ਕਿਸੇ ਭੇਖ ਨਾਲੋਂ ਆਪਣੇ ਅੰਦਰਲੇ ਦੀ ਸੁਰਤੀ ਨੂੰ ਹੀ ਪ੍ਰਭੂ ਭਗਤੀ ਦਾ ਅਸਲ ਮਾਰਗ ਦੱਸਿਆ ਸੀ। ਇੱਥੇ ਬ੍ਰਹਮ ਦਾਸ ਤੇ ਚਤੁਰ ਦਾਸ ਵਰਗੇ ਪੰਡਿਤ ਵੀ ਗੁਰੂ ਨਾਨਕ ਸਾਹਿਬ ਦੇ ਮੁਰੀਦ ਬਣ ਗਏ ਸਨ। ਇਸ ਫੇਰੀ ਉਪਰੰਤ ਫਿਰ ਗੁਰੂ ਸਾਹਿਬ ਵਾਪਸ ਆਪਣੇ ਨਿਵਾਸ ਸ੍ਰੀ ਕਰਤਾਰਪੁਰ ਆ ਗਏ ਸਨ।

ਗੁਰੂ ਨਾਨਕ ਸਾਹਿਬ ਕੁਝ ਸਮਾਂ ਸ੍ਰੀ ਕਰਤਾਰਪੁਰ ਵਿਖੇ ਰੁਕਣ ਤੋਂ ਬਾਅਦ ਫਿਰ ਆਪਣੇ ਸਫ਼ਰ ਲਈ ਨਿਕਲ ਪਏ ਸਨ। ਇਸ ਨੂੰ ਪੱਛਮ ਵੱਲ ਦੀ ਯਾਤਰਾ (ਉਦਾਸੀ) ਵੀ ਕਿਹਾ ਜਾਂਦਾ ਹੈ। ਪਹਿਲਾਂ ਯਾਤਰਾਵਾਂ ਦੌਰਾਨ ਗੁਰੂ ਨਾਨਕ ਸਾਹਿਬ ਹਿੰਦੂਆਂ ਅਤੇ ਜੋਗੀਆਂ (ਸਿੱਧਾਂ) ਦੇ ਅਹਿਮ ਸਥਾਨਾਂ ਉੱਤੇ ਗਏ ਸਨ। ਇਸ ਦੌਰਾਨ ਗੁਰੂ ਨਾਨਕ ਸਾਹਿਬ ਨੇ ਹੋਰਨਾਂ ਭਗਤ ਸਾਹਿਬਾਨ ਦੀ ਬਾਣੀ ਵੀ ਇਕੱਤਰ ਕੀਤੀ ਸੀ। ਉਸ ਸਮੇਂ ਇਸਲਾਮ ਹਾਕਮ ਧਿਰ ਦਾ ਧਰਮ ਸੀ। ਬਹੁਤ ਸਾਰੀ ਭਾਰਤੀ ਜਨਤਾ ਨੂੰ ਜ਼ਬਰੀ ਇਸਲਾਮ ਵਿਚ ਸ਼ਾਮਲ ਕੀਤਾ ਜਾ ਰਿਹਾ ਸੀ। ਸਮੇਂ ਦੀ ਗਰਦ ਅਤੇ ਸੱਤਾ ਦੀ ਹਉਮੈਂ ਤਹਿਤ ਇਸਲਾਮ ਵਿਚ ਵੀ ਕਈ ਵਾਧੂ ਦੇ ਅੰਧ-ਵਿਸ਼ਵਾਸ ਅਤੇ ਕਰਮ-ਕਾਂਡ ਆ ਗਏ ਸਨ। ਇਸ ਕਰਕੇ ਗੁਰੂ ਸਾਹਿਬ ਨੇ ਇਸਲਾਮ ਅਰਥਾਤ ਮੁਸਲਮਾਨਾਂ ਨਾਲ ਜੁੜੇ ਧਰਮ-ਸਥਾਨਾਂ ਵੱਲ ਜਾਣ ਦਾ ਸਫ਼ਰ ਅਰੰਭ ਕੀਤਾ। ਇਹ ਵੀ ਜ਼ਿਕਰਯੋਗ ਹੈ ਕਿ ਗੁਰੂ ਨਾਨਕ ਸਾਹਿਬ ਦੀ ਹਰ ਪ੍ਰਚਾਰ ਯਾਤਰਾ (ਉਦਾਸੀ) ਨਵੀਂ ਦਿਸ਼ਾ ਵੱਲ ਸੀ। ਇਹ ਹੋਰ ਵੱਖਰੇ ਧਰਮ ਅਸਥਾਨਾਂ ਵੱਲ ਸੀ। ਗੁਰੂ ਨਾਨਕ ਸਾਹਿਬ ਜੀ ਨੇ ਉਸ ਵੇਲੇ ਦੇ ਪ੍ਰਚਲਿਤ ਸਭ ਸਥਾਪਿਤ ਧਰਮ ਅਸਥਾਨਾਂ ਦਾ ਨਿਰੰਤਰ ਤੇ ਇਕ ਤਰਤੀਬ ਵਿਚ ਸਫ਼ਰ ਕੀਤਾ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਕਸੂਰ ਤੋਂ ਹੁੰਦੇ ਹੋਏ ਪਹਿਲਾਂ ਪਾਕਪਟਨ ਪਹੁੰਚੇ ਸਨ। ਇਹ ਸੂਫ਼ੀ ਫ਼ਕੀਰ ਬਾਬਾ ਫਰੀਦ ਜੀ (ਭਗਤ ਸ਼ੇਖ ਫਰੀਦ ਜੀ) ਦਾ ਅਸਥਾਨ ਹੈ। ਭਗਤ ਸ਼ੇਖ ਫਰੀਦ ਜੀ ਦੀ ਗੱਦੀ ਦੇ ਗਿਆਰ੍ਹਵੇਂ ਵਾਰਸ ਸ਼ੇਖ ਬ੍ਰਹਮ ਨਾਲ ਗੁਰੂ ਨਾਨਕ ਸਾਹਿਬ ਨੇ ਮੁਲਾਕਾਤ ਕੀਤੀ ਸੀ। ਇਨ੍ਹਾਂ ਪਾਸੋਂ ਹੀ ਗੁਰੂ ਸਾਹਿਬ ਨੇ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਹਾਸਲ ਕੀਤੀ ਸੀ। ਇੱਥੋਂ ਗੁਰੂ ਨਾਨਕ ਸਾਹਿਬ ਹੱਜ ਕਰਨ ਵਾਲੇ ਹਾਜੀ ਲੋਕਾਂ ਨਾਲ ਕਾਅਬੇ ਵੱਲ ਗਏ ਸਨ। ਅਰਬ ਦੇਸ਼ ਵਿਖੇ ਮੱਕੇ ਵਿਚ ਕਾਅਬਾ ਮੁਸਲਮਾਨਾਂ ਦਾ ਵੱਡਾ ਧਾਰਮਿਕ ਅਸਥਾਨ ਹੈ। ਇੱਥੇ ਹੱਜ ਸੰਬੰਧੀ ਨਿਸ਼ਚਿਤ ਵਿਧੀ-ਵਿਧਾਨ ਹੈ। ਇਸ ਰੀਤੀ ਅਨੁਸਾਰ ਹੱਜ ਕਰਨ ਵਾਲੇ ਨੂੰ ਹੀ 'ਹਾਜੀ' ਕਿਹਾ ਜਾਂਦਾ ਹੈ। ਮੱਕੇ ਦੇ ਨਜ਼ਦੀਕ ਮਦੀਨਾ ਮੁਸਲਮਾਨਾਂ ਦਾ ਇੱਕ ਹੋਰ ਅਹਿਮ ਅਸਥਾਨ ਹੈ। ਮੁਸਲਮਾਨਾਂ ਵਿਚ ਮੱਕੇ ਵਿਖੇ ਕਾਅਬੇ (ਕਾਬੇ) ਵੱਲ ਮੂੰਹ ਕਰ ਕੇ ਨਮਾਜ਼ ਪੜ੍ਹਨ ਦਾ

ਰਿਵਾਜ਼ ਹੈ। ਅਜਿਹਾ ਨਾ ਕਰਨ ਵਾਲੇ ਨੂੰ ਇਸਲਾਮ ਵਿਚ 'ਕਾਫ਼ਰ' ਕਹਿੰਦੇ ਹਨ। ਕਾਫ਼ਰ ਲੋਕਾਂ ਨੂੰ ਅਕਸਰ ਹੀ ਮੁਸਲਮਾਨ ਸਜ਼ਾ ਵੀ ਦਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਵੀ ਭਾਈ ਮਰਦਾਨਾ ਜੀ ਸਮੇਤ ਅਜਿਹੇ ਸਥਾਨ ਉੱਤੇ ਪਹੁੰਚੇ ਸਨ। ਗੁਰੂ ਨਾਨਕ ਸਾਹਿਬ ਕਾਅਬੇ ਵੱਲ ਪੈਰ ਕਰ ਕੇ ਲੇਟ ਗਏ ਸਨ। ਇਸ ਸੰਬੰਧੀ ਹਾਜੀਆਂ ਵਿਚ ਕਾਫ਼ੀ ਰੌਲਾ ਪਿਆ ਸੀ। ਹਾਜ਼ੀਆਂ ਨੇ ਗੁਰੂ ਸਾਹਿਬ ਵੱਲੋਂ ਅਜਿਹਾ ਕਰਨ ਉੱਤੇ ਵੱਡਾ ਇਤਰਾਜ਼ ਜਤਾਇਆ ਸੀ। ਗੁਰੂ ਨਾਨਕ ਸਾਹਿਬ ਨੇ ਠਰ੍ਹੰਮੇ ਤੇ ਹੌਂਸਲੇ ਤਹਿਤ ਇਹ ਕਿਹਾ ਕਿ, "ਮੇਰੇ ਪੈਰ ਉਸ ਪਾਸੇ ਕਰ ਦਿਓ ਜਿਧਰ ਖ਼ੁਦਾ ਨਹੀਂ ਹੈ।" ਇਸ ਸੰਬੰਧੀ ਹਾਜ਼ੀਆਂ ਕੋਲ ਕੋਈ ਜਵਾਬ ਨਹੀਂ ਸੀ, ਕਿਉਂਕਿ ਇਸਲਾਮ ਵਿਚ ਸ੍ਰਿਸ਼ਟੀ ਦੇ ਕਣ-ਕਣ ਵਿਚ ਅੱਲ੍ਹਾ ਦੇ ਵੱਸੇ ਹੋਣ ਦਾ ਵਿਸ਼ਵਾਸ ਹੈ। ਇਸ ਤਰ੍ਹਾਂ ਹਾਜੀ ਨਿਰਉੱਤਰ ਹੋ ਗਏ ਸਨ। ਇਸ ਨੂੰ ਸਿੱਖ ਜਗਤ ਵਿਚ 'ਬਾਬੇ ਨੇ ਮੱਕਾ ਫੇਰਿਆ' ਵਜੋਂ ਮਾਨਤਾ ਹੈ। ਫਿਰ ਗੁਰੂ ਸਾਹਿਬ ਭਾਈ ਮਰਦਾਨਾ ਜੀ ਸਮੇਤ ਮਦੀਨਾ ਵੱਲ ਚੱਲ ਪਏ। ਇੱਥੋਂ ਗੁਰੂ ਸਾਹਿਬ ਬਸਰੇ ਦੇ ਰਸਤੇ ਰਾਹੀਂ ਬਗ਼ਦਾਦ ਵੱਲ ਗਏ। ਇਹ ਇਰਾਕ ਵਿਚ ਸਥਿਤ ਹੈ। ਇੱਥੇ ਹੀ ਕਰਬਲਾ ਨਾਂ ਦਾ ਸਥਾਨ ਹੈ। ਇਹ ਮੁਸਲਮਾਨਾਂ ਦੇ ਚੌਥੇ ਖਲੀਫ਼ੇ ਹਜ਼ਰਤ ਅਲੀ ਦੇ ਪੁੱਤਰ ਇਮਾਮ ਹੁਸੈਨ ਦਾ ਸ਼ਹੀਦੀ ਸਥਾਨ ਹੈ। ਬਗ਼ਦਾਦ ਵਿਚ ਮੁਸਲਮਾਨ ਰਾਗ (ਸੁਰ-ਤਾਲ) ਨੂੰ ਹਰਾਮ ਸਮਝਦੇ ਹਨ, ਪਰ ਗੁਰੂ ਸਾਹਿਬ ਹਰ ਥਾਂ ਆਪਣਾ ਪ੍ਰਵਚਨ ਕੀਰਤਨ ਰੂਪ ਵਿਚ ਭਾਈ ਮਰਦਾਨਾ ਜੀ ਦੀ ਰਬਾਬ ਦੇ ਸੁਰ-ਤਾਲ ਉੱਤੇ ਉਚਾਰਦੇ ਸਨ। ਗੁਰੂ ਨਾਨਕ ਸਾਹਿਬ ਦੀ ਸੁਰੀਲੀ ਅਵਾਜ਼ ਦੀ ਆਪਣੀ ਹੀ ਮਿਠਾਸ ਸੀ, ਅਤੇ ਭਾਈ ਮਰਦਾਨਾ ਜੀ ਦੀ ਰਬਾਬ ਸੀ। ਸ਼ਬਦ, ਅਵਾਜ਼ ਤੇ ਸਾਜ਼ ਦਾ ਬੇਜੋੜ ਸੁਨੇਹਾ ਹਰੇਕ ਨੂੰ ਮੰਤਰ-ਮੁਗਧ ਕਰ ਦਿੰਦਾ ਸੀ। ਗੁਰੂ ਨਾਨਕ ਸਾਹਿਬ ਦੇ ਸੁਰ-ਤਾਲ ਤਹਿਤ ਸ਼ਬਦੀ ਬੋਲ ਹੀ ਕਰਾਮਾਤ ਵਾਂਗ ਪ੍ਰਭਾਵ ਪਾਉਂਦੇ ਸਨ। ਉਹ ਆਪ ਹੀ ਸ਼ਬਦ ਉਚਾਰਦੇ ਵੀ ਰਹੇ ਸਨ, ਨਾਲ ਹੋਰਨਾਂ ਭਗਤਾਂ ਦੇ ਸ਼ਬਦ ਵੀ ਸੰਭਾਲਦੇ ਰਹੇ ਸਨ। ਗੁਰੂ ਸਾਹਿਬ ਨੇ *ਸਬਦੁ ਗੁਰੂ ਸੁਰਤਿ ਧੁਨਿ ਚੇਲਾ* ਰਾਹੀਂ ਅਜਿਹੇ ਮਹਾਤਮ ਨੂੰ ਦ੍ਰਿੜ੍ਹ ਕੀਤਾ ਸੀ। ਇਸ ਦੇ ਸਿੱਟੇ ਵਜੋਂ ਸ਼ਬਦ-ਰੂਪੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਸਾਡੀ ਗੁਰੂ ਵਿਰਾਸਤ ਦਾ ਵਾਰਸ ਹੈ। ਗੁਰੂ ਸਾਹਿਬ ਦੀ ਇਲਾਹੀ ਬਾਣੀ ਨੂੰ ਰਾਗ ਵਿਚ ਸੁਣ ਕੇ ਮੁਸਲਮਾਨਾਂ ਉੱਤੇ ਬਹੁਤ ਅਸਰ ਪਿਆ ਸੀ। ਮੁਸਲਮਾਨ ਸਥਾਨਾਂ ਉੱਤੇ ਗੁਰੂ ਨਾਨਕ ਸਾਹਿਬ ਦਾ ਅਹਿਮ ਕਾਰਜ ਰਾਗ ਦੀ ਮਹੱਤਤਾ ਦਾ ਲੋਹਾ ਮਨਵਾਉਣਾ ਸੀ, ਨਾਲ ਹੀ ਗੁਰੂ ਸਾਹਿਬ ਨੇ ਦੱਸਿਆ ਕਿ ਖ਼ੁਦਾ ਦੀ ਰਚੀ ਹੋਈ ਕੁਦਰਤ ਬੇਅੰਤ ਹੈ। ਇਸ ਦਾ ਪੂਰਾ ਭੇਦ ਪਾ ਸਕਣਾ ਮੁਸ਼ਕਲ ਹੀ ਨਹੀਂ ਅਸੰਭਵ ਹੈ। ਬਗ਼ਦਾਦ ਤੋਂ ਗੁਰੂ ਨਾਨਕ ਸਾਹਿਬ ਅਫ਼ਗਾਨਿਸਤਾਨ ਵੱਲ ਨੂੰ ਗਏ ਸਨ। ਅਫ਼ਗਾਨਿਸਤਾਨ ਵਿਚ ਗੁਰੂ ਨਾਨਕ ਸਾਹਿਬ ਕਾਬਲ ਤੋਂ ਹੁੰਦੇ ਹੋਏ ਜਲਾਲਾਬਾਦ ਕੁਝ ਸਮਾਂ ਰੁਕੇ ਸਨ। ਜਲਾਲਾਬਾਦ ਤੋਂ ਦੱਰਾ ਖੈਬਰ ਰਾਹੀਂ ਹਸਨ ਅਬਦਾਲ ਵਿਖੇ ਆਏ ਸਨ। ਇੱਥੇ ਗੁਰੂ ਸਾਹਿਬ ਦਾ ਵਲੀ ਕੰਧਾਰੀ ਨਾਲ ਮਿਲਾਪ ਹੋਇਆ ਸੀ। ਇਸ ਨੂੰ ਲੋਕ 'ਹਸਨ ਅਬਦਾਲ ਵਾਲਾ ਬਾਬਾ' ਵੀ ਕਹਿੰਦੇ ਸਨ। ਇਸ ਦੀ ਆਪਣੇ ਇਲਾਕੇ ਵਿਚ ਬਹੁਤ ਮਾਨਤਾ ਸੀ। ਇਸ ਨੂੰ ਆਪਣੀਆਂ ਰਿੱਧੀਆਂ-ਸਿੱਧੀਆਂ ਦਾ ਬਹੁਤ ਹੰਕਾਰ ਸੀ। ਇਸ ਨੇ ਗੁਰੂ ਨਾਨਕ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਨੇ ਪੱਥਰ ਗੁਰੂ

ਨਾਨਕ ਸਾਹਿਬ ਵੱਲ ਪਹਾੜੀ ਤੋਂ ਹੇਠਾਂ ਰੇੜ੍ਹਿਆ ਸੀ, ਪਰ ਇਹ ਆਪਣੇ ਯਤਨ ਵਿਚ ਅਸਫ਼ਲ ਹੋ ਗਿਆ ਸੀ। ਇਸ ਵਲੀ ਕੰਧਾਰੀ ਨੇ ਪਿਆਸੇ ਭਾਈ ਮਰਦਾਨਾ ਜੀ ਨੂੰ ਆਪਣੀ ਮਾਲਕੀ ਵਾਲੇ ਚਸ਼ਮੇ ਵਿੱਚੋਂ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਗੁਰੂ ਨਾਨਕ ਸਾਹਿਬ ਦੀ ਆਪਣੀ ਸੂਝ ਤੇ ਸਮਰੱਥਾ ਦਾ ਤੇਜ਼-ਤਪ ਸੀ। ਇਨ੍ਹਾਂ ਦੇ ਸੰਦੇਸ਼ ਮੁਤਾਬਿਕ ਭਾਈ ਮਰਦਾਨਾ ਜੀ ਨੇ ਪਹਾੜੀ ਏਰੀਏ ਦੀ ਖ਼ਾਸ ਜਗ੍ਹਾਂ ਤੋਂ ਇੱਕ ਪੱਥਰ ਪਾਸੇ ਕੀਤਾ ਤਾਂ ਹੇਠੋਂ ਪਾਣੀ ਦਾ ਚਸ਼ਮਾ ਨਿਕਲ ਆਇਆ ਸੀ। ਇਸ ਤੋਂ ਵਲੀ ਕੰਧਾਰੀ ਚਕਾਚੌਂਧ ਹੋ ਗਿਆ ਸੀ। ਉਹ ਗੁਰੂ ਨਾਨਕ ਸਾਹਿਬ ਦੀ ਉੱਚੀ ਸਮਰੱਥਾ ਤੇ ਪ੍ਰਭੁੱਤਾ ਦਾ ਮੁਰੀਦ ਬਣ ਗਿਆ ਸੀ। ਫਿਰ ਗੁਰੂ ਨਾਨਕ ਸਾਹਿਬ ਹਸਨ ਅਬਦਾਲ ਤੋਂ ਸੈਦਪੁਰ (ਐਮਨਾਬਾਦ) ਵੱਲ ਆ ਗਏ ਸਨ। ਇਨ੍ਹਾਂ ਦਿਨਾਂ ਵਿਚ ਹੀ ਬਾਬਰ ਕਾਬਲ ਵੱਲੋਂ ਪੰਜਾਬ ਵੱਲ ਲੁੱਟਣ ਲਈ ਆਇਆ ਸੀ। ਬਾਬਰ ਨੇ ਸੈਦਪੁਰ ਨੂੰ ਖ਼ੂਬ ਲੁੱਟਿਆ ਸੀ। ਮੁਗ਼ਲ ਫ਼ੌਜ ਦੇ ਰਾਸ਼ਨ ਵਗੈਰਾ ਤਿਆਰ ਕਰਨ ਲਈ ਆਟਾ ਪੀਹਣ ਵਾਲਿਆਂ ਦੀ ਲੋੜ ਸੀ। ਇਸ ਲਈ ਰਾਖਵੇਂ ਮਜ਼ਦੂਰਾਂ ਵਜੋਂ ਕਈਆਂ ਨੂੰ ਕੈਦੀ ਬਣਾ ਲਿਆ ਗਿਆ। ਗੁਰੂ ਨਾਨਕ ਸਾਹਿਬ ਨਾਲ ਵੀ ਅਜਿਹਾ ਹੀ ਹੋਇਆ, ਪਰ ਗੁਰੂ ਨਾਨਕ ਸਾਹਿਬ ਅਜਿਹੇ ਵਾਕਿਆਂ ਨੂੰ ਇਕ ਭਾਣੇ ਵਜੋਂ ਹੀ ਲੈਂਦੇ ਹਨ:

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫)*

ਉਨ੍ਹਾਂ ਨੇ ਬਿਨਾਂ ਕਿਸੇ ਰੋਸ ਜਾਂ ਵਿਰੋਧ ਦੇ ਆਪਣੇ ਹਿੱਸੇ ਦਾ ਆਟਾ ਪੀਹਣ ਲਈ ਚੱਕੀ ਚਲਾਈ ਸੀ। ਹੋਰ ਭਾਰਤੀ ਰੋਂਦੇ-ਕੁਰਲਾਉਂਦੇ ਅਜਿਹਾ ਕੰਮ ਕਰ ਰਹੇ ਹਨ। ਪਰ ਗੁਰੂ ਨਾਨਕ ਸਾਹਿਬ ਇਸ ਨੂੰ ਕੁਦਰਤ ਦੇ ਕਾਦਰ ਦੀ ਰਜ਼ਾ ਹੀ ਸਮਝਦੇ ਸਨ। ਗੁਰੂ ਨਾਨਕ ਸਾਹਿਬ ਦੇ ਅਜਿਹੇ ਵਿਹਾਰ ਤੋਂ ਬਾਬਰ ਬਹੁਤ ਪ੍ਰਭਾਵਿਤ ਹੋਇਆ ਸੀ। ਇਸ ਹਮਲੇ ਸਮੇਂ ਗੁਰੂ ਸਾਹਿਬ ਨੇ— *ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ* ਅਤੇ *ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ* ਵਰਗੇ ਸ਼ਬਦ ਉਚਾਰਨ ਕੀਤੇ, ਨਾਲ ਹੀ ਗੁਰੂ ਨਾਨਕ ਸਾਹਿਬ ਨੇ ਬਾਬਰ ਦੀ ਫੌਜ ਦੇ ਹਮਲੇ ਨੂੰ ਪਾਪ ਕੀ ਜੰਞ ਵਜੋਂ ਪੇਸ਼ ਕੀਤਾ ਸੀ। ਬਾਬਰ ਨੂੰ ਜਮ (ਜ਼ਾਲਮ) ਰੂਪ ਵਿਚ ਪੇਸ਼ ਕੀਤਾ ਹੈ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਦੇ ਵੱਡੇ ਰਾਜਿਆਂ ਵਿਰੁੱਧ ਵੀ ਬੇਖ਼ੌਫ਼ ਹੋ ਕੇ ਆਪਣੀ ਅਵਾਜ਼ ਬੁਲੰਦ ਕੀਤੀ ਸੀ। ਉਨ੍ਹਾਂ ਨੇ ਸਿੱਖੀ ਨੂੰ ਕੁਰਬਾਨੀ ਵਾਲੇ ਰਾਹ ਵਜੋਂ ਪੇਸ਼ ਕੀਤਾ ਹੈ। ਸਿੱਖੀ ਆਪਣੇ ਸਮੇਂ ਤਲੀ ਉੱਤੇ ਸਿਰ ਰੱਖ ਕੇ ਤੁਰਨ ਵਾਂਗ ਇਕ ਔਖਾ ਰਾਹ ਸੀ:

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਇਤਿਹਾਸ ਗਵਾਹ ਹੈ ਕਿ ਬਾਅਦ ਵਿਚ ਹਕੂਮਤਾਂ ਦੇ ਜ਼ਬਰ-ਜ਼ੁਲਮ ਵਿਰੁੱਧ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਯੋਧਿਆਂ ਨੂੰ ਵੱਡੀਆਂ-ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ ਸਨ। ਗੁਰੂ ਨਾਨਕ ਨਾਮ-ਲੇਵਾ ਸਿੱਖ ਸਮੇਂ ਦੀ ਲੋੜ ਅਨੁਸਾਰ ਰਣ-ਮੈਦਾਨ ਵਿਚ ਤਲਵਾਰ ਨਾਲ ਜੂਝਣ ਲੱਗੇ ਸਨ। ਰਬਾਬੀ ਸਾਜ਼ ਦੇ ਨਾਲ-ਨਾਲ ਤਲਵਾਰ ਦੀ ਟੁਣਕਾਰ ਵੀ ਖੜਕਣ ਲੱਗ ਪਈ ਸੀ। ਇਸ ਸੁਮੇਲ ਦੇ ਸਿੱਟੇ ਵਜੋਂ ਹੀ ਸਿੱਖ

ਪਹਿਚਾਣ ਰਾਜ-ਦਰਬਾਰ ਤਕ ਪਹੁੰਚਦੀ ਸੀ।

ਗੁਰੂ ਨਾਨਕ ਸਾਹਿਬ ੧੫੨੧ ਈ. ਵਿਚ ਆਪਣੇ ਵਸਾਏ ਹੋਏ ਨਗਰ ਸ੍ਰੀ ਕਰਤਾਰਪੁਰ ਵਿਖੇ ਆ ਗਏ ਸਨ। ਕੁਝ ਵਿਦਵਾਨ ਇਨ੍ਹਾਂ ਯਾਤਰਾਵਾਂ (ਉਦਾਸੀਆਂ) ਨੂੰ ਚਾਰ ਦਿਸ਼ਾਵਾਂ ਦੇ ਰੂਪ ਵਿਚ ਮੰਨਦੇ ਹਨ। ਗੁਰੂ ਨਾਨਕ ਸਾਹਿਬ ਆਪਣੇ ਸ੍ਰੀ ਕਰਤਾਰਪੁਰ ਵਿਖੇ ਦੇ ਨਿਵਾਸ ਸਮੇਂ ਕਈ ਨੇੜਲੇ ਸਥਾਨਾਂ ਉੱਤੇ ਜਾਂਦੇ ਰਹਿੰਦੇ ਸਨ। ਇੱਥੋਂ ਗੁਰੂ ਜੀ ਸ਼ਾਹ ਬਹਿਲੋਲ ਨੂੰ ਮਿਲਣ ਲਈ ਬੀਕਾਨੇਰ ਤੋਂ ਹੁੰਦੇ ਹੋਏ ਮੁਲਤਾਨ ਵੀ ਗਏ ਸਨ। ਇੱਥੇ ਹੀ ਭਾਈ ਲਹਿਣਾ ਜੀ ਦਾ ਗੁਰੂ ਜੀ ਨਾਲ ਮਿਲਾਪ ਹੋਇਆ। ਇਹ ਭਾਈ ਲਹਿਣਾ ਜੀ ਹੀ ਬਾਅਦ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ (ਸਰੀਰ ਦੇ ਅੰਗ) ਵਜੋਂ ਸਾਡੇ ਦੂਸਰੇ 'ਗੁਰੂ' ਬਣੇ ਸਨ। ਇਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਣਥੱਕ ਸੇਵਾ ਅਤੇ ਅਨਿੰਨ ਭਗਤੀ ਕੀਤੀ ਸੀ। ਇਸ ਦੇ ਸਿੱਟੇ ਵਜੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਨੂੰ ੧੪ ਜੂਨ, ੧੫੩੯ ਨੂੰ ਗੁਰਿਆਈ ਦੀ ਬਖ਼ਸ਼ਿਸ਼ ਕੀਤੀ ਸੀ। ਗੁਰੂ ਨਾਨਕ ਸਾਹਿਬ ਨੇ ਲੰਮੀ ਪਰਖ ਦੇ ਗੁਣਾਂ ਵਜੋਂ ਅਜਿਹਾ ਉੱਤਰਾ-ਅਧਿਕਾਰੀ ਚੁਣਿਆ ਸੀ। ਗੁਰੂ ਨਾਨਕ ਸਾਹਿਬ ਨੇ ਅਜਿਹੀ ਚੋਣ ਸਮੇਂ ਆਪਣੇ ਪੁੱਤਰਾਂ ਨੂੰ ਇਨਕਾਰ ਦਿੱਤਾ ਸੀ। ਨਾਲ ਹੀ ਗੁਰੂ ਨਾਨਕ ਸਾਹਿਬ ਨੇ ਆਪਣੀ ਅਤੇ ਹੋਰ ਭਗਤ ਸਾਹਿਬਾਨ ਦੀ ਇਕੱਤਰ ਕੀਤੀ ਬਾਣੀ ਭਾਈ ਲਹਿਣਾ ਜੀ ਦੇ ਹਵਾਲੇ ਕਰ ਦਿੱਤੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾ 'ਬਾਬਾ' ਦਾ ਸੰਬੋਧਨ ਭਾਈ ਮਰਦਾਨਾ ਜੀ ਨੇ ਹੀ ਕੀਤਾ ਸੀ। ਬਾਬਾ ਸ਼ਬਦ ਮਹਾਂਪੁਰਖੀ ਵਡੱਪਣ, ਪੁਖਤਗੀ ਤੇ ਸਿਆਣਪ ਦਾ ਲਖ਼ਾਇਕ ਹੈ। ਭਾਈ ਮਰਦਾਨਾ ਜੀ ਲਈ ਵੀ ਸਭ ਤੋਂ ਪਹਿਲਾਂ 'ਭਾਈ' ਸ਼ਬਦ ਗੁਰੂ ਨਾਨਕ ਸਾਹਿਬ ਨੇ ਹੀ ਵਰਤਿਆ ਸੀ। ਇਹ ਸ਼ਬਦ ਨਿਮਨ ਸੁਰ ਵਿਚ ਕਿਸੇ ਦੀ ਹਲੀਮੀ, ਸਹਿਜਤਾ ਅਤੇ ਆਤਮਿਕ ਉੱਚਤਾ ਦਾ ਪ੍ਰਤੀਨਿਧ ਰੂਪ ਹੈ। ਅਜਿਹੀ ਪਛਾਣ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਜੀ ਦੀ ਲੰਮੀ ਘਾਲ-ਕਮਾਈ ਦਾ ਸਿੱਟਾ ਹੈ। ਇਸ ਦੌਰਾਨ ਸਿੱਖੀ ਦਾ ਮੁੱਢ ਬੱਝ ਗਿਆ ਸੀ। ਲੋਕਾਂ ਨੂੰ ਬਦਲ ਵਜੋਂ ਨਵਾਂ ਸਰਲ ਤੇ ਵਿਹਾਰਕ ਕਿਸਮ ਦਾ ਧਾਰਮਿਕ ਰਾਹ ਮਿਲ ਗਿਆ ਸੀ। ਇਹ ਸਾਰੀ ਜਾਗ ਤੇ ਜਾਗ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਕਰਕੇ ਹੀ ਸੀ। ਮੁਹੰਮਦ ਇਕਬਾਲ ਨੇ ਤਾਂ ਹੀ ਗੁਰੂ ਨਾਨਕ ਸਾਹਿਬ ਬਾਰੇ ਕਿਹਾ ਹੈ:

*ਫਿਰ ਉਠੀ ਆਖਰ ਸਦਾ ਤੌਹੀਦ ਕੀ ਪੰਜਾਬ ਸੇ,*
*ਹਿੰਦ ਕੋ ਇਕ ਮਰਦ-ਏ-ਕਾਮਲ ਨੇ ਜਗਾਇਆ ਖ਼ਾਬ ਸੇ।*

ਇਸ ਸਬੰਧੀ ਰਾਬਿੰਦਰ ਨਾਥ ਟੈਗੋਰ ਦਾ ਕਥਨ ਹੈ:

*ਸਿੱਖ ਜਾਗ ਉਠੇ ਸਨ, ਗੁਰ ਦੇ ਸ਼ਬਦ ਰਾਹੀਂ।*

ਪ੍ਰੋ. ਪੂਰਨ ਸਿੰਘ ਇਹ ਮੰਨਦਾ ਹੈ:

*ਪੰਜਾਬ ਨਾ ਹਿੰਦੂ ਨਾ ਮੁਸਲਮਾਨ*
*ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।*

ਤਲਵੰਡੀ ਨਿਵਾਸ ਸਮੇਂ ਗੁਰੂ ਸਾਹਿਬ ਦੁਕਾਨ, ਵਪਾਰ ਤੇ ਨੌਕਰੀ ਵਗ਼ੈਰਾ ਦੇ ਵੱਖ-ਵੱਖ ਕਿੱਤਿਆਂ ਨਾਲ ਜੁੜੇ ਸਨ। ਫਿਰ ਗੁਰੂ ਸਾਹਿਬ ਹਿੰਦੂ ਅਤੇ ਮੁਸਲਮਾਨਾਂ ਦੀ ਸਾਂਝੀ ਵਸੋਂ ਵਾਲੇ ਇਲਾਕੇ ਸ੍ਰੀ ਕਰਤਾਰਪੁਰ ਵਿਖੇ ਟਿਕ ਕੇ ਪੂਰੀ ਤਰ੍ਹਾਂ ਆਪਣੇ

ਅਸਲੀ ਮਿਸ਼ਨ ਵਿਚ ਜੁਟ ਗਏ ਸਨ। ਇਹ ਸਥਾਨਾਂ ਦੀ ਤਬਦੀਲੀ ਪੂਰੀ ਤਰ੍ਹਾਂ ਦੁਨਿਆਦਾਰੀ ਦੇ ਨਾਲ-ਨਾਲ 'ਰੂਹਾਨੀਅਤ' ਦੇ ਰਾਹ ਪੈ ਜਾਣ ਦਾ ਪ੍ਰਮਾਣ ਹੈ। ਇੱਥੇ ਗੁਰੂ ਸਾਹਿਬ ਨੇ (੧੫੨੧ ਈ. ਤੋਂ ੧੫੩੯ ਈ. ਤਕ) ਅਠਾਰ੍ਹਾਂ ਸਾਲ ਬਿਤਾਏ ਸਨ। ਆਪ ਜੀ ਨੇ ਖੇਤੀ ਕੀਤੀ ਸੀ। ਇੱਥੇ ਹੀ ਗੁਰੂ ਸਾਹਿਬ ਦੀ ਕੀਰਤਨ-ਦਰਬਾਰ ਅਤੇ ਲੋਹ-ਲੰਗਰ ਦੀ ਪ੍ਰਥਾ ਰੋਜ਼ਾਨਾ ਦਾ ਵਿਹਾਰਿਕ ਵਰਤਾਰਾ ਬਣ ਗਈ ਸੀ। ਪ੍ਰਭੂ ਦੇ ਨਾਮ-ਸਿਮਰਨ ਸਬੰਧੀ ਕੀਰਤਨ-ਪ੍ਰਵਾਹ ਅਤੇ ਖੇਤੀ ਦੀ ਸੱਚੀ ਕਿਰਤ ਕਮਾਈ ਦੀ ਮਰਯਾਦਾ ਸਥਾਪਿਤ ਹੋਈ। ਗੁਰੂ ਸਾਹਿਬ ਨੇ ਹੱਥ ਕਾਰ (ਕਿਰਤ) ਵੱਲ ਅਤੇ ਧਿਆਨ ਨਿਰੰਕਾਰ ਵੱਲ ਦਾ ਦੋਹਰਾ ਨਵਾਂ ਅਮਲ ਸ਼ੁਰੂ ਕੀਤਾ। ਨਾਲ ਹੀ ਇੱਕੋ ਥਾਂ ਬੈਠ ਕੇ 'ਸੰਗਤੀ' ਤੇ 'ਪੰਗਤੀ' ਰੂਪ ਵਿਚ ਲੰਗਰ ਛਕਣ ਦੀ ਸਾਂਝ ਤੇ ਸਮਾਨਤਾ ਵਾਲੀ ਸਮਾਜਿਕ ਭਾਵਨਾ ਬਲ ਫੜਦੀ ਹੈ। ਅਜਿਹਾ ਅਮਲ ਸਿੱਖ ਅਤੇ ਸਿੱਖੀ ਦੀ ਬੁਨਿਆਦ ਬਣ ਗਿਆ। ਇਹ ਸਾਰਾ ਵਰਤਾਰਾ ਕੁਦਰਤ ਦੀ ਖੁੱਲ੍ਹੀ ਗੋਦ ਵਿਚ ਚੱਲਦਾ ਸੀ। ਗੁਰੂ ਨਾਨਕ ਸਾਹਿਬ ਕੁਦਰਤ ਦੇ ਅਨੰਤ ਵਰਤਾਰੇ ਵਿਚ ਵੱਡਾ ਵਿਸ਼ਵਾਸ ਪ੍ਰਗਟਾਉਂਦੇ ਹਨ:

*ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥. . .*
*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥*
*ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭)*

ਗੁਰੂ ਨਾਨਕ ਸਾਹਿਬ ਜੀ ਸਵੇਰੇ (ਤੜਕੇ) ਪੰਛੀਆਂ ਦੀਆਂ ਅਵਾਜ਼ਾਂ ਸੁਣਦੇ ਹੋਏ ਆਪਣੇ ਆਪ ਵਿਚ ਲੀਨ ਹੋ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦਾ ਮੰਨਣਾ ਸੀ ਕਿ ਇਹ ਪੰਛੀ ਕੁਦਰਤ ਦੇ ਗੀਤ ਗਾਉਂਦੇ ਹਨ। ਉਹ ਕੁਦਰਤ ਦੇ ਵਿਭਿੰਨ ਰੂਪਾਂ ਦੇ ਅਨੰਤ ਵਰਤਾਰੇ ਨੂੰ ਪੇਸ਼ ਕਰਦੇ ਹਨ। ਗੁਰੂ ਨਾਨਕ ਸਾਹਿਬ ਕੁਦਰਤ ਦੇ ਬਹੁਤ ਵੱਡੇ ਪੈਰੋਕਾਰ ਸਨ। ਉਨ੍ਹਾਂ ਮੁਤਾਬਕ ਕੁਦਰਤ ਦੇ ਬ੍ਰਹਿਮੰਡ ਮੁਤਾਬਕ ਹੀ ਬੰਦੇ ਦਾ ਜੀਵਨ ਹੈ:

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੫)*

ਇਸ ਕਰਕੇ ਉਹ *'ਬਲਿਹਾਰੀ ਕੁਦਰਤਿ ਵਸਿਆ'* ਦੇ ਗੁਣਗਾਣ ਕਰਦੇ ਸਨ। ਉਹ ਪ੍ਰਕਿਰਤੀ ਦੇ ਫੁੱਲ-ਬੂਟਿਆਂ ਨੂੰ ਆਪਣੇ ਕਾਦਰ ਦੇ ਸੁਹੱਪਣ ਦੀਆਂ ਜੜ੍ਹਾਂ ਦਾ ਸੁਹਜ-ਸੁਨੇਹਾ ਮੰਨਦੇ ਸਨ। ਉਨ੍ਹਾਂ ਨੇ ਕੁਦਰਤ ਦੇ ਰੂਪਾਂ ਨੂੰ ਵਿਸ਼ੇਸ਼ ਕਰਕੇ ਪਾਣੀ ਨੂੰ ਮਨੁੱਖ ਦੇ ਪ੍ਰਾਣਧਾਰੀ ਆਧਾਰ ਵਜੋਂ ਮੰਨਿਆ ਹੈ:

*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)*

ਗੁਰੂ ਨਾਨਕ ਸਾਹਿਬ ਜੀ ਦਾ ਫ਼ਲਸਫ਼ਾ ਕੇਵਲ ਮਨੁੱਖ ਜਾਤੀ ਤਕ ਹੀ ਸੀਮਤ ਨਹੀਂ ਹੈ, ਬਲਕਿ ਇਹ ਸਾਰੇ ਬ੍ਰਹਿਮੰਡ ਲਈ ਹੈ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

ਗੁਰਮਤਿ ਰੱਬ ਦੀ ਕੁਦਰਤ ਦੇ ਗੁਣਾਂ ਦਾ ਗਾਇਨ ਹੈ। ਕੁਦਰਤ ਪਰਮਾਤਮਾ ਦੀ

ਪ੍ਰਕਿਰਤੀ ਹੈ। ਇਹ ਬ੍ਰਹਿਮੰਡ ਦਾ ਪਿੰਡਾ ਹੈ। ਇਸ ਦੇ ਉਲਟ ਮਨੁੱਖ ਕੇਵਲ ਬ੍ਰਹਿਮੰਡ ਦੇ ਅੰਗ ਰੂਪੀ ਇਤਿਹਾਸ ਮਾਤਰ ਹੈ। ਇਤਿਹਾਸ ਚੱਲਦੇ ਤੇ ਬਦਲਦੇ ਰਹਿੰਦੇ ਹਨ। ਪਰ ਬ੍ਰਹਿਮੰਡ ਸਦਾ ਆਪਣੇ ਪ੍ਰਾਕਿਰਤਕ ਸੁਭਾਅ ਮੁਤਾਬਿਕ ਸੁਭਾਇਮਾਨ ਰਹਿੰਦਾ ਹੈ। ਅੱਜ ਅਸੀਂ ਕੁਦਰਤ ਦੇ (ਹਵਾ, ਪਾਣੀ ਤੇ ਜ਼ਮੀਨ) ਸੁਹੱਪਣ ਦਾ ਨਾਸ਼ ਕਰ ਰਹੇ ਹਾਂ, ਨਾਲ ਗੁਰੂ ਸਾਹਿਬ ਦੇ ਉਦੇਸ਼ ਪ੍ਰਤੀ ਵੀ ਕੋਤਾਹੀ ਕਰ ਰਹੇ ਹਾਂ। ਸਾਨੂੰ ਕੁਦਰਤ ਦੇ ਸਕੇ (ਸੱਚੇ ਪੁੱਤਰ) ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਖੇਤੀ ਦੇ ਕੁਦਰਤੀ ਕਿੱਤੇ ਨੂੰ ਸਭ ਤੋਂ ਪਾਕ ਤੇ ਸਾਫ਼ ਮੰਨਦੇ ਸਨ। ਉਹ ਮਨ ਦੇ 'ਹਾਲੀ ਕਿਰਸਾਨੀ' ਹੋਣ ਦੇ ਮੁਦਈ ਸਨ। ਕਿਰਸਾਨੀ ਵਿਚ ਸਿਰਜਣਾਤਮਕਤਾ ਹੈ। ਨਵਾਂ ਕੁਝ ਪੈਦਾ ਕਰਨ ਦੀ ਸਮਰੱਥਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਸਭ ਕੁਝ ਨਵਾਂ ਹੀ ਤਾਂ ਪੈਦਾ ਕੀਤਾ ਸੀ। ਉਹ ਖੇਤ ਤੋਂ ਹੱਲ ਵਾਹ ਜਦ ਆਪਣੇ ਰੈਣ-ਬਸੇਰੇ ਵੱਲ ਪਰਤਦੇ ਸਨ, ਤਾਂ ਸਭ ਤੋਂ ਪਹਿਲਾਂ ਬਲਦਾਂ ਦੇ ਗਲ਼ (ਕੰਧੇ) ਤੋਂ ਪੰਜਾਲੀ ਲਾਹੁਣ ਨੂੰ ਪਹਿਲ ਦਿੰਦੇ ਸਨ। ਇਹ ਕਿਰਤ ਅਤੇ ਕਿਰਤੀ ਸੰਦਾਂ-ਸਾਧਨਾਂ ਨੂੰ ਸਤਿਕਾਰ ਵੀ ਸੀ ਤੇ ਨਮਸਕਾਰ ਵੀ। ਇਸ ਦੌਰਾਨ ਭਾਈ ਮਰਦਾਨਾ ਜੀ ਦਾ ਸਦਾ ਸੰਗ-ਸਾਥ ਗੁਰੂ ਸਾਹਿਬ ਨਾਲ ਰਿਹਾ ਹੈ। ਅੱਜ ਅਸੀਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਦੱਸੀ ਅਜਿਹੀ ਕਿਰਤ ਤੋਂ ਟੁੱਟ ਰਹੇ ਹਾਂ। ਇਸ ਕਰਕੇ ਅਸੀਂ ਕਈ ਵੱਡੇ ਸੰਕਟਾਂ ਦੇ ਰੁਬਰੂ ਹਾਂ। ਸਮੱਸਿਆਵਾਂ ਦੇ ਹੱਲ ਦੀਆਂ ਗੁਰਮਤਿ ਰੂਪੀ ਕੁੰਜੀਆਂ ਤਾਂ ਸਾਡੇ ਸਾਹਮਣੇ ਹਨ, ਪਰ ਅਸੀਂ ਇਹ ਵੇਖ ਹੀ ਨਹੀਂ ਰਹੇ ਹਾਂ। ਸਾਨੂੰ ਆਪਣੇ ਗੁਰੂ ਦੇ ਕਿਰਤੀ ਵਿਹਾਰ ਵੱਲ ਮੁੜਨਾ ਤੇ ਜੁੜਨਾ ਚਾਹੀਦਾ ਹੈ। ਗੁਰੂ ਸਾਹਿਬ ਦੀ ਬਾਣੀ ਤੇ ਜੀਵਨ ਵਿਹਾਰ ਦਾ ਅਮੁੱਲ ਖ਼ਜ਼ਾਨਾ ਸਾਡੇ ਕੋਲ ਹੈ। ਇਸ ਵੇਲੇ ਵੱਡੀ ਜ਼ਰੂਰਤ ਅਜਿਹੇ ਖ਼ਜ਼ਾਨੇ ਵੱਲ ਮੂੰਹ ਕਰਨ ਦੀ ਹੈ। ਇਸ ਨੂੰ ਜਾਣਨ-ਸਮਝਣ ਤੇ ਅਪਨਾਉਣ ਦੀ ਜ਼ਰੂਰਤ ਹੈ। ਅੱਜ ਗੁਰੂ ਨਾਨਕ ਸਾਹਿਬ ਨਾਮ-ਲੇਵਾ ਸਿੱਖ ਕਰੋੜਾਂ ਦੀ ਗਿਣਤੀ ਵਿਚ ਹਨ। ਇਹ ਸਾਰੇ ਸੰਸਾਰ ਉੱਤੇ (ਤਕਰੀਬਨ ੧੭੦ ਦੇਸ਼ਾਂ ਵਿਚ) ਫੈਲੇ ਹੋਏ ਹਨ। ਸਾਡੀ ਸਭ ਦੀ ਗੁਰੂ ਨਾਨਕ ਸਾਹਿਬ ਪ੍ਰਤੀ ਬਹੁਤ ਸ਼ਰਧਾ ਤੇ ਸਤਿਕਾਰ ਹੈ। ਪਰ ਸਾਡਾ ਬਹੁਤਿਆਂ ਦਾ ਵਿਹਾਰ 'ਸਚ ਕੀ ਬੇਲਾ' ਤੇ 'ਸੱਚੇ ਆਚਾਰ' ਵਾਲਾ ਨਹੀਂ ਹੈ। ਅਸੀਂ ਵਿਹਾਰਕ ਕਿਰਦਾਰ ਪੱਖੋਂ ਕਈ ਊਣਤਾਈਆਂ ਵਿਚ ਹਾਂ। ਅੱਜ ਮੁੱਖ ਲੋੜ ਗੁਰੂ ਸਾਹਿਬ ਦੇ ਦੱਸੇ ਸੱਚੇ ਰਾਹ ਦੇ ਸੱਚੇ ਰਾਹੀ ਜਾਂ ਪਾਂਧੀ ਬਣਨ ਦੀ ਹੈ। ਇਸੇ ਵਿਚ ਹੀ ਸੁਖ-ਸ਼ਾਂਤੀ ਤੇ ਸਰਬੱਤ ਦਾ ਭਲਾ ਹੈ।

**ਬਾਣੀ-ਸੰਸਾਰ**

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੀ ਬਾਣੀ ਵੱਖ-ਵੱਖ ਰੂਪਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਨੂੰ ਗੁਰੂ ਸਾਹਿਬ ਜੀ ਦੀ 'ਇਲਾਹੀ ਬਾਣੀ' ਦਾ ਰਚਨਾ-ਸੰਸਾਰ ਵੀ ਮੰਨਿਆ ਜਾਂਦਾ ਹੈ। ਗੁਰੂ ਸਾਹਿਬ ਜਪੁ ਜੀ ਸਾਹਿਬ, ਸਿਧ ਗੋਸਟਿ, ਛੰਤ, ਸ਼ਬਦ, ਸਲੋਕ, ਵਾਰਾਂ, ਅਸਟਪਦੀਆਂ, ਆਰਤੀ, ਪਹਰੇ, ਅਲਾਹੁਣੀਆ, ਬਾਰਾਮਾਂਹ ਤੁਖਾਰੀ, ਸੋਹਿਲਾ, ਪਟੀ, ਥਿਤੀ, ਸਲੋਕ, ਕੁਚਜੀ-ਸੁਚਜੀ ਅਤੇ ਦਖਣੀ ਓਅੰਕਾਰ ਆਦਿ ਬਾਣੀਆਂ ਦੇ ਰਚਨਹਾਰ ਹਨ। ■

# 'ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ'

*-ਡਾ. ਤੇਜਿੰਦਰ ਪਾਲ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਪਣੇ ਜੀਵਨ-ਕਾਲ ਦੌਰਾਨ ਕੀਤੀਆਂ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਨਾਲ ਸੰਬੰਧਿਤ ਉਨ੍ਹਾਂ ਦੀਆਂ ਕਈ ਪਰੰਪਰਾਗਤ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਜਨਮਸਾਖੀਆਂ ਦੀ ਸੰਗਿਆ ਦਿੱਤੀ ਗਈ ਹੈ। ਇਹ ਸਾਖੀਆਂ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਹੀ ਲਿਖੀਆਂ ਗਈਆਂ ਸਨ। 'ਜਨਮਸਾਖੀ', 'ਜਨਮ' ਅਤੇ 'ਸਾਖੀ' ਸ਼ਬਦਾਂ ਦਾ ਸਮਾਸੀ ਸ਼ਬਦ-ਰੂਪ ਹੈ, ਜਿਸ ਦਾ ਸ਼ਾਬਦਿਕ ਅਰਥ— ਜਨਮ ਦੀ ਗਵਾਹੀ, ਸਾਖੀ (ਸ਼ਹਾਦਤ), ਕਹਾਣੀ, ਬਿਰਤਾਂਤ ਅਥਵਾ ਵਾਰਤਾ ਆਦਿ ਹੈ। ਸਿੱਖ-ਪਰੰਪਰਾ ਵਿਚ ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬਿਰਤਾਂਤ ਲਈ ਰੂੜ ਹੋ ਗਿਆ ਹੈ।

ਸੰਸਾਰ ਦੇ ਸਮੁੱਚੇ ਧਾਰਮਿਕ-ਸਾਹਿਤ ਵਿਚ ਹਰੇਕ ਅਵਤਾਰ, ਪੈਗੰਬਰ ਅਤੇ ਮਹਾਂਪੁਰਖ ਆਦਿ ਦੇ ਪਰਉਪਕਾਰਾਂ, ਕਾਰਜਾਂ, ਉਪਦੇਸ਼ਾਂ ਜਾਂ ਜੀਵਨ-ਘਟਨਾਵਾਂ ਆਦਿ ਦੀਆਂ ਮੌਖਿਕ-ਪਰੰਪਰਾਵਾਂ ਨੂੰ ਕਲਮਬੱਧ ਕਰਨ ਦੀ ਲੰਮੀ ਇਤਿਹਾਸਿਕ ਪਰੰਪਰਾ ਮੌਜੂਦ ਹੈ। ਇਸੇ ਤਰਜੀਹ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜੀਵਨ-ਸਮਾਚਾਰਾਂ ਬਾਰੇ ਮੌਖਿਕ-ਪਰੰਪਰਾਵਾਂ ਦੇ ਲਿਖਤੀ-ਸੰਗ੍ਰਹਿ ਨੂੰ 'ਜਨਮਸਾਖੀ ਪਰੰਪਰਾ' ਦੀ ਸੰਗਿਆ ਦਿੱਤੀ ਜਾਂਦੀ ਹੈ।

ਵਰਣਨਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਸਭ ਤੋਂ ਪੁਰਾਣੀਆਂ ਲਿਖਤਾਂ ਜਨਮਸਾਖੀਆਂ ਹੀ ਹਨ। ਇਤਿਹਾਸਿਕ ਦ੍ਰਿਸ਼ਟੀ ਤੋਂ ਇਸ ਸਾਹਿਤ ਸ਼ੈਲੀ ਦਾ ਰਿਵਾਜ਼ ਸੋਲ੍ਹਵੀਂ ਸਦੀ ਦੇ ਅੰਤ ਜਾਂ ਸਤਾਰ੍ਹਵੀਂ ਸਦੀ ਦੇ ਅਰੰਭ ਵਿਚ ਪਿਆ। ਇਹ ਛੋਟੀਆਂ-ਛੋਟੀਆਂ ਅਤੇ ਵੱਖ-ਵੱਖ ਕਥਾਵਾਂ ਅਥਵਾ ਸਾਖੀਆਂ ਦੇ ਰੂਪ ਵਿਚ ਮਿਲਦੀਆਂ ਹਨ। ਇਨ੍ਹਾਂ ਸਾਖੀਆਂ ਦੇ ਲਿਖਾਰੀ ਵਧੇਰੇ ਕਰਕੇ ਗੁੰਮਨਾਮ ਹੀ ਹਨ।ਅਲੋਚਕਾਂ ਦੀ ਇਹ ਗੱਲ ਮੰਨੀ ਜਾ ਸਕਦੀ ਹੈ ਕਿ ਜਨਮਸਾਖੀਆਂ ਵਿਚ ਅਤਿ-ਕਥਨੀਆਂ ਹਨ, ਪਰੰਤੂ ਇਨ੍ਹਾਂ ਸਾਖੀਆਂ ਦਾ ਮੂਲ ਉਦੇਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਿਕ ਪ੍ਰੇਰਨਾ, ਪ੍ਰਤਿਭਾ, ਦੈਵੀ-ਗਿਆਨ, ਦਇਆ ਅਤੇ ਸਿਆਣਪ ਆਦਿ ਅਲੌਕਿਕ ਗੁਣਾਂ ਨੂੰ ਪ੍ਰਗਟ ਕਰਨਾ ਸੀ। ਕਈ ਸਾਖੀਆਂ ਦੇ ਵਿਵਰਣ ਸ਼ਾਬਦਿਕ ਅਰਥਾਂ ਵਿਚ ਸੱਚੇ ਨਾ ਸਹੀ, ਪਰੰਤੂ ਹਰ ਸਾਖੀ ਗੁਰੂ ਸਾਹਿਬ ਦੇ ਜੀਵਨ ਦੀ ਉਸ ਡੂੰਘਾਈ ਅਤੇ ਪਰਉਪਕਾਰੀ ਸੁਭਾਅ ਦੀ ਗਵਾਹੀ ਭਰਦੀ ਹੈ, ਜਿਸ ਕਾਰਨ ਸ਼ਰਧਾਲੂਆਂ ਨੂੰ ਉਨ੍ਹਾਂ ਵਿਚ ਪ੍ਰਤੱਖ ਅਕਾਲ ਦੇ ਦਰਸ਼ਨ ਹੁੰਦੇ ਹਨ।

ਇਸ ਲੇਖ ਰਾਹੀਂ ਜਨਮਸਾਖੀਆਂ ਦੀ ਤਰਜ ਉੱਤੇ ਮਿਲਦੀਆਂ ਕਈ ਹੋਰ

**ਅਸਿਸਟੈਂਟ ਪ੍ਰੋਫ਼ੈਸਰ (ਧਰਮ ਅਧਿਐਨ), ਯੂਨੀਵਰਸਿਟੀ ਕਾਲਜ ਮੀਰਾਂਪੁਰ (ਪਟਿਆਲਾ)। ਮੋ. ੯੯੮੮੦੦੪੭੩੩*

ਸਾਖੀਆਂ ਦੀ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਨ ਦਾ ਜਤਨ ਕੀਤਾ ਜਾ ਰਿਹਾ ਹੈ। ਇਹ ਸਾਖੀਆਂ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਆਪਣੀ ਰਸਨਾ ਦੁਆਰਾ ਸਿੱਖ ਸੰਗਤ ਨੂੰ ਉਪਦੇਸ਼ ਕਰਨ ਸਮੇਂ ਸੁਣਾਈਆਂ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਲਿਤ ਪੁੱਤਰੀ ਬੀਬੀ ਰੂਪ ਕੁਇਰ ਨੇ ਲਿਖਤਬੱਧ ਕੀਤਾ।ਸ੍ਰੀ ਗੁਰੂ ਹਰਿਰਾਇ ਸਾਹਿਬ ਸਬੰਧੀ ਮਿਲਦੇ ਇਸ ਵਡਮੁੱਲੇ ਸਰੋਤ ਉੱਤੇ ਪੰਛੀ ਝਾਤ ਮਾਰਨ ਤੋਂ ਪਹਿਲਾਂ ਗੁਰੂ ਸਾਹਿਬ ਦੇ ਮੁੱਢਲੇ ਜੀਵਨ ਸਬੰਧੀ ਜਾਣਕਾਰੀ ਹਾਸਲ ਕਰਨੀ ਲਾਹੇਵੰਦ ਹੋਵੇਗੀ।

ਸ੍ਰੀ ਗੁਰੂ ਹਰਿਰਾਇ ਸਾਹਿਬ, ਪਿਤਾ ਬਾਬਾ ਗੁਰਦਿੱਤਾ ਜੀ ਦੇ ਘਰ ਮਾਤਾ ਅਨੰਤੀ (ਮਾਤਾ ਨਿਹਾਲ ਵੀ ਪ੍ਰਚਲਿਤ ਹੈ) ਦੀ ਕੁੱਖੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ੧੬੩੦ ਈ. ਨੂੰ ਪ੍ਰਕਾਸ਼ਮਾਨ ਹੋਏ।ਆਪ ਜੀ ਦਾ ਵਿਆਹ ੧੦ ਕੁ ਸਾਲ ਦੀ ਉਮਰ ਵਿਚ (੧੬੪੦ ਈ.) ਬੀਬੀ ਸੁਲੱਖਣੀ ਜੀ ਨਾਲ ਹੋਇਆ। ਸਮੇਂ ਦੇ ਬੀਤਣ ਨਾਲ ਆਪ ਜੀ ਦੇ ਘਰ ਦੋ ਬਾਲਕ— ਬਾਬਾ ਰਾਮਰਾਇ ਤੇ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਦਾ ਆਗਮਨ ਹੋਇਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ੧੪ ਸਾਲ ਦੀ ਉਮਰ ਵਿਚ ੧੬੪੪ ਈ. ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸੋਂ ਗੁਰਿਆਈ ਪ੍ਰਾਪਤ ਹੋਈ। 'ਗੁਰਬਿਲਾਸ ਪਾ: ੬' ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਨੂੰ ਗੁਰਿਆਈ ਮਿਲਣ ਦੀ ਪ੍ਰਕ੍ਰਿਆ ਦਾ ਵਰਣਨ ਇਉਂ ਕੀਤਾ ਹੈ:

*ਪੈਸੇ ਪਾਂਚ ਨਲੇਰ ਧਰਿ ਸ੍ਰੀ ਗੁਰ ਬੰਦਨ ਕੀਨ।*
*ਗੁਰੂ ਭਾਖ ਹਰਿਰਾਇ ਕੌ ਮਨ ਪੈ ਅਨੰਦ ਲੀਨ॥*
*ਸਾਹਿਬ ਭਾਨੇ ਤਿਲਕੁ ਕਰਾਯੋ।*
*ਗੁਰ ਹਰਿਰਾਇ ਭਾਲਿ ਛਬਿ ਪਾਯੋ॥*
*ਉਮਰ ਬਰਖ ਦਸ ਅਤਿ ਸੁਖਦਾਇ।*
*ਸੋਭਾ ਬਨੀ ਕਹੀ ਨਹਿ ਜਾਇ॥*[1]

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਜੀਵਨ-ਕਾਲ ਦੌਰਾਨ ਲੋਕਾਈ ਨੂੰ ਪ੍ਰੇਮ ਤੇ ਸ਼ਾਂਤੀ ਦਾ ਪੈਗਾਮ ਦਿੱਤਾ। ਸ਼ਾਂਤ ਰਸ ਵਿਚ ਵੀ ਉਨ੍ਹਾਂ ਨੇ ੨੨੦੦ ਘੋੜ-ਸਵਾਰ ਰੱਖੇ ਸਨ।[2] ਸ਼ਕਤੀ ਦੇ ਨਾਲ-ਨਾਲ ਭਗਤੀ ਦਾ ਮਾਰਗ ਦੱਸਦੇ ਹੋਏ ਗੁਰੂ ਸਾਹਿਬ ਨੇ ਸਿੱਖਾਂ ਨੂੰ ਭਗਤੀ ਕਰਨ ਦਾ ਉਪਦੇਸ਼ ਦਿੱਤਾ:

*ਸਤੋਗੁਣੀ ਸਬ ਰੀਤਿ ਗਹਾਈ।*
*ਸੰਗਤ ਕੋ ਮਾਲਾ ਪਕਰਾਈ॥. . .*
*ਜੇ ਕਬਹੂੰ ਚਲ ਜਾਤ ਸ਼ਿਕਾਰੇ॥*
*ਨਾਹਿ ਜਾਨਵਰ ਮਾਰੈ ਕੋਊ।*
*ਫੜ ਲਿਆਇ ਰਖ ਛਾਡੈ ਸੋਊ॥*[3]

ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਜੀਵਨ ਬਾਰੇ ਜਾਣਨ ਉਪਰੰਤ ਅਸੀਂ ਇੱਕ ਅਜਿਹੇ ਗੁਰਮੁਖੀ ਸਰੋਤ ਬਾਰੇ ਚਰਚਾ ਕਰਦੇ ਹਾਂ, ਜਿਸ ਦਾ ਸੰਬੰਧ ਸ੍ਰੀ ਗੁਰੂ ਹਰਿਰਾਇ

ਸਾਹਿਬ ਜੀ ਨਾਲ ਹੈ। ਇਸ ਦੇ ਨਾਮ 'ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ' ਤੋਂ ਹੀ ਸਪੱਸ਼ਟ ਹੁੰਦਾ ਹੈ ਕਿ ਇਸ ਵਿਚ ਗੁਰੂ ਸਾਹਿਬਾਨ ਦੇ ਮੁਖਾਰਬਿੰਦ ਤੋਂ ਨਿਕਲੇ ਹੋਏ ਬਚਨਾਂ ਦਾ ਸੰਗ੍ਰਹਿ ਸ਼ਾਮਲ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਦੇ ਅੰਤਰਗਤ ਗੁਰਮਤਿ ਸਾਹਿਤ ਅਧੀਨ ਜਨਮਸਾਖੀ ਪਰੰਪਰਾ ਦਾ ਵਰਣਨ ਕੀਤਾ ਜਾਂਦਾ ਹੈ। ਡਾ. ਸੁਰਿੰਦਰ ਸਿੰਘ (ਕੋਹਲੀ) ਨੇ ਆਪਣੀ ਪੁਸਤਕ ਪੰਜਾਬੀ ਸਾਹਿਤ ਦਾ ਇਤਿਹਾਸ(ਭਾਗ ਪਹਿਲਾ) ਵਿਚ ਅਜਿਹੀਆਂ ੩੨ ਸਾਖੀਆਂ ਦਾ ਜ਼ਿਕਰ ਕੀਤਾ ਹੈ, ਜਿਹੜੀਆਂ ਬੀਬੀ ਰੂਪ ਕੁਇਰ ਨੇ ਲਿਖੀਆਂ।[੪] ਡਾ. ਸਾਹਿਬ ਅਨੁਸਾਰ ਇਹ ਪੋਥੀ ਕਿਸੇ ਸਮੇਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਵਿਖੇ ਸੁਸ਼ੋਭਿਤ ਸੀ। ਇਸ ਪੋਥੀ ਨੂੰ ਸਮੇਂ-ਸਮੇਂ ਉੱਤੇ ਡਾ. ਪਿਆਰ ਸਿੰਘ, ਸ. ਸ਼ਮਸ਼ੇਰ ਸਿੰਘ ਅਸ਼ੋਕ ਅਤੇ ਪ੍ਰੋ. ਪਿਆਰਾ ਸਿੰਘ ਪਦਮ ਆਦਿ ਨੇ ਵਾਚਣਾ ਚਾਹਿਆ, ਪਰੰਤੂ ਪੋਥੀ ਦੇ ਮਾਲਕ ਗ੍ਰੰਥੀ ਸਿੰਘ (ਅਗਿਆਤ) ਦੁਆਰਾ ਪੋਥੀ ਨਾ ਵਾਚਣ ਦਿੱਤੀ। ਕੁਝ ਸਮਾਂ ਉਪਰੰਤ ਭਾਈ ਰਣਧੀਰ ਸਿੰਘ (ਇੰਸਪੈਕਟਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ) ਇਸ ਪੋਥੀ ਨੂੰ ਵਾਚਣ ਅਤੇ ਇਸ ਦੀ ਨਕਲ ਕਰਨ ਵਿਚ ਸਫਲ ਹੋ ਗਏ। ਉਨ੍ਹਾਂ ਨੇ ਇਸ ਪੋਥੀ ਦਾ ਇਕ ਉਤਾਰਾ ਡਾ. ਪਿਆਰ ਸਿੰਘ ਨੂੰ ਭੇਂਟ ਕੀਤਾ, ਜਿਨ੍ਹਾਂ ਦੀ ਅਗਵਾਈ ਵਿਚ ਇਸ ਪੋਥੀ ਦੀ ਸੰਪਾਦਨਾ ਡਾ. ਨਰਿੰਦਰ ਕੌਰ ਭਾਟੀਆ ਨੇ ਕਈ ਹੋਰ ਹੱਥ-ਲਿਖਤਾਂ ਵਾਚਣ ਤੋਂ ਬਾਅਦ ਜਨਵਰੀ, ੧੯੭੮ ਈ. ਵਿਚ ਖੁਦ ਹੀ ਪ੍ਰਕਾਸ਼ਿਤ ਕਰਵਾਈ।

**ਕਰਤਾ**

ਵਿਚਾਰਅਧੀਨ ਪੋਥੀ ਦੇ ਸੰਗ੍ਰਹਿ ਕਰਤਾ ਬਾਰੇ ਕੋਈ ਪੁਖਤਾ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਸਾਖੀਆਂ ਦਾ ਸੰਗ੍ਰਹਿ ਕਰਤਾ ਕੋਈ ਸ਼ਰਧਾਵਾਨ ਸਿੱਖ ਹੈ, ਜਿਸ ਦੀ ਭਾਵਨਾ ਸੰਗਤ ਨੂੰ ਗੁਰ-ਉਪਦੇਸ਼ ਦ੍ਰਿੜ੍ਹ ਕਰਵਾਉਣਾ ਸੀ।

**ਬਣਤਰ**

ਮੂਲ ਰੂਪ ਵਿਚ ਇਹ ਇਕ ਛੋਟੇ ਆਕਾਰ ਦੀ ਰਚਨਾ ਹੈ, ਜਿਸ ਵਿਚ ਕੁੱਲ ੩੮ ਸਾਖੀਆਂ ਦਰਜ ਹਨ। ਇਨ੍ਹਾਂ ਸਾਖੀਆਂ ਦਾ ਆਕਾਰ ਵੀ ਕਿਤੇ ਛੋਟਾ ਹੈ, ਕਿਤੇ ਇਹ ਵੱਡ-ਆਕਾਰੀ ਹਨ। ਪੋਥੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਹਿੱਸੇ ਵਿਚ ਪੋਥੀ ਦੀ ਵਿਥਿਆ, 'ਸਾਖੀ' ਸ਼ਬਦ ਦੀ ਪ੍ਰਕਿਰਤੀ, ਪੰਜਾਬੀ ਵਿਚ 'ਵਚਨ' ਸਾਹਿਤ ਦੀ ਪਰੰਪਰਾ, ਗੁਰ-ਵਚਨਾਂ ਦੇ ਛੇ ਸਰੋਤ, ਸਰੋਤਾਂ ਦਾ ਤੁਲਨਾਤਮਿਕ ਅਧਿਐਨ, ਗ੍ਰੰਥ-ਕਰਤਾ ਤੇ ਸਮਾਂ, ਵਿਸ਼ਾ-ਵਸਤੂ ਅਤੇ ਭਾਸ਼ਾ ਆਦਿ ਪੱਖਾਂ ਉੱਤੇ ਵਿਚਾਰ ਦਰਜ ਹਨ। ਦੂਜੇ ਹਿੱਸੇ ਵਿਚ ਸਾਖੀਆਂ ਦਾ ਮੂਲ ਪਾਠ ਹੈ। ਵਰਣਨਯੋਗ ਹੈ ਕਿ ਸਾਖੀਆਂ ਦਾ ਆਧਾਰ ਬੇਸ਼ੱਕ ਗੁਰਬਾਣੀ ਹੈ, ਪਰੰਤੂ ਇਨ੍ਹਾਂ ਸਾਖੀਆਂ ਵਿਚ ਸਾਧਾਰਨ ਗੱਲ-ਬਾਤ ਰਾਹੀਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦ੍ਰਿੜ੍ਹ ਕਰਵਾਈਆਂ ਗਈਆਂ ਹਨ।

ਨਿਰਸੰਦੇਹ ਪੋਥੀ ਵਿਚਲੀਆਂ ਸਾਖੀਆਂ ਗੁਰੂ ਸਾਹਿਬਾਨ ਦੁਆਰਾ ਉਚਾਰੀਆਂ ਗਈਆਂ ਹਨ, ਪਰੰਤੂ ਇਨ੍ਹਾਂ ਤੋਂ ਇਹ ਨਹੀਂ ਪਤਾ ਚਲਦਾ ਕਿ ਕਿਹੜੀ ਸਾਖੀ ਕਿਹੜੇ ਗੁਰੂ ਸਾਹਿਬਾਨ ਦੇ ਮੁੱਖੋਂ ਉਚਾਰੀ ਗਈ ਹੈ। ਇਨ੍ਹਾਂ ੩੮ ਸਾਖੀਆਂ ਵਿੱਚੋਂ ਕੇਵਲ ੩ ਅਜਿਹੀਆਂ ਸਾਖੀਆਂ ਹਨ, ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਨਾਂ ਦਰਜ ਹਨ। ਮਿਸਾਲ ਵਜੋਂ ਪ੍ਰਕਾਸ਼ਿਤ ਰੂਪ ਵਿਚ ਸਾਖੀ ਨੰਬਰ ੨੪ ਵਿਚ 'ਸਾਖੀ ਗੁਰੂ ਅਮਰਦਾਸ ਜੀ ਕੀ' ਲਿਖਿਆ ਮਿਲਦਾ ਹੈ। ਇਸੇ ਤਰ੍ਹਾਂ ਸਾਖੀ ਨੰਬਰ ੨੭ ਦੇ ਅਰੰਭ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਾਮ ਦਰਜ ਹੈ।

**ਰਚਨਾ-ਕਾਲ**

'ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ' ਦਾ ਰਚਨਾ-ਕਾਲ ਕੋਈ ਇਕ ਨਹੀਂ, ਕਿਉਂਕਿ ਇਸ ਵਿਚ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਸਾਖੀਆਂ ਦਾ ਵਰਣਨ ਮਿਲਦਾ ਹੈ। ਇਸ ਪ੍ਰਕਾਰ ਇਨ੍ਹਾਂ ਦਾ ਸਮਾਂ ੧੫੫੨-੧੫੭੪ ਈ. ਦੇ ਦਰਮਿਆਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਿਆਈ ਕਾਲ ਜਾਂ ਉਸ ਤੋਂ ਤੁਰੰਤ ਬਾਅਦ ਦਾ ਮੰਨਿਆ ਜਾ ਸਕਦਾ ਹੈ। ਕਈ ਸਾਖੀਆਂ ਵਿਚ ਰਹਿਤ-ਮਰਯਾਦਾ ਸਬੰਧੀ ਸਿੱਖਿਆ ਦਿੱਤੀ ਮਿਲਦੀ ਹੈ, ਜਿਸ ਤੋਂ ਉਨ੍ਹਾਂ ਦਾ ਰਚਨਾ-ਕਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜਾਂ ਉਨ੍ਹਾਂ ਤੋਂ ਬਾਅਦ ਦਾ ਮਿਥਿਆ ਜਾ ਸਕਦਾ ਹੈ। ਸਾਖੀਆਂ ਦੀ ਪ੍ਰਾਚੀਨਤਾ, ਇਨ੍ਹਾਂ ਦੇ ਅੱਖਰਾਂ ਦੀ ਬਣਤਰ, ਸ਼ਬਦ-ਰੂਪਾਂ ਅਤੇ ਭਾਸ਼ਾ ਤੋਂ ਵੀ ਸਿੱਧ ਹੁੰਦੀ ਹੈ।

**ਵਿਸ਼ਾ**

'ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ' ਦਾ ਪ੍ਰਮੁੱਖ ਵਿਸ਼ਾ ਗੁਰਮਤਿ ਦ੍ਰਿੜ੍ਹ ਕਰਵਾਉਣਾ ਹੈ। ਇਸ ਦੇ ਅੰਤਰ-ਗਤ ਅਧਿਆਤਮਵਾਦ ਦਾ ਪ੍ਰਤੱਖ ਝਲਕਾਰਾ ਪੈਂਦਾ ਹੈ। ਅਧਿਆਤਮਿਕਤਾ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਵੀ ਦ੍ਰਿੜ੍ਹ ਕਰਵਾਈਆਂ ਗਈਆਂ ਹਨ। ਸੰਖੇਪ ਵਿਚ ਸਾਖੀ ਕ੍ਰਮ-ਅਨੁਸਾਰ ਸਾਖੀਆਂ ਦੇ ਵਿਸ਼ੇ ਹਨ: ਸੋਹਣਾ-ਕਸੋਹਣਾ; ਹੁਕਮ; ਲੋਭ; ਪ੍ਰਲੋਕ ਗਮਨ; ਸਬਦ ਗੁਰੂ; ਨਾਮ; ਗੁਰੂ-ਆਗਿਆ ਮੰਨਣਾ; ਭਲਾ ਮੰਗਣਾ; ਪਰ ਦਰਬ, ਜੂਆ, ਨਿੰਦਾ, ਮਾਸ, ਸ਼ਰਾਬ ਆਦਿ ਦੀ ਮਨਾਹੀ; ਭੁੱਲਣਹਾਰ ਸਿੱਖ; ਗੁਰੂ-ਪਰਤੀਤ; ਪਤਿਵਰਤਾ ਇਸਤਰੀ; ਅੰਦਰੂਨੀ ਅਰਦਾਸ; ਹੁਕਮ ਮੰਨਣਾ; ਸੇਵਾ; ਗੁਰੂ-ਬਚਨ ਕਮਾਉਣਾ; ਸੇਵਾ ਵਿਚ ਨਿਸ਼ਚਾ; ਅਥਿਤੀ ਦੀ ਸੇਵਾ; ਸੇਵਾ ਦਾ ਫਲ; ਆਤਮਾ ਦੇ ਤਿੰਨ ਗੁਣ; ਪਰਮਾਤਮਾ ਦਾ ਸਰੂਪ; ਗੁਰੂ-ਪ੍ਰੀਖਿਆ; ਨੈਤਿਕ ਕਦਰਾਂ-ਕੀਮਤਾਂ : ਪਰਾਈ ਇਸਤਰੀ, ਅੰਨ ਖਾਣਾ, ਸੌਣਾ, ਬਹੁਤਾ ਨਾ ਬੋਲਣਾ, ਝੂਠ ਨਾ ਬੋਲਣਾ, ਭੁਲੇ ਨੂੰ ਸਮਝਾਉਣਾ, ਗ੍ਰਹਿਸਤ, ਸੁਕ੍ਰਿਤ ਅਤੇ ਆਪਾ ਨਾ ਜਣਾਉਣਾ ਆਦਿ; ਗੁਰਮੁਖਿ-ਮਨਮੁਖਿ; ਵੇਦ-ਬਾਣੀ ਤੇ ਭਗਤ-ਬਾਣੀ; ਰਾਗਬਧ ਕੀਰਤਨ; ਕੁਕਰਮ ਨਾ ਕਰਨੇ; ਸਿੱਖ ਦੇ ਕੰਮ ਅਚਿੰਤ ਸਵਾਰਣਹਾਰ; ਗੁਰੂ-ਦਰਸ਼ਨ; ਮਹਾਪੁਰਖ ਤੇ ਬਾਣੀ ਪੜ੍ਹਨੀ; ਜਪੁ (ਜੀ) ਦਾ ਮਹਾਤਮ; ਆਤਮਾ-ਪਰਮਾਤਮਾ;

ਗੁਰੂ-ਘਰ ਜਾਣ ਦੇ ਨਿਯਮ; ਸਬਦ ਗੁਰੂ ਦਾ ਭੇਦ; ਸੰਗਤ ਵਿਚ ਅਰਦਾਸ; ਕਰਨਯੋਗ ਅਤੇ ਵਿਵਰਜਿਤ ਕਰਮ ਅਤੇ ਹੰਸ ਸੇਵਾ ਆਦਿ।

ਉਕਤ ਵਿਸ਼ਿਆਂ ਦੀ ਪੜਚੋਲ ਕਰਦਿਆਂ ਪਤਾ ਚਲਦਾ ਹੈ ਕਿ ਸਾਖੀਆਂ ਦਾ ਸਰੂਪ ਅਧਿਆਤਮਿਕ ਹੋਣ ਦੇ ਨਾਲ-ਨਾਲ ਨੈਤਿਕ ਵੀ ਹੈ। ਅਧਿਆਤਮਿਕ ਸਰੂਪ ਦੀਆਂ ਸਾਖੀਆਂ ਵਿੱਚੋਂ 'ਗੁਰੂ', ਵਿਸ਼ੇਸ਼ ਤੌਰ ਉੱਤੇ 'ਸਬਦੁ ਗੁਰੂ' ਦੀ ਮਹੱਤਤਾ ਉਜਾਗਰ ਹੁੰਦੀ ਹੈ। 'ਗੁਰੂ' ਪ੍ਰਥਾਇ ਮਿਲਦੀ ਇੱਕ ਸਾਖੀ ਦਾ ਵੇਰਵਾ ਹੇਠ ਦਿੱਤੇ ਅਨੁਸਾਰ ਹੈ :

*ਗੁਰੂ ਪਾਸਿ ਸਿਖ ਬੈਠੇ ਸੇ। ਗੁਰੂ ਦਯਾਲੁ ਹੋਇਆ॥ ਸਿਖ ਬੋਲਨਿ ਜੁ ਪਾਤਿਸਾਹੁ ਵਾਰੇ ਤੁਧੁ ਵਿਟਹੁ॥ ਫਿਰਿ ਗੁਰੂ ਬੋਲਿਆ ਹਉ ਵਾਰਿਆ ਤੁਸਾ ਵਿਟਹੁ॥ ਸਿਖਾ ਅਰਦਾਸਿ ਕੀਤੀ ਪਾਤਸਾਹਿ ਕਿ ਰਜਾਇ ਹੈ॥ ਇਉ ਆਖੀਦਾ ਹੈ॥ ਬਚਾ ਹਉ ਜੁ ਪਰਮੇਸਰ ਨੋ ਅਰਾਧਦਾ ਅਸਾ ਸੁ ਦੇਖ ਕੈ ਅਰਾਧਦਾ ਅਸਾ॥ ਮੇਰੈ ਅੰਦਰਿ ਪਰਤੀਤਿ ਆਈ ਹੈ। ਮਿਲਿ ਕੈ ਅਰਾਧਦਾ ਅਸਾ॥ ਪਰੁ ਤੁਸੀ ਬਿਨਾ ਡਿਠੇ ਬਿਨਾ ਮਿਲੇ ਬਿਨਾ ਪਰਤੀਤਿ ਆਈ ਗੁਰੂ ਨੋ ਪਰਮੇਸਰ ਕਰਿ ਕੈ ਪੂਜਦੇ ਅਸਹ॥ ਇਤੁ ਵਾਸਤੈ ਹਉ ਤੁਸਾ ਵਿਟਹੁ ਵਾਰਿਆ॥ ਜਿਨਾ ਦੈ ਅੰਦਰਿ ਏਹ ਪਰਤੀਤਿ ਆਈ ਹੈ॥੧੨॥*[੫]

ਇਸੇ ਤਰ੍ਹਾਂ ਇੱਕ ਸਾਖੀ ਵਿਚ 'ਸਬਦੁ ਗੁਰੂ' ਦੀ ਵਡਿਆਈ ਦਰਸਾਈ ਗਈ ਹੈ :

*ਸਬਦੁ ਗੁਰੂ ਹੈ ਸੁਰਤਿ ਚੇਲਾ ਹੈ॥ ਜੁ ਸਬਦੈ ਨਉ ਮਿਲਿਆ॥ ਸੁ ਗੁਰੂ ਪਾਰਬ੍ਰਹਮ ਪਰਮੇਸਰ ਨੋ ਮਿਲਿਆ॥ ਸੰਸਾਰੁ ਸਬਦੈ ਥਾ ਭੇਦੁ ਪਾਇਦਾ ਨਾਹੀ॥ ਜੇ ਕੋਈ ਸਬਦੈ ਥਾ ਭੇਦੁ ਲਹੈ॥ ਤਤਕਾਲੀ ਗੁਰੂ ਮਿਲੈ॥ ਪਰੁ ਸੰਸਾਰੁ ਸਬਦਉ ਘੁਥਾ ਫਿਰਦਾ ਹੈ॥ ਅਤੇ ਵਿਛੜਿ ਚੋਟਾ ਖਾਦਾ ਹੈ॥ ਜੇ ਕੋਈ ਸਬਦੈ ਨਾਲਿ ਪ੍ਰੀਤਿ ਲਾਇ ਸਿ ਪਰਮੇਸਰੁ ਨਾਲਿ ਪ੍ਰੀਤਿ ਲਾਏ॥ ਸਬਦੁ ਕੀ ਪ੍ਰੀਤਿ ਪਰਮੇਸਰੁ ਕੀ ਪ੍ਰੀਤਿ ਹੈ॥ ਪ੍ਰੀਤਿ ਲਾਇ ਕਰਿ ਅੰਬ੍ਰਿਤ (ਅੰਮ੍ਰਿਤ) ਪੀ ਅਘਾਵੈ॥ ਉਸਨੋ ਕਿਤੈ ਬੋਲੈ ਦੀ ਤਿਸਨਾ ਰਹੈ ਨਾਹੀ॥ ਉਸ ਪੁਰਖੈ ਨੋ ਸਭੁ ਤ੍ਰਿਭਵਣ ਕੀ ਸੋਝੀ ਹੋਏ ਆਵੈ॥ ਅਤੇ ਉਹ ਪਰਮੇਸਰ ਕੀ ਮੂਰਤਿ ਹੋਵੈ ਅਤੈ ਸੰਸਾਰੁ ਸਭੁ ਉਸੁ ਪੁਰਖੁ ਕਾ ਸੇਵਕੁ ਹੋਵੈ॥ ਜੇਤਾ ਪਰਮੇਸਰ ਕਾ ਪਰਤਾਪੁ ਤੇਤਾ ਉਸ ਪੁਰਖੁ ਕਾ॥੩੫॥*[੬]

ਇਕ ਸਾਖੀ ਵਿਚ ਨਿਗੁਰੇ ਦੀ ਕਥਾ ਦਾ ਵਰਣਨ ਵੀ ਮਿਲਦਾ ਹੈ :

*ਕਿਨੈ ਸਿਖਿ ਗੁਰੂ ਪੁਛਿਆ ਜੁ ਪਾਤਿਸਾਹ ਕੋਈ ਸਦੇਹੋ {ਸਣਦੇਹੀ} ਮੁਕਤਿ ਹੋਦਾ ਹੈ॥ ਫਿਰਿ ਗੁਰੂ ਬੋਲਿਆ ਜੁ ਬਚਾ ਨਾਮਦੇਉ ਸਦੇਹੋ ਮੁਕਤੁ ਹੋਆ॥ ਪਰਮੇਸਰ ਕੈ ਦੁਆਰੈ ਗਇਆ॥ ਅਗਹੁ ਭਗਤ ਬੋਲਿ ਉਠੇ ਕਿ ਆਉ ਨਾਮਦੇਉ ਨਿਗੁਰਾ॥ ਆਗੈ ਭਗਤਾ ਤੇ ਵਖਿ ਬਹਾਲੀਐ॥ ਤਾ ਨਾਮੇ ਭਗਤ ਪੁਛੇ ਜਿ ਮੈ ਵਿਚਿ ਕਿ ਗੁਨਾਹੁ ਹੈ॥ ਤਾ ਭਗਤ ਬੋਲੇ ਜਿ ਏਹ ਦੇਹੀ ਏਥੇ ਕੰਮਿ ਨਾਹੀ ਆਉਦੀ॥ ਤਾ ਨਾਮਾ ਅਰਦਾਸਿ ਕਰਿ ਕੈ ਫਿਰਿ ਆਇਆ॥ ਆਪਣਾ ਸਬਦੁ ਗੁਰੂ {ਕਰਿ} ਕੈ ਫਿਰਿ ਸਮਾਣਾ॥੬॥*[੭]

ਜਪੁ ਜੀ ਸਾਹਿਬ ਦੇ ਮਹਾਤਮ ਬਾਰੇ ਇੱਕ ਸਾਖੀ ਇਉਂ ਮਿਲਦੀ ਹੈ :

*ਜੇ ਕੋਈ ਸਿਖੁ ਪਉਣੁ ਅਸਥਿਰੁ ਰਖਿ ਕਰਿ {ਮਨੁ ਲਾਇ ਕਰਿ ਸੁਚੇਤ} ਜਪੁ ਪੜੈ*

*ਨਿਰੰਚੋ॥ ਜੀਉ ਪੜਦਿਆ ਚਿਤੁ ਅਨਿਤ ਚਲਿ ਜਾਵੈ ਨਾਹੀ॥ ਅਤੈ ਆਦਿ ਅੰਤਿ ਤੀਕੁ ਪੜਦਿਆ ਮਨੁ ਹਜੂਰਿ ਰਹੈ॥ਤਾ ਓਸੁ ਪੁਰਖੁ ਨੋ ਸੰਸਾਰੁ ਸਵਧਾਨੁ ਜੈਕਾਰੁ ਕਰਦਾ ਪਿਛੈ ਲਗਾ ਫਿਰੈ॥ ਅਤੈ ਲਛਮੀ ਭੀ ਅਚਿੰਤੁ ਨਾਲੇ ਆਇ ਵੜੈ॥ ਅਤੇ ਸਮਾਧਿ ਕੈ ਵਿਖੈ ਗੁਪਤ ਜਿਤੜੈ ਹੈਨਿ ਤਿਤੜੈ ਡੰਡਉਤਿ ਉਸੁ ਪੁਰਖੁ ਨੋ ਕਰਨਿ॥ ਜਪ ਥੀ ਉਪਰਿ ਮੰਤ੍ {ਕੋਈ} ਨਾਹੀ॥ ਸਿਰਿ ਮੰਤ੍ਰਾ ਕੈ ਮੰਤ੍ ਜਪੁ ਹੈ॥ ਜੇ ਕੋਈ ਧਿਆਨੁ ਲਾਇ ਕਰੁ ਪਰ ਆਤਮੇ ਨਾਲ ਪੜੈ ਅਕੈ ਸੁਣੈ ਤਾ ਉਸ ਪੁਰਖ ਨੋ ਨਉਨਿਧੀ ਪਿਛੈ ਲਗੀਆ ਫਿਰਨਿ॥ ਪੋਹਿ ਕਿਛੁ ਸਕੈ ਨਾਹੀ॥੩੨॥*

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁੱਖੋਂ ਗੁਰਬਾਣੀ ਦਾ ਰਾਗਾਤਮਕ ਕੀਰਤਨ ਕਰਨ ਸਬੰਧੀ ਉੱਚਰੇ ਵਾਕ ਦਰਸਾਉਂਦੀ ਇਕ ਸਾਖੀ ਇਉਂ ਮਿਲਦੀ ਹੈ :

*ਸ੍ਰੀ ਸਤਿਗੁਰੂ ਅਰਜਨਿ ਆਖਿਆ ਸਬਦੁ ਰਾਗਿ ਪਾਇ ਅੰਮ੍ਰਿਤ ਹੈ॥ ਰਾਗਿ ਪਾਇ ਗਾਵੀਐ ਤਾ ਮਹਾ ਅੰਮ੍ਰਿਤੁ ਹੋਇਆ॥ ਆਤਮੈ ਟੰਤਰਿ ਭੇਦੈ॥ ਅਤੇ ਜੇ ਬਿਨਾ ਰਾਗ {ਭੋਲੈ ਭਾਏ ਗਾਵੀਐ ਤਾ ਭੀ (ਮਹਾ) ਅੰਮ੍ਰਿਤ ਹੈ} ਅਤੈ ਜੇ ਮਧਮ ਰਾਗਿ ਗਾਵੀਐ ਤਾ ਭੀ ਮਹਾ ਅੰਮ੍ਰਿਤ ਹੈ॥ ਪਰੁ ਰਾਗਿ {ਜਾਣ ਨੋ} {ਅਜਾਣ ਨੋ} ਭੀ ਭੇਦਦਾ ਹੈ॥ ਅਤੇ ਬਿਨਾ ਰਾਗ ਅਜਾਣ ਨੋ ਨਾਹੀ ਭੇਦਦਾ॥ ਪਰੁ ਸੁਣੇ ਤੇ ਸਭਨਾ ਨੋ ਫਲੁ ਦੇਦਾ ਹੈ॥*[੮]

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ 'ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ' ਨਾਮੀ ਸਰੋਤ ਗ੍ਰੰਥ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨਾਲ ਸੰਬੰਧਿਤ ਇਕ ਵੱਡਮੁੱਲਾ ਸਰੋਤ ਹੈ, ਜਿਸ ਤੋਂ ਗੁਰਬਾਣੀ ਸਿਧਾਂਤਾਂ ਦੀ ਸੁਖੈਨ ਵਿਆਖਿਆ ਪ੍ਰਾਪਤ ਹੁੰਦੀ ਹੈ। ਇਹ ਸਾਖੀਆਂ ਜਿੱਥੇ ਜਨਮਸਾਖੀ ਪਰੰਪਰਾ ਵਿਚ ਵਾਧਾ ਕਰਦੀਆਂ ਹਨ, ਉੱਥੇ ਸਾਹਿਤਕ ਖੇਤਰ ਵਿਚ ਵੀ ਵਾਧਾ ਕਰਦੀਆਂ ਹਨ।

**ਹਵਾਲੇ**


੧. ਭਗਤ ਸਿੰਘ (ਭਾਈ), *ਗੁਰਬਿਲਾਸ ਪਾਤਸ਼ਾਹੀ ੬*, (ਸੰਪਾ.), ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਡਾ. ਅਮਰਜੀਤ ਸਿੰਘ, ਧਰਮ ਪ੍ਰਚਾਰ ਕਮੇਟੀ (SGPC), ਸ੍ਰੀ ਅੰਮ੍ਰਿਤਸਰ, ੧੯੯੮, ਅਧਿਆਇ/ਬੰਦ/ਪੰਨਾ – ੨੧/੬੧੯/੭੯੪.

੨. ਡਾ. ਗੰਡਾ ਸਿੰਘ, *ਸਿੱਖ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੪੭.

੩. ਗਿ. ਗਿਆਨ ਸਿੰਘ, *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ,੧੯੮੭.ਪੰਨਾ ੧੪੯.

੪. ਨਰਿੰਦਰ ਕੌਰ ਭਾਟੀਆ (ਡਾ.) (ਸੰਪਾ.), *ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ*, ਪ੍ਰਕਾਸ਼ਕ ਖੁਦ, ਸ੍ਰੀ ਅੰਮ੍ਰਿਤਸਰ, ੧੯੭੮, ਪੰਨਾ ੧.

੫. *ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ*, ਪੰਨਾ ੪੦.

੬. *ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ*, ਪੰਨਾ ੫੬.

੭. *ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ*, ਪੰਨਾ ੩੮.

੮. *ਸ੍ਰੀ ਸਤਿਗੁਰੂ ਜੀ ਦੇ ਮੁਹੈਂ ਦੀਆਂ ਸਾਖੀਆਂ*, ਪੰਨਾ ੫੨.

# ਭਗਤ ਰਵਿਦਾਸ ਜੀ ਦੀ ਬਾਣੀ ਦੇ ਸੰਦੇਸ਼ ਤੇ ਉਪਦੇਸ਼

*-ਡਾ. ਰਾਜਵਿੰਦਰ ਸਿੰਘ ਜੋਗਾ**

ਹਿੰਦੁਸਤਾਨ ਵਿਚ ਬਹੁਤ ਸਾਰੇ ਭਗਤ ਹੋਏ, ਪਰ ਭਗਤ ਪਰੰਪਰਾ ਦੀ ਲੜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਆਧਾਰ 'ਤੇ ਪ੍ਰਥਮ ਸਥਾਨ ਭਗਤ ਕਬੀਰ ਜੀ ਨੂੰ ਹੈ, ਦੂਜਾ ਭਗਤ ਨਾਮਦੇਵ ਜੀ ਅਤੇ ਤੀਜਾ ਭਗਤ ਰਵਿਦਾਸ ਜੀ ਨੂੰ। ਇੱਥੇ ਅਸੀਂ ਕੇਵਲ ਭਗਤ ਰਵਿਦਾਸ ਜੀ ਤੇ ਉਨ੍ਹਾਂ ਦੀ ਬਾਣੀ ਬਾਰੇ ਵਿਚਾਰ ਕਰਾਂਗੇ। ਭਗਤ ਰਵਿਦਾਸ ਜੀ ਸਮਾਜਿਕ ਤੌਰ 'ਤੇ ਮੰਨੀ ਜਾਂਦੀ ਅਖੌਤੀ ਸ਼ੂਦਰ (ਚਮਾਰ) ਜਾਤੀ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਤੋਂ ਪੂਰਬਲਾ ਸਮਾਂ ਤਾਂ ਬਹੁਤ ਹੀ ਭਿਆਨਕ ਸੀ, ਜਿਸ ਵਿਚ ਸ਼ੂਦਰ ਅਤੇ ਹੋਰ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਰੂਹਾਨੀ ਤੇ ਆਤਮਿਕ ਮੰਡਲ ਵੱਲ ਜਾਣ ਦੀ ਤਾਂ ਕੀ, ਵੇਖਣ ਦੀ ਵੀ ਆਗਿਆ ਨਹੀਂ ਸੀ। ਇਸ ਦੀ ਉਲੰਘਣਾ ਕਰਨ ਦਾ ਦੰਡ ਮੌਤ ਸੀ, ਜਿਸ ਦੀ ਉਦਾਹਰਨ ਸ੍ਰੀ ਰਾਮ ਚੰਦਰ ਦੁਆਰਾ ਸ਼ੰਬੂਕ (ਇਕ ਅਖੌਤੀ ਸ਼ੂਦਰ ਜਾਤੀ ਵਿੱਚੋਂ) ਵਰਗੇ ਮਹਾਂਪੁਰਸ਼ ਦੁਆਰਾ ਜੰਗਲ ਵਿਚ ਲੁਕ-ਛੁਪ ਕੇ ਪ੍ਰਭੂ ਦੀ ਬੰਦਗੀ (ਭਗਤੀ) ਕਰਨ ਬਦਲੇ, ਉਸ ਦਾ ਸਿਰ ਵੱਢ ਦਿੱਤਾ ਗਿਆ ਸੀ। ਸਮੇਂ ਦੇ ਬਦਲਾਓ ਨਾਲ ਭਾਵੇਂ ਅਜਿਹੀ ਹੋਰ ਕੋਈ ਘਟਨਾ ਨਹੀਂ ਘਟੀ, ਪਰ ਫਿਰ ਵੀ ਇਨ੍ਹਾਂ (ਅਖੌਤੀ ਸ਼ੂਦਰਾਂ) ਦੀ ਹਾਲਤ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਤੇ ਸੱਭਿਆਚਾਰਕ ਪੱਖੋਂ ਸੰਤੋਖਜਨਕ ਨਹੀਂ ਸੀ। ਪ੍ਰੋ. ਦੀਵਾਨ ਸਿੰਘ ਲਿਖਦੇ ਹਨ ਕਿ ਹਜ਼ਾਰਾਂ ਸਾਲਾਂ ਦੀ ਦੁਰਦਸ਼ਾ ਤੋਂ ਬਾਅਦ, ਜਦੋਂ ਉਨ੍ਹਾਂ ਦਾ ਜੀਵਨ ਅਜੇ ਵੀ ਜਾਨਵਰਾਂ ਦੇ ਪੱਧਰ ਤੋਂ ਨੀਵਾਂ ਸੀ, ਉਨ੍ਹਾਂ ਵਿੱਚੋਂ ਉਠ ਕੇ ਭਗਤ ਰਵਿਦਾਸ ਜੀ ਅਕਾਸ਼ ਮੰਡਲ ਵਿਚ ਇਕ ਤਾਰੇ ਵਾਂਗ ਚਮਕੇ। ਉਨ੍ਹਾਂ ਬਨਾਰਸ ਦੇ ਮਸ਼ਹੂਰ ਪੰਡਤਾਂ ਦੀ ਅਗਵਾਈ ਕੀਤੀ।[੧]

ਭਗਤ ਰਵਿਦਾਸ ਜੀ ਦੇ ਜਨਮ, ਸਥਾਨ ਤੇ ਜਨਮ ਮਿਤੀ ਬਾਰੇ ਮਿਲਦੇ ਤੱਥਾਂ ਵਿਚ ਇਕਸਾਰਤਾ ਨਹੀਂ, ਪਰ ਬਹੁਤੇ ਵਿਦਵਾਨਾਂ ਦੀ ਸਹਿਮਤੀ ਬਨਾਰਸ, ਉੱਤਰ ਪ੍ਰਦੇਸ਼ ਵਿਚ ਸੰਨ ੧੩੭੬ ਈ. ਨਾਲ ਹੈ। ਭਗਤ ਰਵਿਦਾਸ ਜੀ ਨੇ ੧੬ ਰਾਗਾਂ ਵਿਚ ੪੦ ਸ਼ਬਦ ਉਚਾਰਨ ਕੀਤੇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਹੋਰ ਵੀ ਬਾਣੀ ਲਿਖੀ ਮੰਨੀ ਜਾਂਦੀ ਹੈ, ਪਰ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦੇ ਹਵਾਲੇ ਨਾਲ ਹੀ ਗੱਲ ਕਰਾਂਗੇ। ਭਗਤ ਜੀ ਨੇ ਜਦੋਂ ਆਪਣੇ ਸਮਕਾਲੀ ਸਮਾਜ ਨੂੰ ਪਖੰਡ, ਦੰਭ ਤੇ ਵਿਖਾਵੇ ਦੇ ਕਰਮ-ਕਾਂਡਾਂ ਵਿਚ ਉਲਝੇ ਹੋਏ ਵੇਖਿਆ, ਤਾਂ ਆਪ ਨੇ ਨਿਸ਼ਚਿਤ ਸਦਾਚਾਰਕ ਨਿਯਮਾਂ ਦਾ ਪ੍ਰਚਾਰ ਕੀਤਾ। ਆਪ ਜੀ ਦੀ ਬਾਣੀ ਧਾਰਮਿਕ, ਸਮਾਜਿਕ, ਆਰਥਿਕ,

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*
*ਮੋ. +੯੧੯੫੦੧੩-੦੦੪੫੯*

ਰਾਜਨੀਤਿਕ ਤੇ ਸਦਾਚਾਰੀ ਪੱਖ ਤੋਂ ਨਿਘਰ ਚੁੱਕੇ ਲੋਕਾਂ ਨੂੰ ਨੈਤਿਕ-ਕਦਰਾਂ ਕੀਮਤਾਂ ਤੋਂ ਜਾਣੂ ਕਰਵਾਉਂਦੀ ਹੋਈ ਸਰਬ-ਲੋਕਾਈ ਨੂੰ ਕਲਿਆਣਕਾਰੀ ਸੰਦੇਸ਼ ਦਿੰਦੀ ਹੈ। ਕਿਸੇ ਵੀ ਸੰਤ, ਮਹਾਂਪੁਰਸ਼ ਜਾਂ ਭਗਤ ਦੀ ਵਿਚਾਰਧਾਰਾ ਦਾ ਅਧਿਐਨ ਸੀਮਿਤ ਵਿਸ਼ਿਆਂ ਵਿਚ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਨ੍ਹਾਂ ਦੀ ਸੋਚ ਤੇ ਵਿਚਾਰਧਾਰਾ ਦਾ ਘੇਰਾ ਬਹੁਤ ਵਿਸ਼ਾਲ ਹੁੰਦਾ ਹੈ। ਇਸ ਲਈ ਇੱਥੇ ਭਗਤ ਰਵਿਦਾਸ ਜੀ ਦੀ ਬਾਣੀ ਵਿੱਚੋਂ ਕੁਝ-ਕੁ-ਵਿਸ਼ਿਆਂ 'ਤੇ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ, ਜਿਵੇਂ- ਪਰਮਾਤਮਾ ਇੱਕ ਅਤੇ ਸਰਬ-ਵਿਆਪਕ ਹੈ; ਸਿਮਰਨ / ਪ੍ਰੇਮਾ ਭਗਤੀ; ਜਾਤ-ਪਾਤ; ਮੂਰਤੀ ਪੂਜਾ ਦਾ ਖੰਡਨ; ਸੱਚੀ ਕਿਰਤ ਤੇ ਨਾਸ਼ਮਾਨਤਾ ਆਦਿ। ਇਨ੍ਹਾਂ ਵਿਸ਼ਿਆਂ ਨੂੰ ਹੇਠ ਲਿਖੇ ਅਨੁਸਾਰ ਵਿਚਾਰਿਆ ਜਾ ਸਕਦਾ ਹੈ:-

**ਪਰਮਾਤਮਾ ਇੱਕ ਅਤੇ ਸਰਬ-ਵਿਆਪਕ ਹੈ**

ਹਿੰਦੁਸਤਾਨ ਬਹੁ-ਧਰਮੀ ਦੇਸ਼ ਹੈ। ਇਸ ਵਿਚ ਅਨੇਕਾਂ ਮਤਾਂ ਦੇ ਲੋਕ ਰਹਿੰਦੇ ਹਨ ਜਿਵੇਂ ਕਿ ਇੱਕ-ਈਸ਼ਵਰਵਾਦੀ, ਬਹੁ-ਈਸ਼ਵਰਵਾਦੀ ਤੇ ਅਨ-ਈਸ਼ਵਰਵਾਦੀ। ਜਦੋਂ ਰਾਜਸੀ ਸੱਤਾ ਹੱਥਾਂ ਵਿਚ ਹੋਵੇ ਤੇ ਬਹੁ-ਈਸ਼ਵਰਵਾਦੀ ਦੇ ਧਰਮ ਦੀ ਉੱਚ ਸ਼੍ਰੇਣੀ ਦਾ ਬੋਲਬਾਲਾ ਹੋਵੇ, ਤਾਂ ਇੱਕ ਪਰਮਾਤਮਾ ਦਾ ਸੰਦੇਸ਼ ਦੇਣਾ ਬਿਖਮ ਕਾਰਜ ਹੈ। ਭਗਤ ਰਵਿਦਾਸ ਜੀ ਨੇ ਅਜਿਹੇ ਸਮੇਂ ਇੱਕ ਪਰਮਾਤਮਾ ਦਾ ਸੰਦੇਸ਼ ਦਿੱਤਾ। ਡਾ. ਕੁਲਦੀਪ ਸਿੰਘ ਧੀਰ ਲਿਖਦੇ ਹਨ ਕਿ ਅਜਿਹੇ ਮਾਹੌਲ ਵਿਚ ਵੀ ਕੋਈ ਨਿਰਭੈਅ, ਨਿਰਵੈਰ ਤੇ ਸਿਹਤਮੰਦ ਸ਼ਖ਼ਸੀਅਤ ਪੈਦਾ ਹੋਵੇ ਤਾਂ ਕ੍ਰਿਸ਼ਮਾ ਹੀ ਕਿਹਾ ਜਾ ਸਕਦਾ ਹੈ। ਭਗਤ ਰਵਿਦਾਸ ਜੀ ਇਕ ਐਸਾ ਹੀ ਕ੍ਰਿਸ਼ਮਾ ਸਨ। ਉਹ ਨਿਰਭੈਅ, ਨਿਰਵੈਰ, ਮਾਨਵਵਾਦੀ ਵਿਚਾਰਾਂ ਵਾਲੀ ਸ਼ਖ਼ਸੀਅਤ ਸਨ ਜੋ ਹਰ ਪ੍ਰਕਾਰ ਦੀ ਹੀਣ- ਭਾਵਨਾ ਤੋਂ ਮੁਕਤ ਹੋ ਕੇ ਜੀਵਨ ਦੇ ਕਰਮ-ਖੇਤਰ ਵਿਚ ਵਿਚਰਦੇ ਹੋਏ ਇੱਕ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦਾ ਭੈ ਨਹੀਂ ਸਨ ਮੰਨਦੇ।[੨] ਪਰਮਾਤਮਾ ਦੀ ਏਕਤਾ ਬਾਰੇ ਗੁਰੂ ਸਾਹਿਬਾਨ, ਭਗਤ ਤੇ ਭੱਟ ਸਾਹਿਬਾਨ ਇਕਮਤ ਹਨ। ਭਗਤ ਰਵਿਦਾਸ ਜੀ ਪਰਮਾਤਮਾ ਦੀ ਏਕਤਾ ਅਤੇ ਸਰਬ-ਵਿਆਪਕ ਸਰੂਪ ਨੂੰ ਬਿਆਨ ਕਰਦੇ ਹੋਏ ਕਹਿੰਦੇ ਹਨ- *'ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ'*, *'ਸਭ ਘਟ ਭੀਤਰਿ ਹਾਟੁ ਚਲਾਵੈ'*[੩] ਭਾਵ ਉਹ ਪ੍ਰਭੂ-ਖਸਮ ਅਨੇਕਾਂ ਰੂਪ ਬਣਾ ਕੇ ਸਾਰਿਆਂ ਵਿਚ ਇੱਕ ਰਸ ਆਪ ਹੈ, ਸਭ ਘਟਾਂ ਵਿਚ ਆਪ ਹੀ ਬੈਠਾ ਜਗਤ ਦੇ ਰੰਗ ਮਾਣ ਰਿਹਾ ਹੈ। ਉਹ ਸਾਰੇ ਸਰੀਰਾਂ ਵਿਚ ਬੈਠਾ ਹੋਇਆ ਆਪ ਹੀ ਰਿੱਜਕ ਦਾ ਆਹਰ ਪੈਦਾ ਕਰ ਰਿਹਾ ਹੈ। ਪਰ ਮਨੁੱਖ ਇਸ ਸੰਸਾਰ ਵਿਚ ਦੂਜਿਆਂ ਦਾ ਸਹਾਰਾ ਲੱਭਦਾ-ਫਿਰਦਾ ਹੈ। ਭਗਤ ਜੀ ਕਹਿੰਦੇ ਕਿ ਸਾਰਾ ਜਗ ਮੈਂ-ਮੇਰੀ ਵਿਚ ਲੱਗਿਆ ਹੋਇਆ ਹੈ ਤੇ ਉਹ ਜਾਇਦਾਦ ਤੇ ਸਾਕ-ਸੰਬੰਧੀਆਂ ਨੂੰ ਆਪਣਾ ਸਮਝ ਕੇ ਲੁੱਟਿਆ ਜਾ ਰਿਹਾ ਹੈ। ਮੈਂ ਉਸ ਇੱਕ ਪਰਮਾਤਮਾ ਨੂੰ ਸਿਮਰ ਕੇ ਉਸ ਦੇ ਲੜ ਲੱਗ ਕੇ ਤਰ ਗਿਆ ਹਾਂ- *ਕਹਿ ਰਵਿਦਾਸ ਸਭੈ ਜਗੁ ਲੂਟਿਆ॥ ਹਮ ਤਉ ਏਕ ਰਾਮੁ ਕਹਿ ਛੂਟਿਆ॥*[੪]

**ਸਿਮਰਨ / ਪ੍ਰੇਮਾ ਭਗਤੀ**

ਭਗਤ ਜੀ ਆਪਣੀ ਬਾਣੀ ਵਿਚ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਸਿਮਰਨ ਕਰਨ, ਭਗਤੀ ਕਰਨ ਦਾ ਵਿਚਾਰ ਦ੍ਰਿੜ੍ਹ ਕਰਵਾਉਂਦੇ ਹਨ, ਕਿਉਂਕਿ ਨਾਮ-ਸਿਮਰਨ ਦੇ ਰਾਹੀਂ ਮਨੁੱਖ ਆਵਾਗਵਨ ਦੇ ਬੰਧਨਾਂ ਤੋਂ ਮੁਕਤ ਹੋ ਸਕਦਾ ਹੈ। ਭਗਤ ਜੀ ਅਨੁਸਾਰ ਪਰਮਾਤਮਾ ਦਾ ਨਾਮ ਹੀ ਸੱਚਾ ਹੈ ਅਤੇ ਬਾਕੀ ਦੁਨੀਅ ਦਾ ਪਸਾਰਾ ਕੂੜ ਤੇ ਨਾਸ਼ਵਾਨ ਹੈ- *ਮੁਕੰਦ ਮੁਕੰਦ ਜਪਹੁ ਸੰਸਾਰ॥ ਬਿਨੁ ਮੁਕੰਦ ਤਨੁ ਹੋਇ ਅਉਹਾਰ॥ ਸੋਈ ਮੁਕੰਦੁ ਮੁਕਤਿ ਕਾ ਦਾਤਾ॥* [੫] ਭਾਵ, ਹੇ ਦੁਨੀਆ ਦੇ ਲੋਕੋ! ਮੁਕਤੀਦਾਤੇ ਪ੍ਰਭੂ ਦਾ ਸਦਾ ਸਿਮਰਨ ਕਰੋ। ਉਸ ਦੇ ਸਿਮਰਨ ਤੋਂ ਬਿਨਾਂ ਇਹ ਸਰੀਰ ਵਿਅਰਥ ਹੀ ਚਲਾ ਜਾਂਦਾ ਹੈ। ਉਹ ਪ੍ਰਭੂ ਪਰਮਾਤਮਾ ਹੀ ਦੁਨੀਆ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਵਾਲਾ ਹੈ।

ਭਗਤ ਰਵਿਦਾਸ ਜੀ ਪਰਮਾਤਮਾ ਦੀ ਭਗਤੀ ਸੰਬੰਧੀ ਸੂਫ਼ੀ ਕਵੀਆਂ ਵਾਂਗ ਪ੍ਰੇਮੀ-ਪ੍ਰੇਮਿਕਾ ਜਾਂ ਪਤੀ-ਪਤਨੀ ਦੇ ਰਿਸ਼ਤੇ ਦੀ ਤਰ੍ਹਾਂ ਉਦਾਹਰਨਾਂ ਨਹੀਂ ਦਿੰਦੇ ਅਤੇ ਨਾ ਹੀ ਗੁਰੂ ਸਾਹਿਬਾਨ ਅਨੁਸਾਰ ਵਰਤੇ ਪਿਤਾ-ਮਾਤਾ ਜਾਂ ਮਾਂ-ਪੁੱਤਰ ਦੇ ਰਿਸ਼ਤੇ ਨੂੰ ਵਰਤਦੇ ਹਨ, ਬਲਕਿ ਉਹ ਆਪਣੇ ਆਪ ਨੂੰ 'ਦਾਸ', 'ਜਨ' ਜਾਂ 'ਭਗਤ' ਰਾਹੀਂ ਸੰਬੋਧਨ ਕਰਦੇ ਹਨ- *ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ॥. . . ਤਾ ਮਹਿ ਮਗਨ ਹੋਤ ਨ ਤੇਰੋ ਜਨੁ॥ ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥* [੬] ਭਗਤ ਰਵਿਦਾਸ ਜੀ ਨੇ ਪਰਮਾਤਮਾ ਨਾਲ ਇੰਨੀ ਇਕਮਿਕਤਾ (ਅਭੇਦਤਾ) ਕਰ ਲਈ ਸੀ, ਕਿ ਉਹ ਤਾਂ ਇੱਥੋਂ ਤਕ ਕਹਿੰਦੇ- *ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥* [੭] ਭਾਵ, ਹੇ ਪ੍ਰਭੂ! ਪਰਮਾਤਮਾ ਜੇਕਰ ਅਸੀਂ ਜੀਵ ਪਾਪ ਨਾ ਕਰਦੇ ਤਾਂ ਤੇਰਾ ਨਾਮ (ਪਾਪੀਆਂ ਨੂੰ ਪਵਿੱਤਰ ਕਰਨ ਵਾਲਾ) ਪਤਿਤ ਪਾਵਨ ਕਿਵੇਂ ਹੋ ਸਕਦਾ ਸੀ! ਇੱਥੇ ਹੀ ਬਸ ਨਹੀਂ, ਭਗਤ ਜੀ ਦੀ ਪੂਰਨ ਅਭੇਦਤਾ ਦਾ ਝਲਕਾਰਾ ਇੱਥੋਂ ਮਿਲਦਾ ਹੈ, ਕਿ ਪਰਮਾਤਮਾ ਬਾਰੇ ਉਨ੍ਹਾਂ ਦਾ ਇਸ ਤਰ੍ਹਾਂ ਸੰਬੋਧਨ ਹੋਣਾ- *'ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥* [੮] ਭਾਵ, ਹੇ ਮਾਧੋ! (ਪ੍ਰਭੂ) ਜੇ ਅਸੀਂ ਮੋਹ ਦੀ ਫ਼ਾਹੀ ਵਿਚ ਬੱਝੇ ਹੋਏ ਸਾਂ, ਤਾਂ ਅਸਾਂ ਤੈਨੂੰ ਵੀ ਆਪਣੇ ਪਿਆਰ ਦੀ ਰੱਸੀ ਨਾਲ ਬੰਨ੍ਹ ਲਿਆ ਹੈ। ਅਸੀਂ ਤਾਂ (ਉਸ ਮੋਹ ਦੀ ਫ਼ਾਹੀ ਵਿੱਚੋਂ) ਤੈਨੂੰ ਸਿਮਰ ਕੇ ਨਿਕਲ ਆਏ ਹਾਂ, ਪਰ ਤੂੰ ਅਸਾਡੇ ਪਿਆਰ ਦੇ ਜਕੜ ਵਿੱਚੋਂ ਕਿਵੇਂ ਨਿਕਲੇਂਗਾ?

**ਜਾਤ-ਪਾਤ**

ਵੈਦਿਕ ਯੁੱਗ ਵਿਚ ਵਰਨ-ਵਿਵਸਥਾ ਦ੍ਰਿੜ੍ਹ ਅਤੇ ਰੂੜਵਾਦੀ ਨਹੀਂ ਸੀ, ਭਾਵੇਂ ਇਸ ਦਿਸ਼ਾ ਵੱਲ ਉਸ ਦਾ ਝੁਕਾਅ ਹੋਣਾ ਅਰੰਭ ਹੋ ਗਿਆ ਸੀ। [੯] ਪੌਰਾਣਿਕ ਯੁੱਗ ਤੋਂ ਬ੍ਰਾਹਮਣਾਂ ਦੀ ਪਦਵੀ ਪਰੰਪਰਾਗਤ ਹੋ ਚੁੱਕੀ ਸੀ। ਬ੍ਰਾਹਮਣ ਪ੍ਰਤੱਖ ਦੇਵਤਾ ਮੰਨਿਆ ਜਾਂਦਾ ਸੀ। ਬ੍ਰਾਹਮਣਾਂ ਦੇ ਮੂੰਹੋਂ ਕੱਢਿਆ ਕੋਈ ਵੀ ਬਚਨ ਵਿਅਰਥ ਨਹੀਂ ਸੀ ਜਾਂਦਾ। ਬ੍ਰਾਹਮਣ ਦੁਖ ਜਾਂ ਤਕਲੀਫ਼ ਦੇ ਸਮੇਂ ਕੋਈ ਅਯੋਗ ਕੰਮ ਵੀ ਕਰੇ ਤਾਂ ਉਹ ਕਲੰਕਿਤ ਨਹੀਂ ਮੰਨਿਆ ਜਾਂਦਾ ਸੀ। [੧੦] ਸੋ ਮੱਧਕਾਲੀ ਭਾਰਤ ਦੀ ਦਸ਼ਾ ਤੇ ਦਿਸ਼ਾ ਬਹੁਤ ਮਾੜੀ ਸੀ, ਕਿਉਂਕਿ ਮਾਨਵੀ-

ਸਮਾਜ ਵਿਚ ਮਨੂੰ ਸਿਮ੍ਰਤੀ ਦੇ ਪ੍ਰਭਾਵ ਅਧੀਨ ਵਰਨ ਵਿਵਸਥਾ ਜ਼ੋਰਾਂ 'ਤੇ ਸੀ। ਧਰਮ-ਵੰਡ, ਜਾਤ-ਪਾਤ, ਰੰਗ-ਭੇਦ, ਲਿੰਗ-ਭੇਦ ਤੇ ਨਸਲ-ਭੇਦ ਆਦਿ ਦੇ ਬੋਲਬਾਲੇ ਕਾਰਨ ਸਮਾਜ ਵਿਚ ਹਾਹਾਕਾਰ ਮੱਚੀ ਪਈ ਸੀ। ਇਸ ਸਮੇਂ ਮਨੁੱਖਤਾ ਵਿਚ ਬਹੁਤ ਨਿਘਾਰ ਆ ਚੁੱਕਾ ਸੀ। ਇਨਸਾਨੀਅਤ ਨਾਂ ਦੀ ਕੋਈ ਚੀਜ਼ ਨਹੀਂ ਸੀ। ਮਾਨਵ-ਚੇਤਨਾ ਪੂਰੀ ਤਰ੍ਹਾਂ ਨਿੱਜ-ਸੁਆਰਥ, ਨਿੱਜਵਾਦ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਬਿਨਾਂ ਕਾਰਜ ਕਰ ਰਹੀ ਸੀ। ਅਜਿਹੇ ਸਮੇਂ ਭਗਤ ਰਵਿਦਾਸ ਜੀ ਦਾ ਅਤਿ ਗ਼ਰੀਬ ਤੇ ਸਮਾਜਿਕ ਤੌਰ 'ਤੇ ਮੰਨੀ ਜਾਂਦੀ ਅਖੌਤੀ ਅਛੂਤ (ਸ਼ੂਦਰ ਚਮਿਆਰ) ਜਾਤੀ ਵਿਚ ਜਨਮ ਹੋਣਾ ਆਪਣੇ-ਆਪ ਵਿਚ ਇਕ ਸਰਾਪ ਦੀ ਤਰ੍ਹਾਂ ਸੀ। ਭਗਤ ਰਵਿਦਾਸ ਜੀ ਨੇ ਆਪਣੀ ਕਿਰਤ ਤੇ ਨੀਵੀਂ ਜਾਤ ਦੀ ਕੋਈ ਪਰਵਾਹ ਨਹੀਂ ਕੀਤੀ ਅਤੇ ਨਾ ਹੀ ਕਿਸੇ ਗੱਲ ਦਾ ਪਰਮਾਤਮਾ ਪ੍ਰਤੀ ਗਿਲ਼ਾ ਹੀ ਕੀਤਾ ਕਿ ਉਨ੍ਹਾਂ ਦਾ ਜਨਮ ਨੀਵੀਂ-ਜਾਤ ਵਿਚ ਹੋਇਆ, ਬਲਕਿ ਬੜੇ ਫ਼ਖ਼ਰ ਤੇ ਮਾਣ ਨਾਲ ਆਪਣੀ ਕਿਰਤ ਤੇ ਜਾਤੀ ਦਾ ਆਪਣੇ ਸ਼ਬਦਾਂ ਵਿਚ ਭਰਪੂਰ ਪ੍ਰਯੋਗ ਕੀਤਾ ਹੈ। ਆਪ ਜੀ ਨੇ ਮਨੁੱਖੀ ਹੋਂਦ ਨੂੰ ਸਿਰਮੌਰ ਦੱਸਦਿਆਂ ਸੰਦੇਸ਼ ਦਿੱਤਾ- *'ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥ ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥'*[੧੧] ਭਾਵ ਇਹ ਮਨੁੱਖਾ ਜਨਮ ਬੜੀ ਮੁਸ਼ਕਿਲ ਨਾਲ ਮਿਲਦਾ ਹੈ। ਇਸ ਜਨਮ ਵਿਚ ਜੇਕਰ ਪਰਮਾਤਮਾ ਦੀ ਭਗਤੀ ਨਾ ਕੀਤੀ ਤਾਂ ਇਹ ਉੱਚੀ ਜਾਤ, ਉੱਚੇ ਮਹਿਲ-ਮੁਨਾਰੇ ਕਿਸੇ ਕੰਮ ਨਹੀਂ। ਇਸ ਲਈ ਪਰਮਾਤਮਾ ਦੀ ਭਗਤੀ ਕਰਨ ਵਿਚ ਜਾਤ ਕੋਈ ਮਾਇਨੇ ਨਹੀਂ ਰੱਖਦੀ, ਬਲਕਿ ਹਿਰਦਾ ਤੇ ਕਰਮ ਸ਼ੁੱਧ ਹੋਣੇ ਚਾਹੀਦੇ ਹਨ- *'ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ॥ ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ॥'*[੧੨] ਭਗਤ ਰਵਿਦਾਸ ਜੀ ਨੇ ਮਨੁੱਖੀ ਸਾਂਝ ਤੇ ਸਹਿਹੋਂਦ ਦਾ ਅਜਿਹਾ ਸੰਦੇਸ਼ ਸਿਰਜਿਆ ਜਿਸ ਨੇ ਸਧਾਰਨ ਮਨੁੱਖ ਨੂੰ ਇਕ-ਦੂਜੇ ਦੇ ਨੇੜ੍ਹੇ ਲਿਆਂਦਾ, ਇੱਥੋਂ ਤਕ ਕਿ ਉੱਚ ਸ਼੍ਰੇਣੀ ਪ੍ਰਧਾਨ ਬ੍ਰਾਹਮਣਾਂ ਨੂੰ ਵੀ ਭਗਤ ਜੀ ਦੀ ਸ਼ਰਨ ਆ ਕੇ ਚਰਨਾਂ 'ਤੇ ਸੀਸ ਝੁਕਾਉਣਾ ਪਿਆ— *'ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥'*[੧੩]

## ਮੂਰਤੀ-ਪੂਜਾ ਦਾ ਖੰਡਨ

ਭਗਤ ਰਵਿਦਾਸ ਜੀ ਨੇ ਵੇਖਿਆ ਕਿ ਲੋਕ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਹਨ ਅਤੇ ਉਹ ਉਨ੍ਹਾਂ ਦੀ ਪੂਜਾ ਲਈ ਆਪਣੇ ਵੱਲੋਂ ਸੁੱਚੇ ਜਲ, ਫੁੱਲ ਤੇ ਦੁੱਧ ਆਦਿਕ ਵਸਤਾਂ ਨਾਲ ਪ੍ਰਭੂ ਨੂੰ ਪ੍ਰਸੰਨ ਕਰਨ ਦਾ ਯਤਨ ਕਰਦੇ ਹਨ। ਭਗਤ ਜੀ ਨੇ ਕਿਹਾ ਕਿ ਇਹ ਚੀਜ਼ਾਂ ਤਾਂ ਪਹਿਲਾਂ ਹੀ ਜੂਠੀਆਂ ਹੋ ਜਾਂਦੀਆਂ ਹਨ। ਇਸ ਲਈ ਪਰਮਾਤਮਾ ਅਜਿਹੀਆਂ ਚੀਜ਼ਾਂ ਦੀ ਭੇਟਾ ਨਾਲ ਖੁਸ਼ ਨਹੀਂ ਹੁੰਦਾ, ਬਲਕਿ ਉਹ ਤਾਂ ਤਨ-ਮਨ ਦੀ ਭੇਟਾ ਨੂੰ ਪ੍ਰਵਾਨ ਕਰਦਾ ਹੈ- *'ਦੂਧੁ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥ ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥ ਅਵਰੁ ਨ ਫੂਲੁ ਅਨੂਪੁ ਨ ਪਾਵਉ॥...ਤਨੁ ਮਨੁ ਅਰਪਉ ਪੂਜ ਚਰਾਵਉ॥ ਗੁਰ ਪਰਸਾਦਿ*

*ਨਿਰੰਜਨੁ ਪਾਵਉ॥* [14] ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਸੰਬੰਧੀ ਬਹੁਤ ਸਾਰੇ ਵੱਖ-ਵੱਖ ਸਬਦਾਂ ਦਾ ਪ੍ਰਯੋਗ ਕੀਤਾ ਹੈ, ਜਿਵੇਂ- ਰਾਮ, ਰਾਜਾ ਰਾਮ, ਰਾਜਾ ਰਾਮ ਚੰਦ, ਮਾਧਵ, ਮੁਰਾਰਿ, ਮੁਕੰਦ, ਗੋਬਿੰਦ, ਦੇਵ, ਅਨੰਤ, ਕਰਤਾ, ਨਿਰੰਜਨ, ਸਤਿਨਾਮੁ, ਪ੍ਰਭ ਤੇ ਨਾਰਾਇਨ ਆਦਿ। ਇਸੇ ਤਰ੍ਹਾਂ ਗੁਰੂ ਸਾਹਿਬਾਨ ਅਤੇ ਹੋਰ ਭਗਤ ਸਾਹਿਬਾਨ ਤੇ ਭੱਟ ਸਾਹਿਬਾਨ ਨੇ ਪਰਮਾਤਮਾ ਪ੍ਰਥਾਇ ਵੱਖ-ਵੱਖ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ, ਜੋ ਮੂਰਤੀ-ਪੂਜਾ ਆਦਿ ਨੂੰ ਖੰਡਨ ਕਰਦਾ ਹੈ।

**ਸੱਚੀ ਕਿਰਤ**

ਭਗਤ ਰਵਿਦਾਸ ਜੀ ਆਪਣੇ ਕਿੱਤੇ (ਕਿਰਤ) ਤੇ ਜਾਤ-ਪਾਤ ਬਾਰੇ ਕਹਿੰਦੇ ਹਨ- *'ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥* [15] *'ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥* [16] ਗੱਲ ਕਰਦੇ ਹਨ *'ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥ ਰਿਦੈ ਰਾਮ ਗੋਬਿੰਦ ਗੁਨ ਸਾਰੰ॥'*

ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਵਿਚ ਭਗਤ ਰਵਿਦਾਸ ਜੀ ਦਾ ਜ਼ਿਕਰ ਕੀਤਾ ਹੈ :

*ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।*
*ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।*
*ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।*
*ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।*
*ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।*
*ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।*
*ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।*
*ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।*
*ਭਗਤ ਜਨਾਂ ਹਰਿ ਮਾਂ ਪਿਉ ਬੇਟਾ॥* [17]

ਭਾਈ ਗੁਰਦਾਸ ਜੀ ਨੇ ਭਗਤ ਰਵਿਦਾਸ ਜੀ ਦੇ ਜੀਵਨ ਸੰਬੰਧੀ ਇਕ ਚਿੱਤਰ ਪੇਸ਼ ਕੀਤਾ ਹੈ ਕਿ, ਉਹ ਸਮਾਜਿਕ ਤੌਰ 'ਤੇ ਮੰਨੀ ਜਾਂਦੀ ਅਖੌਤੀ ਸ਼ੂਦਰ ਜਾਤੀ ਵਿੱਚੋਂ ਜਿਹੜੀ ਬਹੁਤ ਹੀ ਨੀਵੇਂ ਪੱਧਰ ਦਾ ਜੀਵਨ ਜੀਅ ਰਹੀ ਸੀ, ਜਿਵੇਂ ਮੈਲੇ ਕੱਪੜਿਆਂ ਵਿਚ ਇੱਕ ਹੀਰਾ ਲਪੇਟਿਆ ਹੋਵੇ, ਦੀ ਤਰ੍ਹਾਂ ਪ੍ਰਗਟ ਹੋਇਆ। ਭਗਤ ਜੀ ਪਿਤਾ-ਪੁਰਖੀ ਕਿੱਤੇ ਅਨੁਸਾਰ ਜੁੱਤੀਆਂ ਗੰਢ ਕੇ ਅਤੇ ਮਰੇ ਹੋਏ ਪਸ਼ੂ ਢੋਹ-ਢੋਹ ਕੇ ਆਪਣੀ ਉਪਜੀਵਕਾ (ਕਿਰਤ) ਪਾਲਦੇ ਸਨ। ਉਨ੍ਹਾਂ ਨੇ ਪਰਮਾਤਮਾ ਦੀ ਇੰਨੀ ਬੰਦਗੀ (ਭਗਤੀ) ਕੀਤੀ, ਕਿ ਚਹੁੰ ਵਰਨਾਂ ਨੂੰ ਉਪਦੇਸ਼ ਦੇਣ ਲੱਗੇ।

ਸੰਸਾਰੀ ਮਨੁੱਖ ਆਪਣੀ ਜ਼ਿੰਦਗੀ ਵਧੀਆ ਤਰੀਕੇ ਨਾਲ ਜਿਊਣ ਲਈ ਕੋਈ ਨਾ ਕੋਈ ਕਿਰਤ ਕਰਦਾ ਹੈ, ਪਰ ਕਈ ਵਾਰ ਉਹ ਦੁਨਿਆਵੀ ਸ਼ੋਹਰਤ ਤੇ ਫੋਕੀਆਂ ਖੁਸ਼ੀਆਂ ਲੈਣ ਲਈ ਆਪਣੀ ਕਿਰਤ ਵਿੱਚੋਂ ਹੋਣ ਵਾਲੀ ਆਮਦਨ ਨੂੰ ਵਧਾਉਣ ਲਈ ਗ਼ਲਤ

ਤਰੀਕੇ ਅਪਣਾਅ ਲੈਂਦਾ ਹੈ। ਮਨੁੱਖ ਆਪਣੀ ਕਿਰਤ ਨੂੰ ਉੱਚਿਆਂ ਚੁੱਕਣ ਜਾਂ ਲੋਕਾਂ ਵਿਚ ਆਪਣੇ-ਆਪ ਨੂੰ ਉੱਚਾ ਦੱਸਣ ਲਈ ਕੋਈ ਪੈਂਤੜਾ ਖੇਡ ਲੈਂਦਾ ਹੈ। ਪਰ ਭਗਤ ਰਵਿਦਾਸ ਜੀ ਆਪਣੀ ਜੁੱਤੀਆਂ ਗੰਢਣ ਦੀ ਕਿਰਤ ਨਹੀਂ ਛੱਡਦੇ, ਇੱਥੋਂ ਤਕ ਕਿ ਉਹ ਕਈ ਵਾਰ ਲੋੜਵੰਦ ਦੀ ਜੁੱਤੀ ਬਿਨਾਂ ਮਿਹਨਤਾਨਾ ਲਏ ਵੀ ਗੰਢ ਦਿੰਦੇ ਸਨ। ਉਹ ਸੱਚੀ ਕਿਰਤ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਸ ਕਰਕੇ ਭਗਤ ਰਵਿਦਾਸ ਜੀ ਨੇ ਮਾਇਆ ਦੇ ਜੰਜਾਲ ਵਿਚ ਫਸੇ ਮਨੁੱਖ ਦੀ ਸਥਿਤੀ ਨੂੰ ਬੜੇ ਸਰਲ ਤਰੀਕੇ ਨਾਲ ਬਿਆਨ ਕੀਤਾ ਹੈ ਕਿ ਮਨੁੱਖ ਕਿਵੇਂ ਮਾਇਆ ਦੇ ਆਉਣ ਨਾਲ ਖੁਸ਼ ਹੁੰਦਾ ਹੈ ਤੇ ਮਾਇਆ ਦੇ ਚਲੇ ਜਾਣ ਨਾਲ ਦੁਖੀ ਹੁੰਦਾ ਹੈ- *ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥...*[੧੮] ਭਾਵ ਮਾਇਆ ਦੇ ਮੋਹ ਵਿਚ ਫਸ ਕੇ ਇਹ ਮਿੱਟੀ ਦਾ ਪੁਤਲਾ ਕਿਸ ਤਰ੍ਹਾਂ ਹਾਸੋ-ਹੀਣਾ ਹੋ ਕੇ ਨੱਚ (ਭਟਕ) ਰਿਹਾ ਹੈ। ਚਾਰ ਚੁਫੇਰੇ ਮਾਇਆ ਦੀਆਂ ਗੱਲਾਂ ਸੁਣਦਾ ਅਤੇ ਵੇਖਦਾ ਹੋਇਆ ਹਰ ਪਾਸੇ ਢੂੰਢਦਾ ਫਿਰਦਾ ਹੈ।

**ਨਾਸ਼ਵਾਨਤਾ**

ਭਗਤ ਜੀ ਨੇ ਇਸ ਸੰਸਾਰ ਦੀ ਨਾਸ਼ਵਾਨਤਾ ਵੱਲ ਧਿਆਨ ਦਿਵਾਉਂਦੇ ਹੋਏ ਕਿਹਾ ਕਿ ਮਨੁੱਖ ਇਸ ਸੰਸਾਰ ਵਿਚ ਮਾਇਆ ਦੇ ਭਰਮ-ਭੁਲੇਖਿਆ ਵਿਚ ਫਸ ਕੇ ਸੁਖ-ਦੁਖ ਦੀ ਸਥਿਤੀ ਨੂੰ ਮਾਣਦਾ ਹੈ, ਪਰ ਉਸ ਦਾ ਸਰੀਰ ਤੇ ਇਹ ਸੰਸਾਰ ਨਾਸਵਾਨ ਹੈ— *ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ॥ ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥...ਇਹੁ ਤਨੁ ਹੋਇਗੋ ਭਸਮ ਕੀ ਢੇਰੀ॥*[੧੯] ਭਾਵ ਇਹ ਮਨੁੱਖਾ ਸਰੀਰ ਜਲ ਦੀ ਕੰਧ ਦੀ ਤਰ੍ਹਾਂ ਅਤੇ ਇਸ ਨੂੰ ਥੰਮਣ ਵਾਲੀ ਥੰਮੀ ਹਵਾ ਦੀ ਹੈ। ਇਸ ਨੂੰ ਮਾਂ ਦੀ ਰੱਤ ਤੇ ਪਿਉ ਦਾ ਵੀਰਜ ਰੂਪੀ ਗਾਰਾ ਲੱਗਿਆ ਹੋਇਆ ਹੈ। ਇਹ ਹੱਡ-ਮਾਸ ਤੇ ਨਾੜੀਆਂ ਦਾ ਪਿੰਜਰ ਬਣਿਆ ਹੋਇਆ ਹੈ। ਜਿਸ ਵਿਚ ਵਿਚਾਰਾ ਜੀਵ-ਰੂਪੀ ਪੰਛੀ ਰਹਿ ਰਿਹਾ ਹੈ। ਇਸ ਲਈ ਇਸ ਰੇਤ ਦੀ ਕੰਧ, ਹਵਾ ਦੀ ਥੰਮੀ 'ਤੇ ਰੱਤ-ਪਿਤ ਗਾਰੇ ਦਾ ਕੋਈ ਭਰੋਸਾ ਨਹੀਂ। ਇਹ ਸਰੀਰ ਸਵਾਹ ਦੀ ਢੇਰੀ ਹੋ ਜਾਣਾ ਹੈ।

**ਆਦਰਸ਼ਕ ਸਮਾਜ ਸਿਰਜਣਾ**

ਦੁਨੀਆ ਦੇ ਇਤਿਹਾਸ ਨੂੰ ਵਾਚਿਆਂ ਪਤਾ ਲਗਦਾ ਹੈ ਕਿ ਦੁਨੀਆ 'ਤੇ ਜਿੰਨੇ ਵੀ ਸੰਤ-ਮਹਾਂਪੁਰਸ਼ ਜਾਂ ਭਗਤ ਹੋਏ ਹਨ ਉਨ੍ਹਾਂ ਸਾਰਿਆਂ ਨੇ ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਉਪਰਾਲੇ ਕੀਤੇ। ਇਸੇ ਤਰ੍ਹਾਂ ਭਗਤ ਰਵਿਦਾਸ ਜੀ ਨੇ ਵੀ ਚੰਗੇ ਸਮਾਜ ਦੀ ਸਿਰਜਣਾ ਹਿੱਤ ਗੱਲ ਕਰਦਿਆਂ ਆਪਣੀ ਬਾਣੀ ਵਿਚ ਆਦਰਸ਼ਕ ਸਮਾਜ ਦਾ ਇੱਕ ਨਕਸ਼ਾ ਪੇਸ਼ ਕੀਤਾ ਹੈ- *ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥ ...ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥*[੨੦] ਇਸ ਸਬਦ ਵਿਚ ਭਗਤ ਰਵਿਦਾਸ ਜੀ ਨੇ ਭਾਵੇਂ ਮੁੱਖ ਤੌਰ 'ਤੇ ਅਧਿਆਤਮਿਕ ਅਵਸਥਾ ਦਾ ਹੀ ਜ਼ਿਕਰ ਕੀਤਾ ਹੈ, ਪਰ ਇਹ ਗੱਲ ਦੁਨਿਆਵੀ ਸਮਾਜ 'ਤੇ ਢੁੱਕਦੀ ਹੈ ਕਿ ਜਿਸ ਆਤਮਿਕ ਅਵਸਥਾ ਰੂਪੀ ਸ਼ਹਿਰ ਵਿਚ ਮੈਂ ਵਸਦਾ

ਹਾਂ, ਉਸ ਸ਼ਹਿਰ ਦਾ ਨਾਂ ਬੇਗ਼ਮਪੁਰਾ ਹੈ, ਜਿੱਥੇ ਕੋਈ ਗ਼ਮ ਪੋਹ ਨਹੀਂ ਹੋ ਸਕਦਾ। ਦੁਨੀਆ ਦਾ ਕੋਈ ਦੁੱਖ ਨਹੀਂ, ਚਿੰਤਾ ਨਹੀਂ ਅਤੇ ਨਾ ਹੀ ਕੋਈ ਘਬਰਾਹਟ ਹੈ। ਉੱਥੇ ਦੁਨੀਆ ਵਾਲੀ ਜਾਇਦਾਦ ਨਹੀਂ, ਕਿਸੇ ਦਾ ਡਰ ਨਹੀਂ, ਕਿਸੇ ਦੂਜੇ-ਤੀਜੇ ਦਾ ਦਰਜਾ ਨਹੀਂ। ਭਾਵ ਮੇਰ-ਤੇਰ ਦਾ ਕੋਈ ਫਿਕਰ ਨਹੀਂ, ਸਭ ਇੱਕੋ ਜਿਹੇ ਹਨ।

ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਉੱਤਰੀ ਭਾਰਤ ਦੀ ਭਗਤੀ ਪਰੰਪਰਾ ਵਿਚ ਮਹਾਨ ਯੋਗਦਾਨ ਪਾਇਆ। ਆਪ ਜੀ ਦੀ ਨਿਮਰਤਾ ਤੇ ਵਿਲੱਖਣ ਸ਼ਖ਼ਸੀਅਤ ਦਾ ਪ੍ਰਗਟਾਵਾ ਆਪ ਦੀ ਬਾਣੀ ਵਿੱਚੋਂ ਪ੍ਰਗਟ ਹੁੰਦਾ ਹੈ। ਭਗਤ ਜੀ ਦੇ ਸੰਦੇਸ਼ਾਂ ਤੇ ਉਪਦੇਸ਼ਾਂ ਨੇ ਭਗਤੀ ਪਰੰਪਰਾ ਵਿਚ ਆਪਣਾ ਅਹਿਮ ਸਥਾਨ ਬਣਾ ਲਿਆ ਸੀ। ਜਿਸ ਨੇ ਧਾਰਮਿਕ, ਆਰਥਿਕ, ਰਾਜਨੀਤਿਕ, ਸਮਾਜਿਕ ਤੇ ਸੱਭਿਆਚਾਰਕ ਬਿਖਮਤਾਵਾਂ ਨੂੰ ਦੂਰ ਕਰਨ ਲਈ ਸਰਬ ਲੋਕਾਈ ਨੂੰ ਪ੍ਰੇਰਨਾ ਦਿੱਤੀ।

**ਹਵਾਲੇ**


੧. ਪ੍ਰੋ. ਦੀਵਾਨ ਸਿੰਘ, *ਭਗਤ ਰਵਿਦਾਸ ਦਰਸ਼ਨ*, ਪੰਨਾ ਮੁਖ ਬੰਧ।

੨. ਡਾ. ਕੁਲਦੀਪ ਸਿੰਘ ਧੀਰ, *ਨਾਨਕ ਪ੍ਰਕਾਸ ਪੱਤ੍ਰਿਕਾ*, ਭਗਤ ਬਾਣੀ ਵਿਸ਼ੇਸ਼ ਅੰਕ, ਦਸੰਬਰ ੨੦੦੬, ਪੰਨਾ ੮੮.

੩. *ਸ੍ਰੀ ਗੁਰੂ ਗ੍ਰੰਥ ਸਾਹਿਬ*, ੬੫੭; ੭੯੩.

੪. *ਸ੍ਰੀ ਗੁਰੂ ਗ੍ਰੰਥ ਸਾਹਿਬ*, ੭੯੪.

੫. *ਸ੍ਰੀ ਗੁਰੂ ਗ੍ਰੰਥ ਸਾਹਿਬ*, ੮੭੫.

੬. *ਸ੍ਰੀ ਗੁਰੂ ਗ੍ਰੰਥ ਸਾਹਿਬ*, ੪੮੬.

੭. *ਸ੍ਰੀ ਗੁਰੂ ਗ੍ਰੰਥ ਸਾਹਿਬ*, ੯੩.

੮. *ਸ੍ਰੀ ਗੁਰੂ ਗ੍ਰੰਥ ਸਾਹਿਬ*, ੬੫੭.

੯. *ਐਨਸਾਈਕਲੋਪੀਡੀਆ ਆਫ਼ ਰਿਲਿਜ਼ਨ ਐਂਡ ਐਥਿਕਸ*, ਭਾਗ ੧੦, ਪੰਨਾ ੩੧੩.

੧੦. ਡਾ. ਕ੍ਰਿਸ਼ਨਾ ਕਲਸੀਆ, *ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ*, ਪੰਨਾ ੩੯੨.

੧੧. *ਸ੍ਰੀ ਗੁਰੂ ਗ੍ਰੰਥ ਸਾਹਿਬ*, ੬੫੮.

੧੨. *ਸ੍ਰੀ ਗੁਰੂ ਗ੍ਰੰਥ ਸਾਹਿਬ*, ੬੫੯.

੧੩. *ਸ੍ਰੀ ਗੁਰੂ ਗ੍ਰੰਥ ਸਾਹਿਬ*, ੧੨੯੩.

੧੪. *ਸ੍ਰੀ ਗੁਰੂ ਗ੍ਰੰਥ ਸਾਹਿਬ*, ੫੨੫.

੧੫. *ਸ੍ਰੀ ਗੁਰੂ ਗ੍ਰੰਥ ਸਾਹਿਬ*, ੧੨੯੩.

੧੬. *ਸ੍ਰੀ ਗੁਰੂ ਗ੍ਰੰਥ ਸਾਹਿਬ*, ੧੨੯੩.

੧੭. ਭਾਈ ਗੁਰਦਾਸ ਜੀ ਵਾਰ ੧੦, ਪਉੜੀ ੧੭.

੧੮. *ਸ੍ਰੀ ਗੁਰੂ ਗ੍ਰੰਥ ਸਾਹਿਬ*, ੪੮੭.

੧੯. *ਸ੍ਰੀ ਗੁਰੂ ਗ੍ਰੰਥ ਸਾਹਿਬ*, ੬੫੯.

੨੦. *ਸ੍ਰੀ ਗੁਰੂ ਗ੍ਰੰਥ ਸਾਹਿਬ*, ੩੪੫.

# ਇੱਕ ਮਹਾਨ ਜਰਨੈਲ : ਸ. ਜਗਜੀਤ ਸਿੰਘ (ਅਰੋੜਾ)

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

. . .ਅਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਤੱਥ ਹਮੇਸ਼ਾਂ ਹੀ ਦੁੱਖ ਤੇ ਅਫ਼ਸੋਸ ਨਾਲ ਵੇਖਿਆ ਜਾਵੇਗਾ ਕਿ ਸਿੱਖ ਜਰਨੈਲਾਂ ਵੱਲੋਂ ਮੈਦਾਨ-ਏ-ਜੰਗ ਵਿਚ ਜੋ ਮਹਾਨ ਜਿੱਤਾਂ ਪ੍ਰਾਪਤ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਭਾਰਤੀ ਹਾਕਮਾਂ ਨੇ ਆਪਣੀਆਂ ਰਾਜਨੀਤਕ ਕਮਜ਼ੋਰੀਆਂ ਕਾਰਨ ਗੱਲਬਾਤ ਦੀ ਮੇਜ਼ ਉੱਤੇ ਹਾਰ ਕੇ ਇਨ੍ਹਾਂ ਬੇਮਿਸਾਲ ਕੁਰਬਾਨੀਆਂ ਤੇ ਘਾਲਣਾ ਨੂੰ ਮਿੱਟੀ ਵਿਚ ਰੋਲ ਦਿੱਤਾ ਹੈ। . . .

ਭਾਵੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਨਰਲ ਜਗਜੀਤ ਸਿੰਘ ਅਰੋੜਾ ਨੂੰ ੬ ਸਾਲ ਲਈ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ ਸੀ ਪ੍ਰੰਤੂ ਭਾਰਤੀ ਹਾਕਮਾਂ ਵੱਲੋਂ ਇਨ੍ਹਾਂ ਸਿਰਲੱਥ ਯੋਧੇ ਜਰਨੈਲਾਂ ਦੀ ਘਾਲਣਾ ਦਾ ਮੁੱਲ ਨਹੀਂ ਪਾਇਆ ਗਿਆ। ਇਸ ਸਾਰੇ ਵਰਤਾਰੇ ਪਿੱਛੇ ਭਾਰਤੀ ਹਾਕਮਾਂ ਦੀ ਕੂਟਨੀਤੀ ਤੇ ਫਿਰਕੂ ਸੋਚ ਕੰਮ ਕਰਦੀ ਰਹੀ ਹੈ।

ਸੰਤ ਹੋਣਾ ਤੇ ਸਿਪਾਹੀ ਹੋਣਾ ਦੋਵੇਂ ਵੱਖ-ਵੱਖ ਕਿਸਮ ਦੇ ਗੁਣ ਹਨ। ਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ ਦਿੱਤੇ ਸਿਧਾਂਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਮਲੀ ਜਾਮਾ ਪਹਿਨਾਇਆ ਅਤੇ ਇਨ੍ਹਾਂ ਦੋਵਾਂ ਗੁਣਾਂ ਦਾ ਸੁਮੇਲ ਕਰ ਕੇ ਖਾਲਸੇ ਦੀ ਸਾਜਨਾ ਕੀਤੀ। ਦੁਨੀਆ ਦੇ ਇਤਿਹਾਸ ਵਿਚ ਇਹ ਇਕ ਅਦੁੱਤੀ ਮਿਸਾਲ ਹੈ। ਸੰਤ ਤੇ ਸਿਪਾਹੀ ਦੇ ਦੋਵੇਂ ਗੁਣ ਸਿੱਖ ਧਰਮ ਤੋਂ ਬਿਨਾਂ ਕਿਸੇ ਧਰਮ ਵਿਚ ਨਹੀਂ ਵੇਖੇ ਜਾ ਸਕਦੇ। ਗੁਰੂ ਜੀ ਨੇ ਸਿਰਫ਼ ਸਿਧਾਂਤ ਹੀ ਨਹੀਂ ਦਿੱਤਾ, ਸਗੋਂ ਇਸ ਨੂੰ ਅਮਲੀ ਰੂਪ ਵਿਚ ਵੀ ਸਾਹਮਣੇ ਲਿਆਂਦਾ। ਉਹ ਆਪ ਆਦਰਸ਼ਕ ਸੰਤ-ਸਿਪਾਹੀ ਦਾ ਸਰੂਪ ਸਨ। ਉਨ੍ਹਾਂ ਦੇ ਉਪਦੇਸ਼ਾਂ ਸਦਕਾ ਸਿੱਖ ਧਰਮ ਵਿਚ ਅਨੇਕ ਸੰਤ-ਜਰਨੈਲ ਪੈਦਾ ਹੋਏ, ਜਿਵੇਂ: ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਲੇਹ-ਲਦਾਖ ਦੇ ਜੇਤੂ ਜਰਨੈਲ ਜੋਰਾਵਰ ਸਿੰਘ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਬਘੇਲ ਸਿੰਘ, ਮਹਾਰਾਜਾ ਰਣਜੀਤ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਸਰਦਾਰ ਹਰੀ ਸਿੰਘ ਨਲਵਾ।

ਜਨਰਲ ਜਗਜੀਤ ਸਿੰਘ (ਅਰੋੜਾ) ਨੇ ਅਜੋਕੇ ਸਮੇਂ ਵਿਚ ਸੰਤ-ਸਿਪਾਹੀ ਦੀ

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦.*

ਮਿਸਾਲ ਦੁਨੀਆ ਦੇ ਸਾਹਮਣੇ ਪੇਸ਼ ਕੀਤੀ ਹੈ। ਉਹ ਇਕ ਪਾਸੇ ਨਿਧੜਕ ਅਤੇ ਸੂਝਵਾਨ ਜਰਨੈਲ ਸਨ, ਦੂਜੇ ਪਾਸੇ ਗੁਰਬਾਣੀ ਵਿਚ ਰੰਗੇ ਮਿੱਠਤ ਤੇ ਨਿਮਰਤਾ ਦੇ ਪੁੰਜ, ਗੁਰੂ ਦੇ ਭੈਅ ਅਤੇ ਭਾਵਨੀ ਵਿਚ ਵਿਚਰਨ ਵਾਲੇ ਗੁਰਸਿੱਖ ਸਨ। ਬੀਰ ਰਸ ਤੇ ਆਤਮ ਰਸ ਦਾ ਸੁਮੇਲ ਖਾਲਸੇ ਦਾ ਉੱਚਾ-ਸੁੱਚਾ ਆਦਰਸ਼ ਹੈ। ਇਸ ਤਰ੍ਹਾਂ ਦੀ ਸੰਪੂਰਨ ਸ਼ਖ਼ਸੀਅਤ ਨੂੰ ਧੰਨ ਕਿਹਾ ਗਿਆ ਹੈ:

*ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ॥*
*ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵ ਸਾਗਰ ਤਾਰੈ॥*
*ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥*
*ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥*

*(ਸਵੈਯਾ ਕ੍ਰਿਸ਼ਨਾਵਤਾਰ)*

ਭਾਰਤ ਦੇ ਇਸ ਮਹਾਨ ਸਪੂਤ ਦਾ ਜਨਮ ੧੩ ਫਰਵਰੀ, ੧੯੧੬ ਈ. ਨੂੰ ਪੱਛਮੀ ਪੰਜਾਬ ਦੇ ਜ਼ਿਲ੍ਹਾ ਜਿਹਲਮ ਦੇ ਪਿੰਡ ਕਾਲਾ ਗੁਜਰਾਂ ਵਿਖੇ ਹੋਇਆ। ਸੰਨ ੧੯੩੯ ਈ. ਵਿਚ ੨੩ ਵਰ੍ਹੇ ਦੀ ਉਮਰ ਵਿਚ ਉਨ੍ਹਾਂ ਨੇ ਦੂਜੀ ਪੰਜਾਬ ਰੈਜਮੈਂਟ ਦੀ ਪਹਿਲੀ ਬਟਾਲੀਅਨ ਵਿਚ ਕਮਿਸ਼ਨਡ ਅਫਸਰ ਦਾ ਅਹੁਦਾ ਪ੍ਰਾਪਤ ਕਰ ਕੇ ਭਾਰਤੀ ਫੌਜ ਵਿਚ ਪ੍ਰਵੇਸ਼ ਕੀਤਾ। ਉਪਰੰਤ ਉਨ੍ਹਾਂ ਨੇ ੧੯੪੫ ਈ. ਦੀ ਦੂਜੀ ਵੱਡੀ ਜੰਗ ਵਿਚ ਭਾਗ ਲਿਆ ਅਤੇ ੧੯੪੭ ਈ. ਵਿਚ ਕਸ਼ਮੀਰ ਆਪ੍ਰੇਸ਼ਨ ਸਮੇਂ ਆਪਣੀ ਬਟਾਲੀਅਨ ਦੀ ਅਗਵਾਈ ਕੀਤੀ। ਇਸ ਤੋਂ ਬਾਅਦ ਆਰਮੀ ਦੇ ਕਈ ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਕਰਦੇ ਰਹੇ। ਨਿਸ਼ਠਾ ਨਾਲ ਕੀਤੀ ਸੇਵਾ ਕਾਰਨ ਉਨ੍ਹਾਂ ਨੂੰ 'ਪਦਮ ਭੂਸ਼ਣ' ਤੇ 'ਪਰਮ ਵਿਸ਼ਿਸ਼ਟ ਸੇਵਾ ਮੈਡਲ' ਦੇ ਅਵਾਰਡ ਨਾਲ ਸਨਮਾਨਿਆ ਗਿਆ। ਜਨਰਲ ਅਰੋੜਾ ਦੀ ਸਭ ਤੋਂ ਵੱਡੀ ਪ੍ਰਾਪਤੀ ਬੰਗਲਾਦੇਸ਼ ਦੀ ਮੁਕਤੀ ਲਈ ੧੯੭੧ ਈ. ਵਿਚ ਪਾਕਿਸਤਾਨੀ ਫੌਜ ਉੱਤੇ ਮੁਕੰਮਲ ਜਿੱਤ ਪ੍ਰਾਪਤ ਕਰਨਾ ਸੀ। ਇਹ ਜਿੱਤ ਇੰਨੀ ਸ਼ਾਨਦਾਰ ਤੇ ਹੈਰਾਨ ਕਰਨ ਵਾਲੀ ਸੀ ਕਿ ਦੁਨੀਆ ਦੇ ਇਤਿਹਾਸ ਵਿਚ ਇਸ ਦੀ ਮਿਸਾਲ ਲੱਭਣੀ ਔਖੀ ਹੈ। ਦੁਨੀਆ ਵਿਚ ਅਨੇਕ ਵੱਡੇ ਯੁੱਧ ਹੋਏ ਹਨ। ਇਨ੍ਹਾਂ ਵਿਚ ਕਰੜੇ ਮੁਕਾਬਲੇ ਤੋਂ ਬਾਅਦ ਹੀ ਕੋਈ ਜਿੱਤ ਪ੍ਰਾਪਤ ਹੋਈ ਹੈ। ਜਨਰਲ ਜਗਜੀਤ ਸਿੰਘ ਨੇ ਬਿਨਾਂ ਕਿਸੇ ਜੰਗ ਤੋਂ ਦੁਸ਼ਮਣ ਨੂੰ ਆਤਮ-ਸਮਰਪਣ ਲਈ ਮਜਬੂਰ ਕਰ ਦਿੱਤਾ। ਜਰਨੈਲ ਜਗਜੀਤ ਸਿੰਘ ਇਕ ਵਿਲੱਖਣ ਕਿਸਮ ਦੇ ਡੂੰਘੀ ਵਿਚਾਰ ਕਰਨ ਵਾਲੇ, ਯੁੱਧ-ਯੋਜਨਾਕਾਰੀ ਵਿਚ ਨਿਪੁੰਨ ਜਰਨੈਲ, ਦੁਸ਼ਮਣ ਲਈ ਦਹਿਸ਼ਤ ਅਤੇ ਆਪਣੀ ਸੈਨਾ ਦੇ ਸੱਚੇ ਮਿੱਤਰ ਅਤੇ ਦਾਰਸ਼ਨਿਕ ਨੇਤਾ ਸਨ। ਉਨ੍ਹਾਂ ਦੀ ਯੁੱਧ-ਯੋਜਨਾ ਕਾਰਨ ਜਨਰਲ ਅਮੀਰ ਅਬਦੁੱਲਾ ਖਾਨ ਨਿਆਜ਼ੀ ਦੀ ਅਗਵਾਈ ਵਿਚ ੯੩,੦੦੦ ਤੋਂ ਵੱਧ ਪਾਕਿਸਤਾਨੀ ਫੌਜ ਨੇ ਹਥਿਆਰ ਸੁੱਟ ਦਿੱਤੇ ਸਨ। ਇਹ ਲੜਾਈ ੬ ਦਸੰਬਰ, ੧੯੭੧ ਤੋਂ ੧੬ ਦਸੰਬਰ, ੧੯੭੧ ਈ. ਦੇ ਥੋੜੇ

ਸਮੇਂ ਵਿਚ ਲੜੀ ਗਈ, ਜਿਸ ਦੇ ਨਤੀਜੇ ਲਾਮਿਸਾਲ ਨਿਕਲੇ। ਜਨਰਲ ਜਗਜੀਤ ਸਿੰਘ ਦੀ ਸੁਯੋਗ ਅਗਵਾਈ ਅਤੇ ਕਮਾਲ ਦੀ ਯੁੱਧ-ਨੀਤੀ ਦੁਆਰਾ ਇੱਕੋ ਸਮੇਂ ਪਾਕਿਸਤਾਨੀ ਫੌਜ 'ਤੇ ਬਿਜਲੀ ਦੀ ਰਫ਼ਤਾਰ ਵਾਂਗ ਚਾਰੇ ਪਾਸਿਓਂ ਹਮਲਾ ਕਰ ਕੇ ਦੁਸ਼ਮਣ ਦੀ ਫੌਜ ਦੇ ਛੱਕੇ ਛੁਡਾ ਦਿੱਤੇ ਅਤੇ ਉਸ ਨੂੰ ਹਥਿਆਰ ਸੁੱਟਣ ਲਈ ਮਜਬੂਰ ਕਰ ਦਿੱਤਾ। ਅਜ਼ਾਦ ਭਾਰਤ ਵਿਚ ਜਨਰਲ ਦੌਲਤ ਸਿੰਘ, ਜਨਰਲ ਕੁਲਵੰਤ ਸਿੰਘ ਤੇ ਜਨਰਲ ਹਰਬਖਸ਼ ਸਿੰਘ ਤੋਂ ਬਾਅਦ ਜਨਰਲ ਜਗਜੀਤ ਸਿੰਘ (ਅਰੋੜਾ) ਚੌਥੇ ਅਜਿਹੇ ਸਿੱਖ ਜਰਨੈਲ ਹੋਏ ਹਨ ਜਿਨ੍ਹਾਂ ਦੀ ਮੋਹਰ ਛਾਪ ਭਾਰਤੀ ਫੌਜ ਦੇ ਇਤਿਹਾਸ ਵਿਚ ਸਿਤਾਰੇ ਵਾਂਗ ਚਮਕਦੀ ਰਹੇਗੀ।

ਭਾਰਤ ਦੇ ਪਿਛੋਕੜ ਵੱਲ ਝਾਤੀ ਮਾਰਿਆਂ ਪਤਾ ਲੱਗੇਗਾ ਕਿ ਅਜਿਹੀਆਂ ਸ਼ਾਨਦਾਰ ਜਿੱਤਾਂ ਕੇਵਲ ਸਿੱਖ ਇਤਿਹਾਸ ਦੇ ਪੰਨਿਆਂ 'ਤੇ ਹੀ ਵੇਖੀਆਂ ਜਾ ਸਕਦੀਆਂ ਹਨ। ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਤਕਰੀਬਨ ਅੱਧਾ ਉੱਤਰੀ ਭਾਰਤ ਤੇ ਖਾਸ ਕਰਕੇ ਸਰਹੰਦ ਦੀ ਫਤਿਹ, ਸਿੱਖ ਜਰਨੈਲਾਂ ਵੱਲੋਂ ਦਿੱਲੀ ਨੂੰ ੮ ਵਾਰ ਫਤਿਹ ਕਰਨਾ ਅਤੇ ਖਾਸ ਕਰਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਦਿੱਲੀ ਨੂੰ ਫਤਿਹ ਕਰ ਕੇ ਮੁਗ਼ਲ ਬਾਦਸ਼ਾਹਾਂ ਦੇ ਤਖ਼ਤ ਦੀ ਸਿੱਲ ਚੁਕਵਾ ਕੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਲਿਆ ਕੇ ਗੁਰੂ-ਚਰਨਾਂ ਵਿਚ ਭੇਟ ਕਰਨਾ; ਜੋ ਅਜੇ ਵੀ ਬੁੰਗਾ ਰਾਮਗੜ੍ਹੀਆ ਵਿਚ ਸੁਸ਼ੋਭਿਤ ਹੈ, ਇਸੇ ਤਰ੍ਹਾਂ ਦੀਆਂ ਮਾਣ ਕਰਨ ਯੋਗ ਉਦਾਹਰਨਾਂ ਹਨ। ਅਕਾਲੀ ਫੂਲਾ ਸਿੰਘ ਦੀ ਕਿਲ੍ਹਾ ਜਹਾਂਗੀਰਾਂ ਦੀ ਫਤਿਹ ਅਤੇ ਸਰਦਾਰ ਹਰੀ ਸਿੰਘ ਨਲਵਾ ਦੀ ਖੂੰਖਾਰ ਤੇ ਡਰਾਉਣੇ ਪਠਾਣਾਂ ਦੇ ਇਲਾਕੇ ਖਾਸ ਕਰਕੇ ਕਿਲ੍ਹਾ ਜਮਰੌਦ ਦੀ ਫਤਿਹ ਤੋਂ ਬਾਅਦ ਜਨਰਲ ਜਗਜੀਤ ਸਿੰਘ ਅਜਿਹੇ ਮਹਾਨ ਸਿੱਖ ਜਰਨੈਲ ਸਨ ਜਿਨ੍ਹਾਂ ਨੇ ਜਨਰਲ ਅਮੀਰ ਅਬਦੁੱਲਾ ਖਾਂ ਨਿਆਜ਼ੀ ਤੇ ਉਨ੍ਹਾਂ ਦੀ ਕਮਾਨ ਹੇਠ ੯੩੦੦੦ ਫੌਜ ਤੋਂ ਹਥਿਆਰ ਹੀ ਨਹੀਂ ਸੁਟਵਾਏ, ਸਗੋਂ ਪਾਕਿਸਤਾਨ ਨੂੰ ਦੋ ਟੁੱਕੜਿਆਂ ਵਿਚ ਵੰਡ ਕੇ ਦੁਸ਼ਮਣ ਦੇਸ਼ ਨੂੰ ਹਮੇਸ਼ਾਂ ਲਈ ਕਮਜ਼ੋਰ ਕਰ ਦਿੱਤਾ। ਯੂਨਾਨ ਦਾ ਬਾਦਸ਼ਾਹ ਸਿਕੰਦਰ ਮਹਾਨ ਤਥਾ ਸਿਕੰਦਰ-ਏ-ਆਜ਼ਮ ਕਹਾਉਣ ਵਾਲੇ ਅਤੇ ਸੰਸਾਰ ਜੇਤੂ ਹੋਣ ਦਾ ਸੁਪਨਾ ਦੇਖਣ ਵਾਲੇ ਨੇ ਪੰਜਾਬ ਦੇ ਇਕ ਛੋਟੇ ਜਿਹੇ ਰਿਆਸਤੀ ਪਰੰਤੂ ਦਲੇਰ ਰਾਜੇ ਪੋਰਸ, ਜੋ ਜੰਗ ਵਿਚ ਹਾਰ ਗਿਆ ਸੀ, ਦਾ ਸਵੈਮਾਣ ਅਤੇ ਜ਼ੁਰਅਤ ਭਰਪੂਰ ਜਵਾਬ ਸੁਣ ਕੇ ਨਿੰਮੋਝੂਣਾ ਅਤੇ ਲੱਜਿਤ ਹੋ ਗਿਆ ਸੀ ਅਤੇ ਉਹ ਅੱਗੇ ਨਹੀਂ ਵਧਿਆ, ਸਗੋਂ ਮਾਨਸਿਕ ਹਾਰ ਮੰਨ ਕੇ ਵਾਪਸ ਹੀ ਪਰਤ ਗਿਆ ਅਤੇ ਇੰਟਰਨੈੱਟ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਈਸਾ ਤੋਂ ੩੨੩ ਸਾਲ ਪਹਿਲਾਂ ਜ਼ਿੰਦਗੀ ਵਿਚ ਹਾਰ ਕੇ ਟੁੱਟੇ ਦਿੱਲ ਨਾਲ ਸੰਸਾਰ ਤੋਂ ਚਲਾ ਗਿਆ। ਫਰਾਂਸ ਦਾ ਬਾਦਸ਼ਾਹ— ਜਰਨੈਲ ਨੈਪੋਲੀਅਨ ਬੋਨਾਪਾਰਟ, ਉਹ ਵੀ 'ਸੰਸਾਰ ਜੇਤੂ' ਹੋਣ ਦਾ ਰੰਗੀਨ ਸੁਪਨਾ ਵੇਖਦਾ ਸੀ ਅੰਤ ਨੂੰ ਵਾਟਰਲੂ ਦੇ ਮੈਦਾਨ ਵਿਚ ਹਾਰ ਖਾ ਜਾਣ ਉਪਰੰਤ ਛੋਟੇ ਜਿਹੇ ਟਾਪੂ ਲਾਂਗਵੁਡ ਵਿਚ

ਕਾਬੂ ਕਰ ਲਿਆ ਗਿਆ ਸੀ ਅਤੇ ਜੇਲ੍ਹ ਵਿਚ ੧੯੭੩ ਈ. ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਜਰਮਨ ਦਾ ਚਾਂਸਲਰ ਅਤੇ ਫੌਜਾਂ ਦਾ ਮਹਾਨ ਜਰਨੈਲ 'ਬਿਸਮਾਰਕ' ਆਖਰ ਨੂੰ ਜ਼ਿੰਦਗੀ ਵਿਚ ਹਾਰ ਖਾ ਕੇ ਜ਼ਹਿਰ ਖਾ ਕੇ ੧੯੯੮ ਈ. ਵਿਚ ਮੌਤ ਦੇ ਮੂੰਹ ਵਿਚ ਜਾ ਪਿਆ। ਦੂਜੇ ਸੰਸਾਰ ਮਹਾਂਯੁੱਧ ਦੇ ਦੋ ਮਹਾਂਨਾਇਕਾਂ ਜਰਮਨ ਦੇ ਡਿਕਟੇਟਰ ਹਿਟਲਰ ਅਤੇ ਇਟਲੀ ਦੇ ਡਿਕਟੇਟਰ ਮੂਸੋਲੀਨੀ ਨੇ ੧੯੪੫ ਈ. ਵਿਚ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਖੇ ਹਾਈਡਰੋਜਨ ਬੰਬ ਡਿੱਗ ਜਾਣ ਨਾਲ ਯੁੱਧ ਦਾ ਪਾਸਾ ਪਲਟ ਜਾਣ ਉਪਰੰਤ ਇੰਨੇ ਜ਼ਿਆਦਾ ਮਾਯੂਸ ਅਤੇ ਨਿਰਾਸ਼ ਹੋ ਗਏ ਸਨ ਕਿ ਉਨ੍ਹਾਂ ਨੇ ਆਪਣੇ ਪਰਵਾਰਾਂ ਨੂੰ ਖੁਦ ਆਪਣੇ ਹਥਿਆਰਾਂ ਨਾਲ ਮੌਤ ਦੇ ਘਾਟ ਉਤਾਰ ਕੇ ਆਪ ਆਤਮ-ਹੱਤਿਆ ਕਰ ਲਈ ਸੀ। ਇੱਕ ਮੁਲਕ ਦੀ ਸੰਗਠਿਤ ਵਿਸ਼ਾਲ ਫੌਜ ਨੂੰ ਅਧੀਨ ਕਰ ਲੈਣਾ ਇਕ ਬਹੁਤ ਵੱਡੀ ਅਚੰਭੇ ਵਾਲੀ ਘਟਨਾ ਹੈ। ਇਸ ਦੇ ਟਾਕਰੇ 'ਤੇ ਸਾਰਾਗੜ੍ਹੀ ਦੀ ਮਿਸਾਲ ਹੈ ਕਿ ੨੧ ਸਿੱਖ ਸਿਪਾਹੀਆਂ ਨੇ ਵੀ ਦੁਸ਼ਮਣ ਅੱਗੇ ਹਥਿਆਰ ਨਹੀਂ ਸੀ ਸੁੱਟੇ ਅਤੇ ਲੜਦੇ ਹੋਏ ਸ਼ਹੀਦ ਹੋ ਗਏ ਸਨ। ਜਨਰਲ ਜਗਜੀਤ ਸਿੰਘ ਵੱਲੋਂ ਸਿਰਜਿਆ ਇਹ ਸ਼ਾਨਾਂਮੱਤਾ ਬੇਮਿਸਾਲ ਇਤਿਹਾਸ ਭਾਰਤੀ ਸੈਨਾ ਲਈ ਸਦਾ ਗੌਰਵਮਈ ਚਾਨਣ-ਮੁਨਾਰਾ ਬਣਿਆ ਰਹੇਗਾ।

ਜਨਰਲ ਜਗਜੀਤ ਸਿੰਘ ਸੰਨ ੧੯੭੩ ਵਿਚ ਭਾਰਤੀ ਫੌਜ ਵਿੱਚੋਂ ਸੇਵਾ-ਮੁਕਤ ਹੋਏ। ਭਾਵੇਂ ਤਤਕਾਲੀਨ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ ਦੋ ਵਾਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਨ੍ਹਾਂ ਨੂੰ ਅੰਬੈਸਡਰ ਬਣਾਉਣ ਦੀ ਸਿਫਾਰਿਸ਼ ਕੀਤੀ, ਪਰ ਪ੍ਰਧਾਨ ਮੰਤਰੀ ਵੱਲੋਂ ਇਹ ਗੱਲ ਠੁਕਰਾ ਦਿੱਤੀ ਗਈ। ਫਿਰ ਪ੍ਰਧਾਨ ਮੰਤਰੀ ਵੀ.ਪੀ ਸਿੰਘ ਨੇ ਉਨ੍ਹਾਂ ਨੂੰ ਆਪਣੀ ਵਜ਼ਾਰਤ ਵਿਚ ਵਜ਼ੀਰ ਬਣਾਉਣ ਦੀ ਪੇਸ਼ਕਸ਼ ਕੀਤੀ ਸੀ, ਪਰ ਜਨਰਲ ਜਗਜੀਤ ਸਿੰਘ ਨੇ ਇਹ ਪੇਸ਼ਕਸ਼ ਸਵੀਕਾਰ ਨਹੀਂ ਸੀ ਕੀਤੀ। ਉਨ੍ਹਾਂ ਨੇ ਪਹਿਲਾਂ ਪੰਜਾਬ ਦੇ ਹਾਲਾਤ ਠੀਕ ਕਰਨ ਅਤੇ ਚੋਣਾਂ ਕਰਵਾਉਣ ਦੀ ਮੰਗ ਕੀਤੀ ਸੀ।

ਜਨਰਲ ਜਗਜੀਤ ਸਿੰਘ ਸੱਚਮੁੱਚ ਹੀ ਸੰਤ-ਸਿਪਾਹੀ ਹੁੰਦਿਆਂ ਕੌਮੀ ਦਰਦ ਨਾਲ ਲਬਰੇਜ਼ ਇਕ ਉੱਚ-ਕੋਟੀ ਦੇ ਸਮਾਜ-ਸੇਵੀ ਵੀ ਸਨ। ਉਨ੍ਹਾਂ ਨੇ ੧੯੮੪ ਈ. ਦੇ 'ਸਾਕਾ ਨੀਲਾ ਤਾਰਾ' ਅਤੇ ਸਿੱਖ ਕਤਲ-ਏ-ਆਮ ਦਾ ਜ਼ੋਰਦਾਰ ਸ਼ਬਦਾਂ ਵਿਚ ਰੋਸ ਪ੍ਰਗਟ ਕੀਤਾ ਸੀ। ਉਪਰੰਤ ਉਨ੍ਹਾਂ ਨੇ ੧੯੮੪ ਦੇ ਕਤਲ-ਏ-ਆਮ ਦੇ ਸ਼ਿਕਾਰ ਸਿੱਖ ਮਰਦ-ਇਸਤਰੀਆਂ ਤੇ ਬੱਚਿਆਂ ਨੂੰ ਮੁੜ ਵਸਾਉਣ ਲਈ ਸ੍ਰੀ ਇੰਦਰ ਕੁਮਾਰ ਗੁਜਰਾਲ ਅਤੇ ਸ੍ਰੀ ਕੁਲਦੀਪ ਨਈਅਰ ਵਰਗੇ ਪੰਜਾਬੀਆਂ ਨੂੰ ਨਾਲ ਲੈ ਕੇ ਸੇਵਾ ਨਿਭਾਈ। ਭਾਵੇਂ ਉਹ ਸਰੀਰਕ ਤੌਰ 'ਤੇ ੩ ਮਈ, ੨੦੦੫ ਨੂੰ ਸਾਥੋਂ ਵਿੱਛੜ ਗਏ ਹਨ, ਪਰ ਉਨ੍ਹਾਂ ਦੀਆਂ ਪ੍ਰਾਪਤੀਆਂ, ਕੁਰਬਾਨੀਆਂ, ਸੱਚਾ-ਸੁੱਚਾ ਜੀਵਨ, ਦੇਸ਼-ਭਗਤੀ, ਕੌਮੀ ਦਰਦ ਸਿੱਖ ਕੌਮ ਦੀ ਵਡਮੁੱਲੀ ਵਿਰਾਸਤ ਦਾ ਸ਼ਾਨਦਾਰ ਅੰਗ ਬਣੇ ਰਹਿਣਗੇ।

ਅਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਤੱਥ ਹਮੇਸ਼ਾਂ ਹੀ ਦੁੱਖ ਤੇ ਅਫ਼ਸੋਸ ਨਾਲ ਵੇਖਿਆ ਜਾਵੇਗਾ ਕਿ ਸਿੱਖ ਜਰਨੈਲਾਂ ਵੱਲੋਂ ਮੈਦਾਨ-ਏ-ਜੰਗ ਵਿਚ ਜੋ ਮਹਾਨ ਜਿੱਤਾਂ ਪ੍ਰਾਪਤ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਭਾਰਤੀ ਹਾਕਮਾਂ ਨੇ ਆਪਣੀਆਂ ਰਾਜਨੀਤਕ ਕਮਜ਼ੋਰੀਆਂ ਕਾਰਨ ਗੱਲਬਾਤ ਦੀ ਮੇਜ਼ ਉੱਤੇ ਹਾਰ ਕੇ ਇਨ੍ਹਾਂ ਬੇਮਿਸਾਲ ਕੁਰਬਾਨੀਆਂ ਤੇ ਘਾਲਣਾ ਨੂੰ ਮਿੱਟੀ ਵਿਚ ਰੋਲ ਦਿੱਤਾ ਹੈ। ਜਨਰਲ ਹਰਬਖਸ਼ ਸਿੰਘ ਦੀ ਅਗਵਾਈ ਵਿਚ ਲੜੀ ਭਾਰਤ-ਪਾਕਿ ੧੯੬੫ ਈ. ਦੀ ਜੰਗ ਵਿਚ ਦੁਸ਼ਮਣ ਨੂੰ ਧੂਲ ਚਟਾ ਦਿੱਤੀ ਸੀ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਥੋੜੀ ਦੂਰ ਪਾਕਿਸਤਾਨ ਦੇ ਪੈਟਨ-ਟੈਂਕਾਂ ਦਾ ਪਿੰਡ ਆਸਲ ਓਤਾੜ ਦੀ ਧਰਤੀ ਉੱਤੇ ਕਬਰਸਤਾਨ ਬਣਾ ਦਿੱਤਾ ਸੀ ਅਤੇ ਪਾਕਿਸਤਾਨ ਦੇ ਵੱਡੇ ਏਰੀਏ ਉੱਤੇ (ਈਛੋ ਨਹਿਰ ਤੋਂ ਅੱਗੇ ਤੀਕ) ਕਬਜ਼ਾ ਕਰ ਲਿਆ ਸੀ, ਪਰੰਤੂ ੧੦ ਜਨਵਰੀ,੧੯੬੬ ਈ. ਨੂੰ ਤਾਸ਼ਕੰਦ ਸਮਝੌਤੇ ਵਿਚ ਸਭ ਕੁਝ ਗੁਆ ਦਿੱਤਾ ਗਿਆ। ਭਾਵੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਜਨਰਲ ਜਗਜੀਤ ਸਿੰਘ ਨੂੰ ੬ ਸਾਲ ਲਈ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ ਸੀ, ਪ੍ਰੰਤੂ ਭਾਰਤੀ ਹਾਕਮਾਂ ਵੱਲੋਂ ਇਨ੍ਹਾਂ ਸਿਰਲੱਥ ਯੋਧੇ ਜਰਨੈਲਾਂ ਦੀ ਘਾਲਣਾ ਦਾ ਮੁੱਲ ਨਹੀਂ ਪਾਇਆ ਗਿਆ। ਇਸ ਸਾਰੇ ਵਰਤਾਰੇ ਪਿੱਛੇ ਭਾਰਤੀ ਹਾਕਮਾਂ ਦੀ ਕੂਟਨੀਤੀ ਤੇ ਫਿਰਕੂ ਸੋਚ ਕੰਮ ਕਰਦੀ ਰਹੀ ਹੈ। ਫਿਰੰਗੀਆਂ ਤੇ ਖਾਲਸਾ ਫੌਜਾਂ ਵਿਚਕਾਰ ਹੋਈਆਂ ਜੰਗਾਂ ਦੇ ਚਸ਼ਮਦੀਦ ਗਵਾਹ ਸ਼ਾਹ ਮੁਹੰਮਦ ਨੇ ਲਿਖਿਆ ਸੀ:

*ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।*
*ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।*

ਅੱਜ ਵੀ ਭਾਰਤੀ ਹਾਕਮਾਂ ਦੇ ਵਤੀਰੇ ਵੱਲ ਝਾਤ ਮਾਰੀਏ ਤਾਂ ਇਹ ਗੱਲ ਸੱਚ ਸਿੱਧ ਹੁੰਦੀ ਹੈ। ਅੱਜ ਲੋੜ ਹੈ ਕਿ ਸਮੂਹ ਸਿੱਖ ਸੰਸਥਾਵਾਂ, ਸੰਪਰਦਾਵਾਂ, ਮਹਾਂਪੁਰਸ਼ ਅਤੇ ਖਾਸ ਕਰਕੇ ਮਾਪੇ ਆਪਣੇ ਬੱਚੇ-ਬੱਚੀਆਂ ਅੰਦਰ ਜਨਰਲ ਜਗਜੀਤ ਸਿੰਘ ਵਰਗੇ ਗੁਣ ਪੈਦਾ ਕਰਨ, ਤਾਂ ਜੋ ਅਸੀਂ ਆਪਣੀ ਖਾਲਸਈ ਸ਼ਾਨ ਅਤੇ ਗੌਰਵ ਨੂੰ ਕਾਇਮ ਰੱਖ ਸਕੀਏ। ਇਹੋ ਹੀ ਸਾਡਾ ਜਨਰਲ ਜਗਜੀਤ ਸਿੰਘ ਨੂੰ ਸਹੀ ਸਤਿਕਾਰ ਹੋਵੇਗਾ। ■

**ਕਿਰਤ ਕਰੋ, ਨਾਮ ਜਪੋ, ਵੰਡ ਛਕੋ**

# ਸਿੱਖਾਂ ਵਿਚ ਅੰਤਰੀਵੀ ਧਰਮ-ਸੰਵਾਦ ਦੀ ਲੋੜ

*-ਡਾ. ਪਰਮਵੀਰ ਸਿੰਘ**

ਸੰਵਾਦ ਮਨੁੱਖੀ ਵਿਕਾਸ ਦਾ ਇਕ ਮਹੱਤਵਪੂਰਨ ਅੰਗ ਮੰਨਿਆ ਜਾਂਦਾ ਹੈ, ਜਿਸ ਵਿੱਚੋਂ ਦੂਜਿਆਂ ਨਾਲ ਸਹਿਯੋਗ ਅਤੇ ਸੁਹਿਰਦ ਭਾਵ ਵਾਲਾ ਜੀਵਨ ਬਸਰ ਕਰਨ ਦੀ ਪ੍ਰੇਰਨਾ ਮਿਲਦੀ ਹੈ। ਸੰਸਾਰ ਦੇ ਸਮੂਹ ਦੇਸ਼ਾਂ ਕੋਲ ਕਿਸੇ ਨਾ ਕਿਸੇ ਤਰ੍ਹਾਂ ਦੇ ਸ਼ਸਤਰ ਮੌਜੂਦ ਹਨ, ਪਰ ਉਨ੍ਹਾਂ ਦੀ ਵਰਤੋਂ ਕਰਨ ਦੀ ਬਜਾਇ ਆਪਸੀ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਸੰਵਾਦ ਮਨੁੱਖ ਦੇ ਮਨ ਵਿਚ ਉਸਾਰੂ ਸੋਚ ਅਤੇ ਸਾਂਝ ਪੈਦਾ ਕਰਨ ਦਾ ਯਤਨ ਕਰਦਾ ਹੈ, ਪਰ ਜਦੋਂ ਇਹ ਜੀਵਨ ਵਿੱਚੋਂ ਮਨਫ਼ੀ ਹੋ ਜਾਂਦਾ ਹੈ ਤਾਂ ਕਲਹ-ਕਲੇਸ਼, ਨਫ਼ਰਤ ਅਤੇ ਫਿੱਕਾ ਜਾਂ ਕੌੜਾ ਬੋਲਣ ਦੀ ਬਿਰਤੀ ਪੈਦਾ ਹੋ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਵਾਦ ਦੀ ਭਾਵਨਾ 'ਤੇ ਜ਼ੋਰ ਦਿੱਤਾ ਹੈ ਤਾਂ ਕਿ ਇਕ-ਦੂਜੇ ਦੇ ਨੇੜੇ ਆ ਕੇ ਮਨੁੱਖੀ ਸਮੱਸਿਆਵਾਂ ਪ੍ਰਤੀ ਸੁਚਾਰੂ ਸੰਵੇਦਨਾ ਪੈਦਾ ਕੀਤੀ ਜਾਵੇ। ਧਰਮ ਮਨੁੱਖ ਦੇ ਜੀਵਨ ਦਾ ਕੇਂਦਰੀ ਧੁਰਾ ਹੈ, ਜਿਹੜਾ ਕਿ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕਰਦਾ ਹੈ। ਧਰਮ-ਅਸਥਾਨਾਂ ਤੋਂ ਜਿਹੜਾ ਸੰਦੇਸ਼ ਆਮ ਲੋਕਾਂ ਤਕ ਜਾਂਦਾ ਹੈ, ਉਸੇ ਨੂੰ ਧਾਰਨ ਕਰਨ ਦੇ ਯਤਨ ਅਰੰਭ ਹੋ ਜਾਂਦੇ ਹਨ। ਆਮ ਲੋਕਾਂ 'ਤੇ ਧਰਮ ਦੇ ਪ੍ਰਭਾਵ ਨੂੰ ਦੇਖਦੇ ਹੋਏ ਗੁਰੂ ਜੀ ਨੇ ਧਾਰਮਿਕ ਆਗੂਆਂ ਨਾਲ ਸੰਵਾਦ ਕਰਨ ਲਈ ਸਫ਼ਲ ਯਤਨ ਕੀਤੇ ਤਾਂ ਕਿ ਮਨੁੱਖ ਦੇ ਜੀਵਨ ਦਾ ਕੇਂਦਰੀ ਧੁਰਾ ਬਣ ਚੁੱਕੇ ਧਾਰਮਿਕ ਜੀਵਨ ਵਿੱਚੋਂ ਸਦਾਚਾਰ ਦੀ ਭਾਵਨਾ ਨੂੰ ਪ੍ਰਫੁਲਿਤ ਕੀਤਾ ਜਾ ਸਕੇ। ਗੁਰੂ ਜੀ ਨੇ ਸੰਸਾਰ ਦੇ ਵਿਭਿੰਨ ਧਰਮਾਂ ਦੇ ਧਾਰਮਿਕ ਆਗੂਆਂ ਨਾਲ ਸੰਵਾਦ ਅਰੰਭ ਕਰਦੇ ਹੋਏ ਉਨ੍ਹਾਂ ਨੂੰ ਪ੍ਰਭੂ-ਮੁਖੀ, ਗ੍ਰਿਹਸਥੀ, ਸਦਚਾਰਕ ਅਤੇ ਪਰਉਪਕਾਰੀ ਜੀਵਨ ਬਸਰ ਕਰਨ ਦਾ ਮਾਰਗ ਧਾਰਨ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਜਬਰੀ ਧਰਮ ਪਰਿਵਰਤਨ ਕਰਨ ਦੇ ਵਿਰੁੱਧ ਸਨ ਅਤੇ ਉਨ੍ਹਾਂ ਨੇ ਜਿਸ ਵੀ ਧਰਮ ਦੇ ਸ਼ਰਧਾਲੂ ਨਾਲ ਸੰਵਾਦ ਕੀਤਾ ਉਸ ਨੂੰ ਆਪਣੇ ਧਰਮ ਵਿਚ ਦ੍ਰਿੜ੍ਹ ਰਹਿਣ ਲਈ ਕਿਹਾ। ਧਰਮ ਦੇ ਜਿਹੜੇ ਅਰਥ ਗੁਰੂ ਜੀ ਨੇ ਪ੍ਰਦਾਨ ਕੀਤੇ ਸਨ ਉਨ੍ਹਾਂ ਨੇ ਸਮਾਜ ਦੀ ਸੁਚਾਰੂ ਸਿਰਜਣਾ ਕਰਨ ਵਿਚ ਯੋਗਦਾਨ ਪਾਇਆ।

ਹਰ ਦੇਸ਼ ਵਿਚ ਵੱਸਣ ਵਾਲੇ ਵਿਦਵਾਨਾਂ ਅਤੇ ਸੂਝਵਾਨ ਨੇ ਧਰਮ ਦੀ ਵਿਆਖਿਆ ਕਰਦੇ ਹੋਏ ਇਸ ਨੂੰ ਆਪਣੇ ਤੌਰ 'ਤੇ ਪਰਿਭਾਸ਼ਿਤ ਕੀਤਾ ਹੈ। ਇਸ ਕਰਕੇ ਇਹ ਵਿਆਖਿਆ ਧਰਮ ਗ੍ਰੰਥ ਦੁਆਰਾ ਕੀਤੀ ਗਈ ਧਰਮ ਦੀ ਵਿਆਖਿਆ ਤਕ ਸੀਮਤ ਨਹੀਂ ਰਹੀ। ਧਰਮ ਦੀ ਵਿਆਖਿਆ ਵਿੱਚੋਂ ਮਨੁੱਖੀ ਕਦਰਾਂ-ਕੀਮਤਾਂ ਪ੍ਰਗਟ ਹੁੰਦੀਆਂ ਹਨ, ਪਰ ਜਦੋਂ ਇਨ੍ਹਾਂ ਵਿਚ ਖੜੋਤ ਆ ਜਾਂਦੀ ਹੈ ਤਾਂ ਟਕਰਾਉ ਦੀ ਸੰਭਾਵਨਾ ਵੱਧ

**ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. +੯੧੯੮੭੨੦੯੪੩੨੨*

ਜਾਂਦੀ ਹੈ, ਜਿਹੜੀ ਕਿ ਲੰਮੇ ਸਮੇਂ ਤਕ ਸਮਾਜ ਲਈ ਘਾਤਕ ਸਿੱਧ ਹੁੰਦੀ ਹੈ। ਕਈ ਵਾਰ ਧਰਮ ਦੀ ਵਿਆਖਿਆ ਦੇ ਕੁਝ ਅਜਿਹੇ ਸੂਤਰ ਵੀ ਸਾਹਮਣੇ ਆਉਂਦੇ ਹਨ ਜਿਹੜੇ ਦੂਜੇ ਧਰਮਾਂ ਨਾਲ ਟਕਰਾਉ ਪੈਦਾ ਕਰਨ ਦੇ ਨਾਲ-ਨਾਲ ਇੱਕ ਧਰਮ ਨੂੰ ਮੰਨਣ ਵਾਲੀਆਂ ਵਿਭਿੰਨ ਧਾਰਮਿਕ ਸੰਪਰਦਾਵਾਂ ਅਤੇ ਸਮੂਹਾਂ ਵਿਚ ਵੀ ਖਿੱਚੋਤਾਣ ਪੈਦਾ ਕਰ ਦਿੰਦੇ ਹਨ। ਇਸ ਦ੍ਰਿਸ਼ਟੀ ਤੋਂ ਇੱਕ ਧਰਮ ਦੇ ਸ਼ਰਧਾਲੂਆਂ ਵਿਚ ਆਪਸੀ ਸੰਵਾਦ ਦੀ ਲੋੜ ਹਮੇਸ਼ਾਂ ਬਣੀ ਰਹਿੰਦੀ ਹੈ ਤਾਂ ਕਿ ਵਖਰੇਵਿਆਂ ਨੂੰ ਘੱਟ ਕੀਤਾ ਜਾ ਸਕੇ।

ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਵਿਭਿੰਨ ਧਰਮਾਂ ਨਾਲ ਸੰਵਾਦ ਰਚਾ ਰਹੇ ਸਨ, ਉਸੇ ਹੀ ਸਮੇਂ ਦੌਰਾਨ ਜਰਮਨੀ ਵਿਚ ਮਾਰਟਿਨ ਲੂਥਰ, ਸਵਿਟਜ਼ਰਲੈਂਡ ਵਿਚ ਜਵਿੰਗਲੀ ਅਤੇ ਫ਼ਰਾਂਸ ਵਿਚ ਜਾਹਨ ਕਾਲਵਿਨ ਚਰਚ ਵਿਚ ਆਏ ਨਿਘਾਰ ਨੂੰ ਰੋਕਣ ਲਈ ਯਤਨ ਕਰ ਰਹੇ ਸਨ। ਪੋਪ ਨਾਲ ਇਨ੍ਹਾਂ ਦਾ ਟਕਰਾਉ ਪੈਦਾ ਹੋਇਆ ਜਿਸ ਵਿੱਚੋਂ ਪ੍ਰੋਟੈਸਟੈਂਟ ਚਰਚ ਨੇ ਜਨਮ ਲਿਆ। ਸਮਾਂ ਪਾ ਕੇ ਪ੍ਰੋਟੈਸਟੈਂਟ ਚਰਚ ਅੱਗੇ ਕਈ ਹਿੱਸਿਆਂ ਵਿਚ ਵੰਡੀ ਗਈ ਜਿਵੇਂ: ਐਂਗਲੀਕਨ, ਲੁਥਰਨ, ਕਾਲਵਨਿਸਟ, ਬੈਪਟਿਸਟ, ਮੈਥੋਡਿਸਟ ਚਰਚ ਆਦਿ। ਇਨ੍ਹਾਂ ਚਰਚਾਂ ਨੂੰ ਸਿਧਾਂਤਕ ਏਕਤਾ ਅਧੀਨ ਇਕੱਠੇ ਕਰਨ ਲਈ ਚਰਚ ਦੇ ਸੂਝਵਾਨ ਪਾਦਰੀਆਂ ਨੇ ਸਫ਼ਲ ਯਤਨ ਕੀਤਾ। ਭਾਵੇਂ ਕਿ ਚਰਚ ਵਿਚ ਅੰਤਰੀਵੀ ਵਿਚਾਰ-ਚਰਚਾ ਨੂੰ ੩੨੫ ਈਸਵੀ ਦੀ ਨਾਇਸੀਆ ਦੀ ਕੌਂਸਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਪਰ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ੧੯੧੦ ਈ. ਵਿਚ ਐਡਿਨਬਰਗ ਵਿਖੇ ਹੋਈ ਵਰਲਡ ਮਿਸ਼ਨਰੀ ਕਾਨਫ਼ਰੰਸ ਨੂੰ ਇਕ ਮਹੱਤਵਪੂਰਨ ਮੀਲ-ਪੱਥਰ ਵਜੋਂ ਦੇਖਿਆ ਜਾਂਦਾ ਹੈ। ਇਸ ਕਾਨਫ਼ਰੰਸ ਨੇ ਇਕੁਮੈਨੀਕਲ ਮੂਵਮੈਂਟ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹੋਏ ਵਿਭਿੰਨ ਚਰਚਾਂ ਦੇ ਪੈਰੋਕਾਰਾਂ ਵਿਚ ਸੁਹਿਰਦ ਸੰਬੰਧ ਅਤੇ ਸੂਝ ਪੈਦਾ ਕਰਨ ਲਈ ਯੋਗਦਾਨ ਪਾਇਆ। ੧੯੪੮ ਈ. ਵਿਚ ਐਮਸਟਰਡਮ ਵਿਖੇ ਪੈਦਾ ਹੋਈ 'ਵਰਲਡ ਕੌਂਸਲ ਆਫ਼ ਚਰਚਿਜ਼' ਨੇ ਵਿਭਿੰਨ ਈਸਾਈ ਚਰਚਾਂ ਅਤੇ ਸਮੂਹਾਂ ਵਿਚ ਸ਼ਾਂਤੀਪੂਰਵਕ ਆਪਸੀ ਸਹਿਯੋਗ ਨਾਲ ਇਕੱਠਿਆਂ ਕੰਮ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

ਪੱਛਮ ਵਿਚ ਚਰਚ ਨੇ ਪਿਛਲੇ ਪੰਜ ਸੌ ਸਾਲਾਂ ਵਿਚ ਆਪਣੇ ਵਖਰੇਵਿਆਂ ਨੂੰ ਦੂਰ ਕਰਨ ਲਈ ਮਹੱਤਵਪੂਰਨ ਕਾਰਜ ਕੀਤਾ ਹੈ। ਪੂਰਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰੇਮ ਅਤੇ ਭਾਈਚਾਰਕ ਸਾਂਝ ਦਾ ਜਿਹੜਾ ਬੀਜ ਬੀਜਿਆ ਸੀ, ਉਸੇ ਦਾ ਸਿੱਟਾ ਸੀ ਕਿ 'ਨ ਕੋ ਹਿੰਦੂ ਨ ਮੁਸਲਮਾਨ' ਤੋਂ ਅਰੰਭ ਹੋਈ ਗੁਰੂ ਜੀ ਦੀ ਸੰਸਾਰਕ ਯਾਤਰਾ "ਬਾਬਾ ਨਾਨਕ ਸ਼ਾਹ ਫ਼ਕੀਰ ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ" ਦੀ ਭਾਵਨਾ ਪੈਦਾ ਕਰ ਕੇ ਸੰਪੂਰਨ ਹੋਈ ਸੀ। ੧੫੩੯ ਈ. ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਲੱਗਭਗ ੪੮੦ ਸਾਲ ਦੌਰਾਨ ਸਿੱਖ ਧਰਮ ਨੇ ਅਨੇਕਾਂ ਉਤਰਾਅ-ਚੜ੍ਹਾਅ ਦੇਖੇ ਹਨ। ਸੰਨ ੧੭੦੮ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤਕ ਸਿੱਖ ਧਰਮ ਇਕ ਰੌਂਅ ਵਿਚ ਚੱਲਦਾ ਰਿਹਾ ਅਤੇ ਜੇਕਰ ਕੋਈ ਸਮੱਸਿਆ ਆਈ ਤਾਂ ਗੁਰੂ

ਸਾਹਿਬਾਨ ਨੇ ਆਪ ਹੀ ਦੂਰ ਕਰ ਦਿੱਤੀ ਸੀ। 'ਮਸੰਦ ਪ੍ਰਥਾ' ਵਿਚ ਕੁਰੀਤੀਆਂ ਗੁਰੂ ਸਾਹਿਬਾਨ ਦੇ ਸਮੇਂ ਹੀ ਪ੍ਰਗਟ ਹੋ ਗਈਆਂ ਸਨ, ਜਿਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਖ਼ਤਮ ਕਰ ਦਿੱਤਾ ਸੀ ਅਤੇ ਜਿਨ੍ਹਾਂ ਨੇ ਗੁਰਮਤਿ ਦੀ ਸਿੱਖਿਆ ਦੇ ਪ੍ਰਤੀਕੂਲ ਕਾਰਜ ਕੀਤੇ ਸਨ ਉਨ੍ਹਾਂ ਨੂੰ ਵੀ ਗੁਰੂ ਸਾਹਿਬਾਨ ਨੇ ਆਪ ਹੀ ਫਿਟਕਾਰ ਦਿੱਤਾ ਸੀ। 'ਸਿੱਖ ਰਹਿਤ ਮਰਯਾਦਾ' ਵਿਚ ਸਪੱਸ਼ਟ ਤੌਰ 'ਤੇ ਉਨ੍ਹਾਂ ਨਾਲ ਮਿਲਵਰਤਨ ਨਾ ਰੱਖਣ ਦੀ ਹਦਾਇਤ ਕੀਤੀ ਗਈ ਹੈ ਜਿਨ੍ਹਾਂ ਨੇ ਸਿੱਖੀ ਨੂੰ ਖੋਰਾ ਲਾਉਣ ਦਾ ਯਤਨ ਕੀਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕੁਝ ਅਜਿਹੀਆਂ ਸੰਪਰਦਾਵਾਂ ਸਾਹਮਣੇ ਆਈਆਂ ਜਿਹੜੀਆਂ ਗੁਰੂ-ਕਾਲ ਤੋਂ ਚੱਲੀਆਂ ਆ ਰਹੀਆਂ ਸਨ, ਜਿਵੇਂ: ਉਦਾਸੀ, ਨਿਰਮਲੇ, ਸੇਵਾ ਪੰਥੀ ਆਦਿ। ਲੱਗਭਗ ਦੋ ਸਦੀਆਂ ਇਨ੍ਹਾਂ ਨੇ ਬਹੁਤ ਹੀ ਦ੍ਰਿੜ੍ਹਤਾ ਅਤੇ ਨਿਸ਼ਠਾ ਨਾਲ ਗੁਰਧਾਮਾਂ ਦੀ ਸੇਵਾ-ਸੰਭਾਲ ਕੀਤੀ। ਉਦਾਸੀਆਂ ਅਤੇ ਨਿਰਮਲਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਨੂੰ ਬਹੁਤ ਦੂਰ-ਦੁਰਾਡੇ ਥਾਵਾਂ ਤਕ ਪਹੁੰਚਾਇਆ ਜਿੱਥੇ ਸ਼ਾਇਦ ਮੌਜੂਦਾ ਪ੍ਰਚਾਰਕ ਵੀ ਨਾ ਪਹੁੰਚ ਸਕਦੇ ਹੋਣ। ਭਾਰਤ ਦੇ ਵਿਭਿੰਨ ਰਾਜਾਂ ਵਿਚ ਗੁਰੂ ਸਾਹਿਬਾਨ ਦੇ ਅਸਥਾਨ ਮੌਜੂਦ ਹਨ ਜਿੱਥੇ ਹੁਣ ਵੀ ਉਦਾਸੀ ਸਾਧੂ ਸੇਵਾ ਕਰ ਰਹੇ ਹਨ। ਸਮਾਂ ਪੈਣ 'ਤੇ ਜਦੋਂ ਇਨ੍ਹਾਂ ਵਿਚ ਸਵਾਰਥੀ ਅਤੇ ਸਿਧਾਂਤਕ ਕਮਜ਼ੋਰੀਆਂ ਸਾਹਮਣੇ ਆਈਆਂ ਤਾਂ ਸਿੱਖਾਂ ਵਿਚ ਗੁਰਮਤਿ ਸਿਧਾਂਤਾਂ ਦੀ ਦ੍ਰਿੜ੍ਹਤਾ ਪ੍ਰਤੀ ਚੇਤਨਾ ਪੈਦਾ ਹੋਈ। ਉਦਾਸੀ ਅਤੇ ਨਿਰਮਲੇ ਆਪਣੀ ਵੱਖਰੀ ਪਛਾਣ ਕਾਇਮ ਕਰਨ ਲਈ ਯਤਨਸ਼ੀਲ ਹੋ ਗਏ। ਆਪਣੀਆਂ ਜਾਇਦਾਦਾਂ ਬਚਾਉਣ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਬਹੁਗਿਣਤੀ ਪ੍ਰਭਾਵ ਅਧੀਨ ਇਨ੍ਹਾਂ ਵਿੱਚੋਂ ਬਹੁਤ ਸਾਰੇ ਡੇਰਿਆਂ ਨੇ ਸਿੱਖਾਂ ਨੂੰ ਹਿੰਦੂ ਧਰਮ ਦੀ ਸ਼ਾਖ਼ ਸਿੱਧ ਕਰਨ 'ਤੇ ਜ਼ੋਰ ਲਗਾ ਦਿੱਤਾ ਅਤੇ ਸਿੱਖੀ ਦੀ ਮੂਲ ਧਾਰਾ ਤੋਂ ਦੂਰ ਹੋ ਗਏ। ਮੌਜੂਦਾ ਸਮੇਂ ਵਿਚ ਵੀ ਇਨ੍ਹਾਂ ਵਿੱਚੋਂ ਜਿਹੜੀਆਂ ਸੰਪਰਦਾਵਾਂ ਗੁਰਮਤਿ ਪ੍ਰਚਾਰ ਦੇ ਕਾਰਜ ਵਿਚ ਲੱਗੀਆਂ ਹੋਈਆਂ ਹਨ, ਉਨ੍ਹਾਂ ਦਾ ਸਿੱਖਾਂ ਵਿਚ ਸਤਿਕਾਰ ਕਾਇਮ ਹੈ।

ਵੀਹਵੀਂ ਸਦੀ ਦੇ ਅਰੰਭ ਵਿਚ 'ਸਿੰਘ ਸਭਾ' ਅਤੇ 'ਗੁਰਦੁਆਰਾ ਸੁਧਾਰ ਲਹਿਰ' ਨੇ ਸਿੱਖਾਂ ਵਿਚ ਪੁਨਰ-ਜਾਗਰਤੀ ਅਤੇ ਗੁਰਧਾਮਾਂ ਦੀ ਸੰਭਾਲ ਲਈ ਇਕ ਲੋਕ-ਲਹਿਰ ਖੜੀ ਕਰ ਦਿੱਤੀ ਜਿਸ ਦੇ ਬਹੁਤ ਹੀ ਸਕਾਰਾਤਮਕ ਸਿੱਟੇ ਸਾਹਮਣੇ ਆਏ। ਸਿੱਖ ਵਿਦਵਾਨਾਂ ਨੇ ਗੁਰਬਾਣੀ ਅਨੁਸਾਰ ਸਿੱਖ ਜੀਵਨ-ਜਾਚ 'ਤੇ ਜ਼ੋਰ ਦਿੱਤਾ ਜਿਸ ਨਾਲ ਗੁਰਬਾਣੀ ਦੀ ਨਵੀਂ ਵਿਆਖਿਆਕਾਰੀ ਸਾਹਮਣੇ ਆਈ। ਗੁਰਬਾਣੀ ਦੀ ਵਿਆਖਿਆਕਾਰੀ ਵਿੱਚੋਂ ਟਕਸਾਲੀ, ਸੰਪਰਦਾਈ ਅਤੇ ਆਧੁਨਿਕ ਵਿਆਖਿਆ ਦੇ ਰੂਪ ਸਾਹਮਣੇ ਆਉਣ ਲੱਗੇ। ਆਧੁਨਿਕ ਵਿਆਖਿਆਕਾਰੀ ਵਿੱਚੋਂ ਪ੍ਰੋ. ਸਾਹਿਬ ਸਿੰਘ ਨੇ ਆਪਣਾ ਵਿਸ਼ੇਸ਼ ਸਥਾਨ ਬਣਾਇਆ। ਵਿਆਕਰਨ ਦੇ ਨਿਯਮਾਂ ਦੇ ਨਾਲ-ਨਾਲ ਇਸ ਵਿਆਖਿਆਕਾਰੀ ਵਿੱਚੋਂ ਬੌਧਿਕਤਾ ਦੀ ਪ੍ਰਧਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਆਧੁਨਿਕ ਸਮੇਂ ਵਿਚ ਹਰ ਸਿੱਖ ਗੁਰਬਾਣੀ ਦੀ ਵਿਆਖਿਆ ਨੂੰ ਬੌਧਿਕ ਮੁਹਾਵਰੇ ਨਾਲ ਸਮਝਣਾ ਚਾਹੁੰਦਾ ਹੈ, ਜਿਸ ਕਰਕੇ ਪ੍ਰੋ. ਸਾਹਿਬ ਸਿੰਘ

ਦਾ ਗੁਰਬਾਣੀ ਟੀਕਾ ਵਧੇਰੇ ਪ੍ਰਚਲਿਤ ਹੋ ਗਿਆ ਜਾਪਦਾ ਹੈ। ਅਜਿਹਾ ਨਹੀਂ ਕਿ ਸੰਪਰਦਾਵਾਂ ਨਾਲ ਜੁੜੇ ਹੋਏ ਵਿਆਖਿਆਕਾਰ ਆਧੁਨਿਕ ਸਮੇਂ ਦੇ ਹਾਣ ਦੀ ਵਿਆਖਿਆ ਨਹੀਂ ਕਰ ਰਹੇ, ਬਲਕਿ ਉਹ ਗੁਰਬਾਣੀ ਦੇ ਅਰਥਾਂ ਨੂੰ ਪਰੰਪਰਾ ਵਿੱਚੋਂ ਵੀ ਦੇਖਣ ਦਾ ਯਤਨ ਕਰ ਰਹੇ ਹਨ। ਸੰਪਰਦਾਵਾਂ, ਟਕਸਾਲਾਂ ਅਤੇ ਮਿਸ਼ਨਰੀਆਂ ਦੁਆਰਾ ਕੀਤੀ ਜਾ ਰਹੀ ਵਿਆਖਿਆ ਨੂੰ ਸੁਣਾਉਣ ਲਈ ਅਨੇਕਾਂ ਟੀ.ਵੀ. ਅਤੇ ਯੂ.ਟਿਊਬ ਚੈਨਲ ਹੋਂਦ ਵਿਚ ਆਏ ਹਨ। ਗੁਰਬਾਣੀ ਦੀ ਵਿਆਖਿਆ ਬਿਬੇਕ-ਬੁੱਧੀ ਨਾਲ ਕੀਤੀ ਜਾਵੇ ਤਾਂ ਸ਼ਾਇਦ ਕੋਈ ਸਮੱਸਿਆ ਪੈਦਾ ਨਹੀਂ ਹੁੰਦੀ, ਪਰ ਜਦੋਂ ਇਸ ਵਿਆਖਿਆ ਦਾ ਆਧਾਰ ਕੇਵਲ ਬੁੱਧੀ ਰਹਿ ਜਾਵੇ ਤਾਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਨਿਰੋਲ ਬੌਧਿਕ ਵਿਆਖਿਆ ਕਈ ਸਮੱਸਿਆਵਾਂ ਨੂੰ ਜਨਮ ਦਿੰਦੀ ਹੈ, ਜਿਸ ਵਿੱਚੋਂ ਸ਼ਰਧਾਲੂਆਂ ਅਤੇ ਸੂਝਵਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਣੀ ਸੁਭਾਵਿਕ ਹੈ। ਗੁਰਬਾਣੀ ਅਧਿਐਨ ਨਾਲ ਜੁੜੇ ਹੋਏ ਸੂਝਵਾਨ ਵਿਦਵਾਨ ਇਹ ਮਹਿਸੂਸ ਕਰਦੇ ਹਨ ਕਿ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵਿਆਖਿਆ ਦਾ ਆਧਾਰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸ਼ਖ਼ਸੀਅਤ ਨੂੰ ਦ੍ਰਿੜ੍ਹ ਕਰਾਉਣਾ ਹੋਣਾ ਚਾਹੀਦਾ ਹੈ, ਜਿਸ ਵਿੱਚੋਂ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਆਧੁਨਿਕ ਸਮੇਂ ਦੇ ਅਨੁਸਾਰੀ ਸਦਾਚਾਰਕ ਜੀਵਨ-ਜਾਚ ਦੀ ਭਾਵਨਾ ਪ੍ਰਗਟ ਹੋਵੇ।

ਗੁਰਬਾਣੀ ਵਿਆਖਿਆ ਦੇ ਨਾਲ-ਨਾਲ ਸਿੱਖ ਆਪਣੇ ਇਤਿਹਾਸ ਨਾਲ ਵੀ ਜੁੜਨਾ ਚਾਹੁੰਦੇ ਹਨ। ਇਹ ਅਕਸਰ ਕਿਹਾ ਜਾਂਦਾ ਹੈ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਤਾਂ ਬਹੁਤ ਹੈ, ਪਰ ਇਸ ਦੀ ਸੰਭਾਲ ਨਹੀਂ ਕੀਤੀ। ਸਿੱਖਾਂ ਦੇ ਇਤਿਹਾਸ ਦੇ ਬਹੁਤੇ ਸਮਕਾਲੀ ਸਰੋਤ ਫ਼ਾਰਸੀ ਦੀਆਂ ਲਿਖਤਾਂ ਵਿੱਚੋਂ ਮਿਲਦੇ ਹਨ ਅਤੇ ਫਿਰ ਅੰਗਰੇਜ਼ਾਂ ਨੇ ਸਿੱਖਾਂ ਸਬੰਧੀ ਪੁਸਤਕਾਂ ਦੀ ਰਚਨਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਲੈ ਕੇ ਸੰਨ ੧੯੪੭ ਤਕ ਸਿੱਖ ਉਕਤ ਸ਼ਕਤੀਆਂ ਦੇ ਅਧੀਨ ਰਹੇ। ਸਿੱਖ ਇਤਿਹਾਸ ਸੰਬੰਧੀ ਜਿਹੜੀਆਂ ਗੁਰਮੁਖੀ ਲਿਖਤਾਂ ਮਿਲਦੀਆਂ ਹਨ ਉਨ੍ਹਾਂ ਵਿੱਚੋਂ ਬਹੁਤੇ ਵਿਅਕਤੀਗਤ ਯਤਨ ਹਨ। ਭਾਵੇਂ ਕਿ ਇਤਿਹਾਸ ਦੇ ਗ੍ਰੰਥ ਲਿਖਣ ਵਾਲੇ ਕੁਝ ਵਿਦਵਾਨਾਂ ਨੂੰ ਰਾਜਸੀ ਸਹਾਇਤਾ ਅਤੇ ਸਰਪ੍ਰਸਤੀ ਪ੍ਰਾਪਤ ਸੀ, ਪਰ ਉਨ੍ਹਾਂ ਕੋਲ ਸਿੱਖ ਇਤਿਹਾਸ ਦੀਆਂ ਪ੍ਰਮਾਣਿਕ ਲਿਖਤਾਂ ਮੌਜੂਦ ਨਹੀਂ ਸਨ। 'ਜਨਮਸਾਖੀਆਂ', 'ਗੁਰਬਿਲਾਸ', 'ਬੰਸਾਵਲੀਨਾਮੇ' ਆਦਿ ਸਿੱਖ ਸਰੋਤਾਂ ਦੀ ਸ਼ੁੱਧਤਾ ਸ਼ੰਕਾ ਦੇ ਘੇਰੇ ਵਿਚ ਹੈ। ਭਾਈ ਸੰਤੋਖ ਸਿੰਘ ਦੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਤੋਂ ਬਾਅਦ ਗਿਆਨੀ ਗਿਆਨ ਸਿੰਘ ਦਾ 'ਪੰਥ ਪ੍ਰਕਾਸ਼' ਅਤੇ 'ਤਵਾਰੀਖ਼ ਗੁਰੂ ਖ਼ਾਲਸਾ' ਅਜਿਹੇ ਸਰੋਤ ਹਨ ਜਿਨ੍ਹਾਂ ਵਿੱਚੋਂ ਸਮੂਹ ਗੁਰੂ ਸਾਹਿਬਾਨ ਦੇ ਇੱਕ ਥਾਂ 'ਤੇ ਦਰਸ਼ਨ ਹੁੰਦੇ ਹਨ। ਇਤਿਹਾਸ ਦੇ ਇਨ੍ਹਾਂ ਗ੍ਰੰਥਾਂ ਨੂੰ ਸੰਗਤ ਤਕ ਪਹੁੰਚਾਉਣ ਲਈ ਇਨ੍ਹਾਂ ਨੇ ਕਿੰਨੀ ਘਾਲਣਾ ਕੀਤੀ ਹੋਵੇਗੀ, ਇਹ ਬਿਆਨ ਤੋਂ ਬਾਹਰ ਦੀ ਗੱਲ ਹੈ। ਸੋਸ਼ਲ ਮੀਡੀਆ 'ਤੇ ਬੈਠ ਕੇ ਇਤਿਹਾਸ ਦੇ ਇਨ੍ਹਾਂ ਗ੍ਰੰਥਾਂ ਪ੍ਰਤੀ ਭੱਦੀ ਸ਼ਬਦਾਵਲੀ ਬੋਲਣ ਵਾਲਿਆਂ ਨੂੰ ਸ਼ਾਇਦ ਇਹ ਜਾਣਕਾਰੀ ਨਹੀਂ ਹੈ ਕਿ ਇਤਿਹਾਸ ਦੀਆਂ ਲਿਖਤਾਂ ਨਾ ਤਾਂ ਦਰੱਖਤਾਂ 'ਤੇ ਲੱਗਦੀਆਂ ਹਨ

ਅਤੇ ਨਾ ਹੀ ਇਹ ਗੂਗਲ ਰਾਹੀਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਇਹ ਸਪੱਸ਼ਟ ਹੈ ਕਿ ਸਿੱਖ ਇਤਿਹਾਸ ਦਾ ਕੋਈ ਵੀ ਗ੍ਰੰਥ ਸੰਪੂਰਨ ਨਹੀਂ ਹੈ ਅਤੇ ਨਾ ਹੀ, ਮੌਜੂਦਾ ਸਰੋਤਾਂ ਦੇ ਸਨਮੁਖ, ਪ੍ਰਮਾਣਿਕ ਇਤਿਹਾਸ ਪੈਦਾ ਕੀਤਾ ਜਾ ਸਕਦਾ ਹੈ; ਇਹ ਮਾਣ ਕੇਵਲ 'ਗੁਰਬਾਣੀ' ਨੂੰ ਹੀ ਪ੍ਰਾਪਤ ਹੈ। ਜਦੋਂ ਵਿਦਵਾਨ ਇਤਿਹਾਸ ਦੇ ਗ੍ਰੰਥਾਂ ਦਾ ਅਧਿਐਨ ਕਰਦੇ ਹਨ ਤਾਂ ਉਹ ਪੇਸ਼ ਕੀਤੇ ਗਏ ਅਪ੍ਰਮਾਣਿਕ ਤੱਥਾਂ ਨੂੰ ਭਾਰੂ ਨਹੀਂ ਹੋਣ ਦਿੰਦੇ ਅਤੇ ਗ੍ਰੰਥ ਨੂੰ ਉਸ ਦੀ ਸਮੁੱਚਤਾ ਅਤੇ ਮੂਲ ਭਾਵਨਾ ਅਨੁਸਾਰ ਦੇਖਦੇ ਹਨ। ਭਾਈ ਵੀਰ ਸਿੰਘ ਆਦਿ ਵਿਦਵਾਨਾਂ ਦੀਆਂ ਲਿਖਤਾਂ ਅਤੇ ਟਿੱਪਣੀਆਂ ਵਿੱਚੋਂ ਇਨ੍ਹਾਂ ਗ੍ਰੰਥਾਂ ਦੇ ਮਹੱਤਵ ਨੂੰ ਭਲੀਭਾਂਤ ਸਮਝਿਆ ਜਾ ਸਕਦਾ ਹੈ।

ਭਾਵੇਂ ਕਿ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦੀ ਵਿਆਖਿਆ ਵਿੱਚੋਂ ਵੱਖਰੇਵੇਂ ਨਜ਼ਰ ਆਉਂਦੇ ਹਨ ਅਤੇ ਕਈ ਅਜਿਹੀਆਂ ਘਟਨਾਵਾਂ ਨਜ਼ਰ ਆਉਣ ਲੱਗਦੀਆਂ ਹਨ ਜਿਹੜੀਆਂ ਗੁਰਬਾਣੀ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀਆਂ। ਸੂਝਵਾਨ ਪ੍ਰਚਾਰਕ ਜਾਂ ਤਾਂ ਅਜਿਹੇ ਪ੍ਰਸੰਗ ਸੰਗਤ ਵਿਚ ਲੈ ਕੇ ਨਹੀਂ ਆਉਂਦੇ ਅਤੇ ਜਾਂ ਫਿਰ ਇਹ ਕਹਿ ਦਿੰਦੇ ਹਨ ਕਿ ਇਸ ਪ੍ਰਸੰਗ ਦੀ ਇਹ ਘਟਨਾ ਗੁਰਮਤਿ ਅਨੁਸਾਰੀ ਨਹੀਂ ਹੈ। ਵਿਆਖਿਆ ਵਿਚਲੇ ਵਖਰੇਵੇਂ ਹੋਰ ਵਧੇਰੇ ਨਜ਼ਰ ਆਉਣ ਲੱਗ ਪੈਂਦੇ ਹਨ, ਜਦੋਂ ਕਿ ਇਸ ਪਿੱਛੇ ਕੋਈ ਹੋਰ ਕਾਰਨ ਮੌਜੂਦ ਹੁੰਦੇ ਹਨ। ਕਈ ਵਾਰੀ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵਿਆਖਿਆ ਪਿੱਛੇ ਰਾਜਨੀਤੀ ਵੀ ਛੁਪੀ ਹੁੰਦੀ ਹੈ, ਜਿਹੜੀ 'ਗ੍ਰੰਥ' ਦੀ ਵਿਚਾਰਧਾਰਾ 'ਤੇ ਭਾਰੂ ਹੋ ਜਾਂਦੀ ਹੈ ਅਤੇ ਸ਼ਰਧਾਲੂਆਂ ਵਿਚ ਵਿਵਾਦ ਵੱਧ ਜਾਂਦਾ ਹੈ।

ਗੁਰਮਤਿ ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ ਅਤੇ ਮਿਸ਼ਨਰੀ ਸਿੱਖ ਸੰਗਤ ਵਿਚ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵਿਆਖਿਆ ਕਰਨ ਵਿਚ ਯੋਗਦਾਨ ਪਾ ਰਹੇ ਹਨ। ਗੁਰਬਾਣੀ ਅਤੇ ਇਤਿਹਾਸ ਦੇ ਸਮੂਹ ਵਿਆਖਿਆਕਾਰਾਂ ਨੂੰ ਇਸ ਦਿਸ਼ਾ ਵਿਚ ਵਿਚਾਰ ਕਰਨ ਦੀ ਲੋੜ ਹੈ ਕਿ ਗੁਰਮਤਿ ਸਿਧਾਂਤਾਂ ਅਤੇ ਇਤਿਹਾਸ ਦੇ ਕਿਹੜੇ ਨੁਕਤੇ ਸਮੁੱਚੀ ਸਿੱਖ ਕੌਮ ਵਿਚ ਇਕਜੁੱਟਤਾ ਅਤੇ ਇਕਸੁਰਤਾ ਕਾਇਮ ਰੱਖਣ ਲਈ ਲਾਹੇਵੰਦ ਹੋਣ, ਜਿਨ੍ਹਾਂ ਨਾਲ ਸਮੁੱਚੀ ਦੁਨੀਆ ਵਿਚ ਸਿੱਖੀ ਦੀ ਸ਼ਾਨ ਨੂੰ ਕਾਇਮ ਰੱਖਿਆ ਜਾਵੇ। ਭਾਵੇਂ ਕਿ ਇਹ ਕਾਰਜ ਬਹੁਤ ਔਖਾ ਜਾਪਦਾ ਹੈ, ਪਰ ਇਸ ਨੂੰ ਅਸੰਭਵ ਨਹੀਂ ਮੰਨਿਆ ਜਾ ਸਕਦਾ। ਸਿੱਖਾਂ ਦੀ ਕੇਂਦਰੀ ਸੰਸਥਾ 'ਸ੍ਰੀ ਅਕਾਲ ਤਖ਼ਤ ਸਾਹਿਬ' ਹੈ ਅਤੇ ਜੇਕਰ ਸਮੂਹ ਸੰਸਥਾਵਾਂ ਸੁਹਿਰਦ ਯਤਨ ਕਰਨ ਤਾਂ ਇਸ ਦੇ ਅਧੀਨ ਕੇਂਦਰੀ ਨੁਕਤਿਆਂ 'ਤੇ ਸਾਂਝੀ ਸੁਰ ਪੈਦਾ ਕੀਤੀ ਜਾ ਸਕਦੀ ਹੈ। ਗੁਰਬਾਣੀ ਦੀ ਇਹ ਪੰਕਤੀ ਸਦੀਵ-ਕਾਲ ਲਈ ਸਿੱਖ ਨੂੰ ਆਸ਼ਾਵਾਦੀ ਬਣਾਉਂਦੀ ਹੈ :

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥*
*ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮੫)* ■

# ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ

*-ਸ. ਗੁਰਦੀਪ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਕਈ ਧਰਮ ਸਨ। ਉਨ੍ਹਾਂ ਧਰਮਾਂ ਦੇ ਉਪਦੇਸ਼ ਸਨ ਕਿ ਜੋ ਲੋਕ ਉਨ੍ਹਾਂ ਦੇ ਦੱਸੇ ਰਾਹ 'ਤੇ ਚੱਲਣਗੇ ਉਨ੍ਹਾਂ ਨੂੰ ਮਰਨ ਤੋਂ ਬਾਅਦ ਸਵਰਗ ਜਾਂ ਬਹਿਸ਼ਤ ਮਿਲੇਗਾ ਅਤੇ ਪ੍ਰਭੂ ਦੀ ਦਰਗਾਹ ਵਿਚ ਚਿਤਰਗੁਪਤ (ਜਿਸ ਰਹਿਬਰ ਜਾਂ ਦੇਵੀ-ਦੇਵਤਾ ਜਿਸ ਦੀ ਉਨ੍ਹਾਂ ਪੂਜਾ ਕੀਤੀ ਹੋਵੇਗੀ) ਉਹ ਸਿਫਾਰਿਸ਼ ਕਰੇਗਾ, ਉਨ੍ਹਾਂ ਨੂੰ (ਉਨ੍ਹਾਂ ਦੇ) ਕੀਤੇ ਕਰਮਾਂ ਅਨੁਸਾਰ 'ਸਵਰਗ' ਵਿਚ ਸਥਾਨ ਮਿਲੇਗਾ। ਜੇਕਰ ਹੁਕਮਾਂ ਦੀ ਉਲੰਘਣਾ ਕੀਤੀ ਤਾਂ ਉਨ੍ਹਾਂ ਨੂੰ 'ਨਰਕ' ਜਾਂ ਦੋਜ਼ਖ ਦੀ ਅੱਗ ਵਿਚ ਸੜਨਾ ਪਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਮ-ਕਾਂਡਾਂ, ਪਖੰਡਾਂ ਦੀ ਨਿਖੇਧੀ ਕਰਦੇ ਹੋਏ, ਅਗਾਂਹ ਦੀ ਆਸ ਵਿਚ ਪਰਵਾਰ ਛੱਡ ਕੇ ਜੰਗਲਾਂ ਵਿਚ ਭਟਕਣ ਦੀ ਜਗ੍ਹਾ ਮਨੁੱਖ ਨੂੰ ਗ੍ਰਿਹਸਥੀ ਰਹਿ ਕੇ ਮਾਇਆ ਵਿਚ ਉਦਾਸੀ ਤੇ ਰਾਜ ਵਿਚ ਜੋਗ ਕਮਾਉਣ ਦਾ ਉਪਦੇਸ਼ ਦਿੱਤਾ।

ਸੰਨ ੧੫੩੯ ਈ. ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਕਰਤਾਰਪੁਰ ਸਾਹਿਬ ਤੋਂ ਚੱਲ ਕੇ ਅੱਚਲ ਨਾਮਕ ਸਥਾਨ (ਜੋ ਕਿ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿਖੇ ਬਟਾਲੇ ਤੋਂ ਕੋਈ ਤਕਰੀਬਨ ੩ ਕੁ ਮੀਲ ਦੀ ਦੂਰੀ 'ਤੇ ਸਥਿਤ ਹੈ), ਵਿਖੇ ਗਏ। ਉੱਥੇ ਆਲੇ-ਦੁਆਲੇ ਦੇ ਪਿੰਡਾਂ ਦੇ ਭੋਲੇ-ਭਾਲੇ ਲੋਕਾਂ ਉੱਤੇ ਜੋਗੀ ਆਪਣੀਆਂ ਰਿੱਧੀਆਂ-ਸਿੱਧੀਆਂ ਦਾ ਪ੍ਰਭਾਵ ਪਾ ਰਹੇ ਸਨ। ਕਿਸੇ ਨੂੰ ਵਰ ਦੇਣਾ ਤੇ ਕਿਸੇ ਨੂੰ ਸਰਾਪ ਤੋਂ ਡਰਾਉਣਾ ਇਹੀ ਇਨ੍ਹਾਂ ਪਾਸ ਹਥਿਆਰ ਸੀ। ਜਿਸ ਦੇ ਅਸਰ ਹੇਠ ਗ੍ਰਿਹਸਥੀ ਲੋਕ ਇਨ੍ਹਾਂ ਨੂੰ ਮੰਨਦੇ ਸਨ। ਪਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਉੱਥੇ ਪਹੁੰਚੇ ਤਾਂ ਗੁਰੂ ਜੀ ਦੇ ਪ੍ਰਚਾਰ ਦਾ ਅਸਰ ਵਧਣ ਲੱਗ ਪਿਆ। ਲੋਕਾਂ ਦੇ ਦਿਲਾਂ ਵਿੱਚੋਂ ਜੋਗੀਆਂ ਦੀ ਕਦਰ ਘਟ ਰਹੀ ਸੀ ਪਰੰਤੂ ਜੋਗੀਆਂ ਨੂੰ ਇਹ ਗੱਲ ਕਿਵੇਂ ਬਰਦਾਸ਼ਤ ਹੋ ਸਕਦੀ ਸੀ! ਜੋਗੀਆਂ ਨੇ ਕਈ ਚਮਤਕਾਰ ਦਿਖਾਏ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਕੋਈ ਕਰਾਮਾਤ ਦਿਖਾਉਣ ਲਈ ਵੰਗਾਰਿਆ, ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਸਾਡੇ ਪਾਸ ਤਾਂ ਕੇਵਲ ਪ੍ਰਭੂ ਦੀ ਯਾਦ ਹੈ ਜਿਸ ਦੀ ਬਰਕਤ ਨਾਲ ਸਾਨੂੰ ਉਹ ਪਰਮਾਤਮਾ ਸਭ ਜੀਵਾਂ ਵਿਚ ਦਿੱਸਦਾ ਹੈ। ਲੋਕਾਂ ਨੂੰ ਡਰਾਉਣ ਦੀ ਥਾਂ ਉਨ੍ਹਾਂ ਨਾਲ ਪਿਆਰ ਕਰਨਾ ਸਾਡੀ ਸਭ ਤੋਂ ਵੱਡੀ ਕਰਾਮਾਤ ਹੈ।

ਚਰਪਟ ਨਾਥ ਜੋਗੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਕਿ ਜਗਤ ਨੂੰ

*\#੩੦੨, ਕਿਦਵਾਈ ਨਗਰ, ਲੁਧਿਆਣਾ-੧੪੧੦੦੮; ਮੋ. +੯੧੯੮੮੮੧੨੬੬੯੦*

ਇਕ ਐਸਾ ਸਮੁੰਦਰ ਕਿਹਾ ਜਾਂਦਾ ਹੈ ਜਿਸ ਵਿੱਚੋਂ ਪਾਰ ਲੰਘਣਾ ਬੜਾ ਔਖਾ ਹੈ। ਹੇ (ਗੁਰੂ) ਨਾਨਕ ਜੀ! ਠੀਕ ਵਿਚਾਰ ਕਰ ਕੇ ਦੱਸੋ ਕਿ ਇਸ ਸਮੁੰਦਰ ਦਾ ਪਾਰਲਾ ਕੰਢਾ (ਪਾਸਾ) ਕਿਵੇਂ ਲੱਭਿਆ ਜਾਵੇ?

*ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥*
*ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੮)*

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ— ਜੋ ਮਨੁੱਖ ਜੋ ਕੁਝ ਆਪ ਆਖਦਾ ਹੈ ਤੇ ਆਪ ਹੀ ਉਸ ਨੂੰ ਸਮਝਦਾ (ਵੀ) ਹੈ ਉਸ ਨੂੰ (ਉਸ ਦੇ) ਪ੍ਰਸ਼ਨ ਦਾ ਉੱਤਰ ਦੇਣ ਦੀ ਲੋੜ ਨਹੀਂ ਹੁੰਦੀ। ਇਸ ਲਈ, ਹੇ ਚਰਪਟ! ਤੇਰੇ ਪ੍ਰਸ਼ਨ ਵਿਚ ਕੋਈ ਉਕਾਈ ਲੱਭਣ ਦੀ ਲੋੜ ਨਹੀਂ। ਉਂਝ ਉੱਤਰ ਇਹ ਹੈ ਕਿ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਜਪੋ, ਤਾਂ ਹੀ ਤੁਸੀਂ ਇਸ 'ਦੁਤਰ ਸਾਗਰੁ' ਤੋਂ ਪਾਰ ਲੰਘ ਜਾਉਗੇ। ਜਿਵੇਂ ਪਾਣੀ ਵਿਚ ਉੱਗਿਆ ਹੋਇਆ ਕੌਲ ਦਾ ਫੁੱਲ ਪਾਣੀ ਨਾਲੋਂ ਨਿਰਾਲਾ ਰਹਿੰਦਾ ਹੈ, ਜਿਵੇਂ ਨਦੀ ਵਿਚ ਤੈਰਦੀ ਮੁਰਗਾਬੀ ਭਾਵ ਉਸ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ; ਇਸੇ ਤਰ੍ਹਾਂ ਗੁਰੂ ਦੇ ਸ਼ਬਦ ਵਿਚ ਸੁਰਤ ਜੋੜ ਕੇ ਜਾਪ ਕਰਦਿਆਂ ਸੰਸਾਰ-ਸਮੁੰਦਰ ਨੂੰ ਪਾਰ ਕੀਤਾ ਜਾ ਸਕਦਾ ਹੈ।

ਸੰਸਾਰ-ਸਮੁੰਦਰ ਤੋਂ ਅਛੋਹ ਰਹਿਣ ਲਈ ਗੋਰਖ ਨਾਥ ਦੇ ਚੇਲੇ ਲੋਹਾਰੀਪਾ ਜੋਗੀ ਨੇ (ਜੋਗ-ਮਤ ਦੀ) ਵਿਧੀ ਇਉਂ ਦੱਸੀ— ਦੁਨੀਆ ਦੇ ਧੰਦਿਆਂ ਤੋਂ ਵੱਖਰੇ ਰਹਿਣਾ, ਘਰ-ਬਾਰ ਛੱਡ ਕੇ ਰੁੱਖਾਂ ਹੇਠ ਟਿਕਣਾ, ਕੰਦ-ਮੂਲ ਖਾ ਕੇ ਗੁਜ਼ਾਰਾ ਕਰਨਾ ਅਤੇ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਨਾ ਆਦਿ। ਇਸ ਤਰ੍ਹਾਂ ਮਨ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ ਤੇ ਮਨ ਸੁਖੀ ਰਹਿੰਦਾ ਹੈ :

*ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੮)*

ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ— ਜੋ ਮਨੁੱਖ ਸਤਿਗੁਰੂ ਦੀ ਮੱਤ ਲੈ ਕੇ ਪ੍ਰਭੂ ਦਾ ਨਾਮ ਸਿਮਰਦਾ ਹੈ ਉਹ ਘਰ-ਬਾਰੀ ਹੁੰਦਾ ਹੋਇਆ ਵੀ ਧੰਦਿਆਂ ਵਿਚ ਖਚਿਤ ਨਹੀਂ ਹੁੰਦਾ। ਉਸ ਦਾ ਮਨ ਸਦਾ ਅਡੋਲ ਰਹਿੰਦਾ ਹੈ। ਸੰਸਾਰਕ ਪਦਾਰਥ ਉਸ ਨੂੰ ਮੋਹ ਨਹੀਂ ਸਕਦੇ।

ਹਿਰਦੇ ਵਿਚ ਜੇਕਰ ਕਪਟ ਦੀ ਮੈਲ ਹੈ ਤਾਂ ਇਸ ਗੱਲ ਦਾ ਕੋਈ ਫਾਇਦਾ ਨਹੀਂ ਕਿ ਉਹ ਆਪਣਾ ਸਰੀਰ ਮਾਂਜਦਾ ਫਿਰੇ, ਭਾਵ ਕਿ ਬਾਹਰੋਂ ਸੁੱਚਾ ਤੇ ਪਵਿੱਤਰਤਾ ਰੱਖਦਾ ਹੈ। ਪਖੰਡੀ ਮਨੁੱਖ ਦੇ ਮਨ ਵਿਚ ਤਾਂ ਠੱਗੀ ਹੁੰਦੀ ਹੈ, ਪਰ ਉਹ ਮੂੰਹ ਤੋਂ ਬ੍ਰਹਮ-ਗਿਆਨ ਦੀਆਂ ਗੱਲਾਂ ਕਰਦਾ ਹੈ। ਉਸ ਨੂੰ ਇਸ ਪਾਣੀ ਰਿੜਕਣ ਤੋਂ ਇਲਾਵਾ ਕੋਈ ਲਾਭ ਨਹੀਂ ਹੋ ਸਕਦਾ।

ਜੇਕਰ ਉਹ ਅਠਾਰ੍ਹਾਂ ਤੀਰਥਾਂ ਉੱਤੇ ਇਸ਼ਨਾਨ ਕਰ ਲਵੇ ਤਾਂ ਵੀ ਉਸ ਦੀ (ਅੰਦਰਲੀ) ਕੁੜੱਤਣ ਦੂਰ ਨਹੀਂ ਹੋ ਸਕਦੀ। ਇਸ ਅੰਦਰਲੀ ਮੈਲ ਨੂੰ ਦੂਰ ਕਰਨ ਲਈ ਭਗਤ ਕਬੀਰ ਜੀ ਤਾਂ ਸੋਚ-ਵਿਚਾਰ ਕੇ ਪ੍ਰਭੂ ਅੱਗੇ ਇਉਂ ਬੇਨਤੀ ਕਰਦੇ ਹਨ: ਹੇ ਪ੍ਰਭੂ! ਤੂੰ ਮੈਨੂੰ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈ :

*ਕਹਿ ਕਬੀਰ ਬੀਚਾਰੀ ॥*

*ਭਵ ਸਾਗਰੁ ਤਾਰਿ ਮੁਰਾਰੀ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੬)*

ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਜਦੋਂ ਮੈਂ ਇਸ ਸੰਸਾਰ-ਸਮੁੰਦਰ ਨੂੰ ਵੇਖਦਾ ਹਾਂ ਤਾਂ ਡਰ ਨਾਲ ਸਹਿਮ ਜਾਂਦਾ ਹਾਂ ਕਿ ਕਿਵੇਂ ਇਸ ਵਿੱਚੋਂ ਬਚ ਕੇ ਲੰਘਾਂਗਾ, ਪਰ ਜੇ ਤੇਰੇ ਡਰ ਵਿਚ ਭਾਵ ਆਸਰੇ ਹੇਠ ਰਹਾਂ ਤਾਂ ਇਸ ਸੰਸਾਰ-ਸਮੁੰਦਰ ਦਾ ਕੋਈ ਡਰ ਨਹੀਂ ਰਹਿ ਜਾਂਦਾ। ਸੰਸਾਰ-ਸਮੁੰਦਰ ਤਾਂ ਵਿਕਾਰਾਂ ਦੀਆਂ ਠਾਠਾਂ ਮਾਰ ਰਿਹਾ ਹੈ, ਪਰ ਮੈਂ ਗੁਰੂ-ਸ਼ਬਦ ਰੂਪੀ ਜਹਾਜ਼ ਵਿਚ ਚੜ੍ਹ ਕੇ ਇਸ ਸੰਸਾਰ-ਸਮੁੰਦਰ ਵਿੱਚੋਂ ਪਾਰ ਲੰਘ ਸਕਦਾ ਹਾਂ। ਜੇ ਸਤਿਗੁਰੂ ਹੌਂਸਲਾ ਦੇਵੇ ਤਾਂ ਇਸ ਸੱਚੇ ਜਹਾਜ਼ ਵਿਚ ਚੜ੍ਹਿਆਂ (ਸਫ਼ਰ ਵਿਚ) ਕੋਈ ਰੋਕ ਨਹੀਂ ਪਵੇਗੀ। ਮੈਨੂੰ ਆਪਣਾ ਗੁਰੂ ਸੁਚੇਤ ਦਿਸ ਰਿਹਾ ਹੈ। ਮੈਨੂੰ ਨਿਸਚਾ ਹੈ ਕਿ ਗੁਰੂ ਮੈਨੂੰ ਉਸ ਪ੍ਰਭੂ ਦੇ ਦਰ 'ਤੇ ਜਾ ਉਤਾਰੇਗਾ। ਇਸ ਗੁਰ-ਸ਼ਬਦ ਦਾ ਜਹਾਜ਼ ਪ੍ਰਭੂ ਦੀ ਮਿਹਰ ਨਾਲ ਮਿਲਦਾ ਹੈ:

*ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ,੧੦੮੭)*

ਇਹ ਅੱਗ ਦਾ ਸਮੁੰਦਰ (ਸੰਸਾਰ) ਬੜਾ ਹੀ ਡਰਾਉਣਾ ਹੈ। ਇਸ ਤੋਂ ਬਚਣ ਲਈ ਮੈਨੂੰ ਆਪਣੀ ਸ਼ਰਨ ਵਿਚ ਸਦਾ ਟਿਕਾਈ ਰੱਖ। ਹੇ ਪ੍ਰਭੂ! ਤੇਰੇ ਤੋਂ ਬਿਨਾਂ ਕੋਈ ਹੋਰ ਸਹਾਰਾ ਨਹੀਂ। ਤੂੰ ਹੀ ਮੇਰਾ ਸਾਥੀ ਹੈਂ। ਤੂੰ ਹੀ ਮੇਰਾ ਸੱਜਣ ਹੈਂ। ਤੂੰ ਹੀ ਮੇਰਾ ਮਾਲਕ ਹੈਂ। ਮੈਨੂੰ ਹਰ ਵੇਲੇ ਤੇਰੀ ਸਹਾਇਤਾ ਦੀ ਆਸ ਰਹਿੰਦੀ ਹੈ :

*ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੭੮)*

ਭਗਤ ਨਾਮਦੇਵ ਜੀ ਬੇਨਤੀ ਕਰਦੇ ਹਨ ਕਿ, ਹੇ ਬੀਠਲ ਪਿਤਾ! ਹੇ ਗੋਬਿੰਦ!! ਮੈਨੂੰ ਸੰਸਾਰ-ਸਮੁੰਦਰ ਵਿੱਚੋਂ ਪਾਰ ਲੰਘਾ ਲੈ। ਹੇ ਪ੍ਰਭੂ! ਇਸ ਸੰਸਾਰ-ਸਮੁੰਦਰ ਵਿਚ ਲੋਭ ਦੀਆਂ ਠਿੱਲ੍ਹਾਂ ਬੜੀਆਂ ਠਾਠਾਂ ਮਾਰ ਰਹੀਆਂ ਹਨ। ਮੇਰਾ ਸਰੀਰ ਇਨ੍ਹਾਂ ਵਿਚ ਡੁੱਬਦਾ ਜਾ ਰਿਹਾ ਹੈ। ਹੇ ਬੀਠਲਾ! ਮੇਰੀ ਜ਼ਿੰਦਗੀ ਦੀ ਬੇੜੀ ਝੱਖੜ ਵਿਚ ਫੱਸ ਗਈ ਹੈ, ਮੈਂ ਇਸ ਨੂੰ ਚੱਪੂ ਲਾਉਣ ਜੋਗਾ ਨਹੀਂ ਹਾਂ। ਪ੍ਰਭੂ ਤੇਰੇ ਇਸ ਸੰਸਾਰ-ਸਮੁੰਦਰ ਦਾ ਮੈਨੂੰ ਪਾਰਲਾ ਬੰਨਾ (ਪਾਸਾ) ਨਹੀਂ ਲੱਭਦਾ। ਹੇ ਕੇਸ਼ਵ! ਮੇਰੇ ਉੱਤੇ ਦਇਆ ਕਰ, ਮੈਨੂੰ ਗੁਰੂ ਮਿਲਾ ਦੇ ਤੇ ਇਸ ਸੰਸਾਰ-ਸਮੁੰਦਰ ਵਿੱਚੋਂ ਪਾਰ ਲੰਘਾ। ਮੈਂ ਤਾਂ ਤੈਰਨਾ ਵੀ ਨਹੀਂ ਜਾਣਦਾ। ਮੈਨੂੰ ਆਪਣੀ ਬਾਂਹ ਫੜ ਲੈਣ ਦੇ:

*ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥*

*ਤਾਰਿ ਲੈ ਬਾਪ ਬੀਠੁਲਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੬)*

ਤੀਰਥਾਂ 'ਤੇ ਇਸ਼ਨਾਨ ਕਰਦਿਆਂ-ਕਰਦਿਆਂ ਤਾਂ ਜਗਤ ਵਿਚ ਵਿਕਾਰਾਂ ਦੀ ਮੈਲ ਨਾਲ ਲਿੱਬੜ ਜਾਈਦਾ ਹੈ। ਤੀਰਥ-ਇਸ਼ਨਾਨ ਆਦਿਕ ਮਿੱਥੇ ਹੋਏ ਧਾਰਮਿਕ ਕਰਮ, ਵਿਖਾਵੇ ਦੇ ਕੰਮ ਜੋ ਕਰਦੇ ਹਨ ਉਨ੍ਹਾਂ ਨੂੰ ਜਮ ਲੁੱਟ ਲੈਂਦਾ ਹੈ। ਹੇ ਸੰਤ ਜਨੋ! ਸਿਫਤਿ ਸਲਾਹ ਦੀ ਬਰਕਤ ਨਾਲ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ। ਜੇ ਕੋਈ ਮਨੁੱਖ ਸੰਤ-ਜਨਾਂ ਦੇ ਉਪਦੇਸ਼ ਨੂੰ (ਜੀਵਨ ਵਿਚ) ਕਮਾ ਲਵੇ ਤਾਂ ਉਹ ਮਨੁੱਖ ਗੁਰੂ ਦੀ ਕਿਰਪਾ ਨਾਲ ਪਾਰ ਲੰਘ ਜਾਂਦਾ ਹੈ:

*ਸੰਤਹੁ ਸਾਗਰੁ ਪਾਰਿ ਉਤਰੀਐ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੭)*

ਪਰਮਾਤਮਾ ਉਨ੍ਹਾਂ ਦੇ ਹਿਰਦੇ ਵਿਚ ਵਸਦਾ ਹੈ ਜਿਹੜੇ ਅਹੰਕਾਰ ਤੋਂ, ਮੋਹ ਤੋਂ ਤੇ ਮੇਰ-ਤੇਰ ਤੋਂ ਬਚੇ ਰਹਿੰਦੇ ਹਨ। ਪਰ ਅਹੰਕਾਰ ਤੋਂ, ਮੋਹ ਤੋਂ, ਮੇਰ-ਤੇਰ ਤੋਂ ਬਚੇ ਰਹਿਣਾ ਆਦਿ ਇਹ ਰਸਤਾ ਖੰਡੇ ਦੀ ਧਾਰ ਵਰਗਾ ਬਹੁਤ ਬਰੀਕ ਹੈ। ਇਸ 'ਤੇ ਤੁਰਨਾ ਸੌਖੀ ਖੇਡ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਉਚਾਰਨ ਕਰਦੇ ਹਨ ਕਿ ਉਸ ਮਨੁੱਖ ਨੇ ਸੰਸਾਰ-ਸਮੁੰਦਰ ਤਰ ਲਿਆ ਹੈ ਜੋ ਪ੍ਰਭੂ ਦੀ ਕਿਰਪਾ ਨਾਲ ਸਾਧ-ਸੰਗਤ ਵਿਚ ਨਿਵਾਸ ਰੱਖਦਾ ਹੈ :

*ਕਹੁ ਨਾਨਕ ਤਿਨਿ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੪)*

ਇਹ ਸੰਸਾਰ ਵਿਕਾਰਾਂ ਨਾਲ ਭਰਪੂਰ ਹੈ। ਜਗਤ ਦੇ ਜੀਵ ਤੌਖਲਿਆਂ ਵਿਚ ਡੁਬ ਰਹੇ ਹਨ। ਇਨ੍ਹਾਂ ਵਿੱਚੋਂ ਉਹੀ ਮਨੁੱਖ ਨਿਕਲ ਸਕਦਾ ਹੈ ਜਿਸ ਨੇ ਪਰਮਾਤਮਾ ਦੇ ਨਾਲ ਸਾਂਝ ਪਾ ਲਈ ਹੈ। ਵਿਕਾਰਾਂ ਵਿਚ ਸੁੱਤੇ ਹੋਏ ਜਿਸ ਮਨੁੱਖ ਨੂੰ ਪ੍ਰਭੂ ਆਪ ਉਠਾ ਕੇ ਇਹ ਨਾਮ-ਅੰਮ੍ਰਿਤ ਪਿਲਾਉਂਦਾ ਹੈ ਉਸ ਮਨੁੱਖ ਨੇ ਅਕੱਥ ਪ੍ਰਭੂ ਦੀਆਂ ਗੱਲਾਂ (ਬੇਅੰਤ ਗੁਣਾਂ ਵਾਲੇ ਪ੍ਰਭੂ ਦੀ ਸਿਫਤ-ਸਾਲਾਹ) ਕਰਨ ਦੀ ਜਾਚ ਸਿੱਖ ਲਈ ਹੈ। ਗੁਰੂ ਦੀ ਕਿਰਪਾ ਨਾਲ (ਨਾਮ ਦਵਾਈ ਖਾ ਕੇ) ਉਹ ਆਪ ਹੀ ਨਹੀਂ ਤਰਦੇ, ਸਗੋਂ ਉਨ੍ਹਾਂ ਦੀ ਕੁਲ਼ ਦੇ ਲੋਕ ਵੀ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ। ਉਨ੍ਹਾਂ ਉੱਤੇ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ :

*ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩)*

ਇਹ ਸੰਸਾਰ-ਸਮੁੰਦਰ ਬੜਾ ਹੀ ਬਿਖੜਾ ਤੇ ਡਰਾਉਣਾ ਹੈ। ਇਸ ਦਾ ਨਾ ਕੋਈ ਕੰਢਾ ਦਿੱਸਦਾ ਹੈ ਤੇ ਨਾ ਹੀ ਪਾਰਲਾ ਬੰਨਾ। ਨਾ ਕੋਈ ਬੇੜੀ, ਨਾ ਕੋਈ ਤੁਲਹਾ, ਨਾ ਕੋਈ ਮਲਾਹ ਤੇ ਨਾ ਹੀ ਮਲਾਹ ਦਾ ਵੰਞ। ਕੋਈ ਵੀ ਇਸ ਸੰਸਾਰ-ਸਮੁੰਦਰ ਵਿੱਚੋਂ ਲੰਘਾ ਨਹੀਂ ਸਕਦਾ। ਸੰਸਾਰ-ਸਮੁੰਦਰ ਦੇ ਖ਼ਤਰਿਆਂ ਤੋਂ ਬਚਾਉਣ ਵਾਲਾ ਜਹਾਜ਼ ਕੇਵਲ ਗੁਰੂ ਹੀ ਹੈ। ਗੁਰੂ ਦੀ ਮਿਹਰ ਭਰੀ ਨਜ਼ਰ ਨਾਲ ਇਸ ਸੰਸਾਰ-ਸਮੁੰਦਰ ਦੇ

ਪਾਰਲੇ ਪਾਸੇ ਉਤਾਰਾ ਹੋ ਸਕਦਾ ਹੈ। ਜੋ ਆਪ ਕਿਸੇ 'ਤੇ ਨਿਰਭਰ ਹੈ, ਰੋਗੀ ਹੈ, ਉਹ ਕਿਸੇ ਨੂੰ ਸੰਸਾਰ-ਸਮੁੰਦਰ ਵਿੱਚੋਂ ਪਾਰ ਨਹੀਂ ਲੰਘਾ ਸਕਦਾ। ਸਿਰਫ ਇੱਕ ਹੀ ਰਸਤਾ ਹੈ ਕਿ ਪਰਮਾਤਮਾ (ਵਾਹਿਗੁਰੂ) ਨੂੰ ਚੇਤੇ ਰੱਖਿਆ ਜਾਵੇ, ਕਿਉਂਕਿ ਉਹ ਸਰਬ-ਗੁਣਾਂ ਦਾ ਮਾਲਕ ਹੈ।

ਗੁਰਬਾਣੀ ਇਸ ਸੰਸਾਰ ਵਿਚ ਚਾਨਣ-ਮੁਨਾਰੇ ਵਾਂਗ ਹੈ ਜੋ ਰਾਹ ਤੋਂ ਖੁੰਝੇ 'ਸਰੀਰ ਰੂਪੀ' ਜਹਾਜ਼ ਨੂੰ ਰਸਤਾ ਦੱਸਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ (ਹੇ ਭਾਈ) ਇਹ ਜਗਤ ਮਾਨੋ ਇਕ ਸਮੁੰਦਰ ਹੈ ਜਿਸ ਵਿਚ ਵਿਕਾਰਾਂ ਦਾ ਪਾਣੀ ਠਾਠਾਂ ਮਾਰ ਰਿਹਾ ਹੈ। ਇਸ ਸਮੁੰਦਰ ਵਿੱਚੋਂ ਉਹੀ ਪਾਰ ਲੰਘ ਸਕਦਾ ਹੈ, ਜਿਹੜਾ ਪਰਮਾਤਮਾ ਦੀ ਸਿਫਤਿ ਸਾਲਾਹ ਕਰਦਾ/ਗਾਉਂਦਾ ਰਹਿੰਦਾ ਹੈ। ਜਿਹੜਾ ਸਾਧ-ਸੰਗਤ ਨਾਲ ਮੇਲ-ਜੋਲ ਰੱਖਦਾ ਹੈ ਤੇ ਸਿਮਰਨ ਕਰਦਾ ਹੈ, ਪਰ ਇਹ ਦਾਤ ਕੋਈ ਭਾਗਾਂ ਵਾਲਾ ਮਨੁੱਖ ਹੀ ਪ੍ਰਾਪਤ ਕਰ ਸਕਦਾ ਹੈ। ਜਿਸ ਸੇਵਕ ਨੇ ਪਰਮਾਤਮਾ ਦੀ ਸਿਫਤਿ ਸਲਾਹ ਦੀ ਬਾਣੀ ਸੁਣ ਕੇ ਆਤਮਿਕ ਜੀਵਨ ਪ੍ਰਾਪਤ ਕਰ ਲਿਆ, ਪਰਮਾਤਮਾ ਨੇ ਆਪ ਹੀ ਉਸ ਨੂੰ ਵਿਕਾਰਾਂ ਦੀ ਅੱਗ ਦੇ ਸਮੁੰਦਰ ਵਿੱਚੋਂ ਕੱਢ ਲਿਆ। ਪਰਮਾਤਮਾ ਨੇ ਆਪ ਉਸ ਦੇ ਅੰਦਰੋਂ ਹੀ ਵਿਕਾਰਾਂ ਦੀ ਸੜਨ ਸ਼ਾਂਤ ਕਰ ਦਿੱਤੀ, ਉਸ ਨੇ ਜਨਮ-ਮਰਨ ਦਾ ਗੇੜ ਕੱਟ ਲਿਆ। ਫੁਰਮਾਨ ਹੈ:

*ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੧੩)* ■

## ਪਿੰਡ ਕੱਦ ਗਿੱਲ ਵਿਖੇ ਅੰਮ੍ਰਿਤ-ਸੰਚਾਰ

ਭਾਈ ਲਖਮੀਰ ਸਿੰਘ ਕੱਕਾ ਕੰਡਿਆਲਾ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬਾਬਾ ਵੱਸਣ ਸਿੰਘ ਸ਼ਹੀਦ, ਪਿੰਡ ਕੱਦ ਗਿੱਲ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਸਾਹਿਬ ਵਿਖੇ ੧੯ ਅਕਤੂਬਰ, ੨੦੧੯ ਨੂੰ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਇਸ ਦੌਰਾਨ ਕੁੱਲ ੫੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

# ਗੁਰਦੁਆਰਾ ਚਰਨ ਕਮਲ, ਪਾਤਸ਼ਾਹੀ ਪਹਿਲੀ, ਬਾਖਤਾ (ਜਸਰੋਟਾ)

*-ਡਾ. ਜਸਬੀਰ ਸਿੰਘ ਸਰਨਾ**

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਤੀਜੀ ਉਦਾਸੀ ਸਮੇਂ ਜਦੋਂ ਕਸ਼ਮੀਰ ਵੱਲ ਗਏ ਸਨ ਤਾਂ ਆਪ ਜੀ 'ਜਸਰੋਟਾ' ਵਿਖੇ ਵੀ ਪੁੱਜੇ ਸਨ। 'ਜਸਰੋਟਾ' ਦੇ ਲਾਗੇ ਹੀ ਪਿੰਡ ਬਾਖ਼ਤਾ ਹੈ ਜਿੱਥੇ ਗੁਰੂ ਸਾਹਿਬ ਦਾ ਉਹ ਪਵਿੱਤਰ ਅਸਥਾਨ ਹੈ ਜੋ ੧੯੯੮ ਈ. ਵਿਚ ਪ੍ਰਗਟ ਹੋਇਆ ਹੈ। ਇਹ ਇੱਕ ਬੜੀ ਰਮਣੀਕ ਖ਼ੂਬਸੂਰਤ ਥਾਂ ਹੈ ਜੋ ਸੁੰਦਰ ਪਹਾੜੀਆਂ ਨਾਲ ਘਿਰੀ ਹੋਈ ਹੈ। ਇਹ ਅਸਥਾਨ ਕਠੂਆ ਜ਼ਿਲ੍ਹੇ (ਜੰਮੂ) ਦੇ ਮੁੱਖ ਮਾਰਗ ਰਾਜਬਾਗ ਤੋਂ ੯ ਕਿਲੋਮੀਟਰ ਦੀ ਦੂਰੀ 'ਤੇ ਉੂਂਜ ਡੈਮ ਵੱਲ ਸੁਸ਼ੋਭਿਤ ਹੈ। ਬਾਖਤਾ ਪਿੰਡ ਤਕ ਪੱਕਾ ਰਸਤਾ ਹੈ ਅਤੇ ਸੜਕ ਵੀ ਠੀਕ ਹੈ। ਬਾਖਤਾ ਪਿੰਡ ਵਿਚ ਠਾਕੁਰ ਰਾਜਪੂਤ ਘਰਾਣੇ ਵੱਸਦੇ ਹਨ। ਇੱਥੇ ਸਿੱਖਾਂ ਦਾ ਕੋਈ ਵੀ ਘਰ ਨਹੀਂ, ਪਰ ਇੱਥੋਂ ਚਾਰ-ਪੰਜ ਕਿਲੋਮੀਟਰ 'ਤੇ ਸਿੱਖਾਂ ਦੇ ਕੁਝ ਘਰ ਵੱਸਦੇ ਹਨ।

'ਜਸਰੋਟਾ' ਦੇ ਅਸਥਾਨ ਦਾ ਹਵਾਲਾ 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ ਗਿਆਨੀ ਗਿਆਨ ਸਿੰਘ ਦੇ 'ਤਵਾਰੀਖ਼ ਗੁਰੂ ਖਾਲਸਾ' (ਭਾਗ ਪਹਿਲਾ, ਪੰਨਾ ੨੨੬, ਛਾਪ ੨੦੧੧) ਵਿਚ ਦਰਜ ਹੈ। ਸਿੱਖ ਇਤਿਹਾਸਕਾਰਾਂ ਵਿੱਚੋਂ ਗੁਰੂ ਸਾਹਿਬ ਦੇ ਜੰਮੂ-ਕਸ਼ਮੀਰ ਜਾਣ ਸੰਬੰਧੀ ਮਾਰਗ ਬਾਰੇ ਵੱਖ-ਵੱਖ ਵਿਚਾਰ ਹਨ। ਪਰ ਇਹ ਤੱਥ ਠੀਕ ਹੈ ਕਿ ਗੁਰੂ ਸਾਹਿਬ 'ਜਸਰੋਟਾ' ਪੁੱਜੇ ਸਨ। ਗੁਰੂ ਜੀ ਦੇ ਨਾਲ ਹਸੂੰ ਲੋਹਾਰ ਅਤੇ ਸ਼ੀਹਾਂ ਛੀਬਾਂ ਜਿਹੇ ਗੁਰਮੁਖ ਲਿਖਾਰੀ ਵੀ ਹਮਸਫ਼ਰ ਸਨ। ਗੁਰੂ ਸਾਹਿਬ 'ਜਸਰੋਟਾ' ਨੇੜੇ ਕਿਹੜੀ ਜਗ੍ਹਾ ਬਿਰਾਜੇ ਸਨ, ਇਸ ਬਾਰੇ ਕਿਸੇ ਨੂੰ ਕੋਈ ਖ਼ਬਰ ਨਹੀਂ ਸੀ। 'ਜਸਰੋਟਾ' ਦਾ ਲਾਗਲਾ ਪਿੰਡ 'ਬਾਖਤਾ' ਹੈ ਜਿੱਥੇ ਗੁਰੂ ਸਾਹਿਬ ਜੀ ਨੇ ਇੱਕ ਪਿੱਪਲ ਦੇ ਰੁੱਖ ਹੇਠਾਂ ਬੈਠ ਕੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਲੋਕਾਂ ਨੂੰ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਇੱਥੇ ਲੋਕਾਂ ਨੂੰ ਮੂਰਤੀ-ਪੂਜਾ ਛੱਡ ਕੇ ਇਕ ਅਕਾਲ ਪੁਰਖ ਦੀ ਬੰਦਗੀ ਕਰਨ 'ਤੇ ਜ਼ੋਰ ਦਿੱਤਾ।

ਠਾਕੁਰ ਹੁਰਮੱਤ ਸਿੰਘ ਚੰਬਿਆਲ ਨੇ ਦੱਸਿਆ ਕਿ ਉਹ ਪੀੜ੍ਹੀ-ਦਰ-ਪੀੜ੍ਹੀ ਇਸ ਪਵਿੱਤਰ ਪਿੱਪਲ ਅਤੇ ਜਗ੍ਹਾ ਦੀ ਸੰਭਾਲ ਕਰ ਰਹੇ ਹਨ। ਪਿੱਪਲ ਦੇ ਦਰਖੱਤ ਤੋਂ ਉੱਪਰ ੧੫-੧੬ ਫੁੱਟ ਉੱਚੀ ਇੱਕ ਵੱਡੀ ਸਾਖ 'ਤੇ ਸੰਕੇਤਕ '੧ ਪ' (ਭਾਵ: ਪਹਿਲੀ ਪਾਤਸ਼ਾਹੀ) ਉੱਕਰਿਆ ਹੋਇਆ ਹੈ, ਜੋ ਸਦੀਆਂ ਤੋਂ ਮੌਜੂਦ ਹੈ। ਉਸ ਸਮੇਂ ਦਾਸ (ਲੇਖਕ) ਨੇ ਇਸ ਦੀ ਫ਼ੋਟੋ ਵੀ ਖਿੱਚੀ ਹੈ।

*ਬਾਕੀ ਸਫ਼ਾ 73 'ਤੇ*

*Sant Niwas, Swaran Colony, Gole Gujral, Jammu-180002; M.09906566604

# ਕਰਤਾਰ ਪੁਰਿ ਕਰਤਾ ਵਸੈ. . .

*-ਪ੍ਰਿੰ. ਰਾਮ ਸਿੰਘ**

*ਜਾਹਰ ਪੀਰੁ ਜਗਤੁ ਗੁਰੁ ਬਾਬਾ* ਦੇ ਆਗਮਨ ਨਾਲ ਹੀ ਮਾਤ ਲੋਕ 'ਚ '*ਮਿਟੀ ਧੁੰਧੁ ਜਗਿ ਚਾਨਣੁ ਹੋਆ।* ' ਅਕਾਲ ਪੁਰਖ ਦੇ ਆਦੇਸ਼ਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਰਤੀ ਉੱਪਰ ਆਉਣ ਦਾ ਮਨੋਰਥ ਹੀ ਇਹ ਸੀ :

*ਕਲਿ ਤਾਰਣਿ ਗੁਰੁ ਨਾਨਕੁ ਆਇਆ।* *(ਵਾਰ ੧:੨੩)*

ਜਦੋਂ ਪ੍ਰਭੂ-ਪ੍ਰਮੇਸ਼ਵਰ ਨੇ ਰੋਂਦੀ-ਕੁਰਲਾਉਂਦੀ ਸ੍ਰਿਸ਼ਟੀ 'ਤੇ ਆਪਣੀ ਦ੍ਰਿਸ਼ਟੀ ਪਾਈ ਤਾਂ ਦਰਦਮੰਦਾਂ ਦੀ ਆਹ ਸੁਣ ਕੇ ਉਸ ਦੇ ਹੱਲ ਕਰਨ ਲਈ ਗੁਰ-ਪ੍ਰਮੇਸ਼ਵਰ ਨੂੰ ਮਾਤ ਲੋਕ ਦੀ ਸਾਰ ਲੈਣ ਲਈ ਸੰਸਾਰ 'ਤੇ ਭੇਜਿਆ। ਆਪ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਓ ਹੋਰ ਕੋਈ ਨਹੀਂ, ਬਲਕਿ ਗੁਰੂ ਨਾਨਕ ਸਾਹਿਬ ਆਪ ਸਨ।

ਪਾਰਬ੍ਰਹਮ ਪ੍ਰਮੇਸ਼ਵਰ ਦੀ ਇੱਛਾ ਅਨੁਸਾਰ ਜਦੋਂ ਗੁਰੂ ਜੀ (ਸ੍ਰੀ ਗੁਰੂ ਨਾਨਕ ਸਾਹਿਬ ਜੀ) ਨੇ ਆਪਣਾ ਕਾਰਜਭਾਰ ਸੰਭਾਲਿਆ ਤਾਂ ਉਸ ਸੰਬੰਧੀ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

*ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।* *(ਵਾਰ ੧:੨੪)*

ਇਸ ਲੋਕਾਈ ਨੂੰ ਸੋਧਣ ਅਤੇ ਸੁਧਾਰਨ ਲਈ ਗੁਰੂ ਜੀ ਨੇ ਲੰਬਾ-ਚੌੜਾ ਪ੍ਰੋਗਰਾਮ ਉਲੀਕਿਆ। ਇਸ ਪ੍ਰੋਗਰਾਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਬਹੁਤ ਘਾਲਣਾ ਅਤੇ ਦਿੱਬ-ਦ੍ਰਿਸ਼ਟੀ ਦੀ ਲੋੜ ਸੀ। ਸੰਸਾਰ ਦਾ ਗਿਆਨ ਸੰਸਾਰ 'ਚ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਬੰਦ ਕਮਰੇ 'ਚ ਨਹੀਂ। ਦੁਨੀਆ ਨੂੰ ਸਮਝਣਾ ਅਤੇ ਫਿਰ ਉਸ ਵਿਚ ਨਿੱਗਰ ਅਤੇ ਲਾਹੇਵੰਦ ਸੁਧਾਰ ਲਿਆ ਸਕਣਾ ਹਰ ਕਿਸੇ ਦੇ ਵੱਸ ਵਿਚ ਨਹੀਂ। ਇਹ ਕੋਈ ਬੱਚਿਆਂ ਵਾਲੀ ਵੀ ਖੇਡ ਨਹੀਂ।

ਇੱਕ ਵਾਰ ਕੋਈ ਵਿਦਵਾਨ ਆਪਣੇ ਕਮਰੇ ਵਿਚ ਬੈਠ ਕੇ ਹੀ ਕੁਝ ਨਾ ਕੁਝ ਲਿਖਦਾ ਰਹਿੰਦਾ ਸੀ ਅਤੇ ਕਦੇ-ਕਦੇ ਹੀ ਖਿੜਕੀ ਵਿੱਚੋਂ ਬਾਹਰ ਤੱਕਦਾ ਸੀ। ਕੋਈ ਸਿਆਣਾ ਤਜ਼ਰਬੇਕਾਰ ਇਨਸਾਨ ਕੋਲੋਂ ਦੀ ਗੁਜ਼ਰਿਆ ਤਾਂ ਉਸ ਨੇ ਸੋਚਿਆ ਕਿ ਪੁੱਛਿਆ ਜਾਵੇ ਸਾਰਾ ਦਿਨ ਅੰਦਰ ਬੈਠ ਕੇ ਉਹ ਕੀ ਲਿਖਦਾ ਰਹਿੰਦਾ ਹੈ ਅਤੇ ਕੀ ਕਦੇ ਉਹ ਬਾਹਰ ਨਿਕਲ ਕੇ ਘੁੰਮਦਾ-ਫਿਰਦਾ ਨਹੀਂ? ਲਿਖਾਰੀ ਨੇ ਜਵਾਬ ਦਿੱਤਾ ਕਿ ਬਾਹਰ ਜਾ ਕੇ ਸਮਾਂ ਖਰਾਬ ਕਰਨ ਦੀ ਕੀ ਜ਼ਰੂਰਤ ਹੈ। ਉਸ ਸਿਆਣੇ ਸੱਜਣ ਨੇ ਸਲਾਹ ਦਿੱਤੀ ਕਿ ਬਾਹਰ ਨਿਕਲ ਕੇ ਹੋਰਾਂ ਨਾਲ ਵੀ ਸੰਪਰਕ ਬਣਾ ਤਾਂ ਤੇਰਾ ਦ੍ਰਿਸ਼ਟੀਕੋਣ ਹੋਰ ਵਿਸ਼ਾਲ ਹੋ ਜਾਵੇਗਾ। ਪਹਿਲਾਂ ਤਾਂ ਉਹ ਚੁੱਪ ਰਿਹਾ, ਪਰ ਬਾਅਦ

*43 Pergola Way, L6 Y5 M6, Brampton, Ontario, Canada; M.+919888466675

ਵਿਚ ਉਸ ਨੇ ਸੋਚਿਆ ਕਿ ਰਾਇ ਤਾਂ ਬਜ਼ੁਰਗ ਨੇ ਠੀਕ ਦਿੱਤੀ ਹੈ, ਕਿਉਂ ਨਾ ਥੋੜ੍ਹਾ-ਬਹੁਤ ਅਮਲ ਕਰ ਕੇ ਦੇਖ ਲਿਆ ਜਾਵੇ। ਬਾਹਰ ਨਿਕਲਣ ਨਾਲ ਉਸ ਦੀ ਉਤਸੁਕਤਾ ਦਿਨ-ਬ-ਦਿਨ ਵਧਣ ਲੱਗੀ ਅਤੇ ਸੋਚ ਦਾ ਦਾਇਰਾ ਵੀ ਵਧਣ ਲੱਗਾ। ਉਪਰੋਕਤ ਉਦਾਹਰਨ ਤਾਂ ਦੁਨਿਆਵੀ ਲੋਕਾਂ ਤਕ ਸੀਮਤ ਹੈ। ਗੁਰੂ ਜੀ ਤਾਂ ਧੁਰ ਦਰਗਾਹੋਂ ਹੀ ਸਾਰੀਆਂ ਕਲਾਵਾਂ ਨਾਲ ਭਰਪੂਰ ਸਨ, ਬੇਸ਼ਕ ਉਨ੍ਹਾਂ ਨੇ ਸਮਾਜਿਕ, ਧਾਰਮਿਕ, ਅਧਿਆਤਮਿਕ ਅਤੇ ਆਦਰਸ਼ਕ ਜੀਵਨ ਦੀ ਜਾਚ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਬਿਰਾਜਮਾਨ ਹੋ ਕੇ ਹੀ ਸਿਖਾਈ, ਜਿਸ ਦਾ ਵਿਸਥਾਰ ਅੱਗੇ ਚੱਲ ਕੇ ਕਰਾਂਗੇ, ਪ੍ਰੰਤੂ ਸਿਖਿਆਰਥੀਆਂ ਦੇ ਪੱਧਰ 'ਤੇ ਉਤਰ ਕੇ ਇੱਕ ਅਤੀ ਸੁਯੋਗ ਅਧਿਆਪਕ ਵਾਂਗ ਉਨ੍ਹਾਂ ਸ਼ੁਰੂ ਵਿਚ ਹੀ ਇਹ ਸਾਰਾ ਕਾਰਜ ਅਰੰਭ ਦਿੱਤਾ ਸੀ। ਇਸ ਲਈ ਉਨ੍ਹਾਂ ਦੇ ਮੁੱਢਲੇ ਜੀਵਨ 'ਤੇ ਝਾਤ ਮਾਰਨੀ ਵੀ ਉਤਨੀ ਹੀ ਮਹੱਤਵਪੂਰਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ੧੪੬੯ ਈ. ਨੂੰ ਰਾਇ ਭੋਇ ਦੀ ਤਲਵੰਡੀ, ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਪਿਤਾ ਕਾਲੂ ਰਾਇ ਮਹਿਤਾ (ਕਲਿਆਣ ਦਾਸ) ਜੀ ਦੇ ਗ੍ਰਿਹ ਵਿਖੇ ਹੋਇਆ। ਉਨ੍ਹਾਂ ਨੂੰ ਪੰਡਤ ਗੋਪਾਲ ਜੀ ਪਾਸ ਪੜ੍ਹਨ ਲਈ ਭੇਜਿਆ, ਜਿੱਥੇ ਗੁਰੂ ਸਾਹਿਬ ਉਸ ਨੂੰ ਵੀ ਪਟੀ ਪੜ੍ਹਾ ਆਏ। ਫਿਰ ਬ੍ਰਿਜ ਨਾਥ ਜੀ ਪਾਸ ਸੰਸਕ੍ਰਿਤ ਪੜ੍ਹਨ ਗਏ ਤਾਂ ਉਸ ਅੱਗੇ ਵੀ 'ਓਮ ਨਮੋ ਸਿਧਮ' ਦਾ ਅੰਤਰੀਵ ਭਾਵ ਉਜਾਗਰ ਕਰ ਧਰਿਆ। ਕੁਤਬਦੀਨ ਮੌਲਾਨਾ ਪਾਸ ਫ਼ਾਰਸੀ ਭਾਸ਼ਾ ਦਾ ਗਿਆਨ ਲੈਣ ਗਏ।

ਗੁਰੂ ਜੀ ਨੇ ਭਾਸ਼ਾਵਾਂ ਦੇ ਗਿਆਨ ਤੋਂ ਇਲਾਵਾ ਦੁਨੀਆ ਦੇ ਰੀਤੀ-ਰਿਵਾਜਾਂ ਨੂੰ ਵੀ ਗਹੁ ਨਾਲ ਵਾਚਿਆਂ ਅਤੇ ਵਾਜਿਬ ਟਿੱਪਣੀਆਂ ਕੀਤੀਆਂ। ਪੰਡਤ ਹਰਦਿਆਲ ਜੀ ਨੂੰ ਜੰਞੂ ਬਾਰੇ ਅਸਲ ਸੋਝੀ ਕਰਵਾਈ, ਦੁਨਿਆਵੀ ਉਪਰਾਮਤਾ ਤੋਂ ਨਿਜਾਤ ਦਿਵਾਉਣ ਲਈ ਵੈਦ ਨੂੰ ਬੁਲਾਇਆ ਗਿਆ ਤਾਂ ਬਾਬਾ ਜੀ ਨੇ ਉਸ ਦੀ ਵੀ ਸੰਤੁਸ਼ਟੀ ਕਰਾ ਦਿੱਤੀ।

ਥੋੜ੍ਹਾ ਸਮਾਂ ਬਾਅਦ ਭੈਣ ਨਾਨਕੀ ਜੀ ਸੁਲਤਾਨਪੁਰ ਲੈ ਗਏ ਜਿੱਥੇ ਗੁਰੂ ਜੀ ਨੇ ਮੋਦੀ ਖਾਨੇ ਦੀ ਸੇਵਾ ਨਿਭਾਈ।

ਦੁਨੀਆਦਾਰੀ ਵੱਲ ਰੁਚੀ ਵਧਾਉਣ ਹਿੱਤ, ਮਾਤਾ-ਪਿਤਾ ਨੇ ਰਾਇ ਮਸ਼ਵਰਾ ਕਰ ਕੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਕਰ ਦਿੱਤਾ। ਇਸ ਤੋਂ ਬਾਅਦ ਆਪ ਜੀ ਦੇ ਗ੍ਰਿਹ ਦੋ ਸਪੁੱਤਰਾਂ— ਬਾਬਾ ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ ਨੇ ਜਨਮ ਲਿਆ। ਗੁਰੂ ਜੀ ਜਦੋਂ ਵੇਈਂ ਨਦੀ 'ਚ ਇਸ਼ਨਾਨ ਕਰਨ ਸਮੇਂ ਅਲੋਪ ਹੋ ਗਏ ਤਾਂ ਉਨ੍ਹਾਂ ਨੇ ਤੀਸਰੇ ਦਿਨ ਪ੍ਰਗਟ ਹੋ ਕੇ ਨਵਾਂ ਸੱਚ ਦਾ ਸੰਦੇਸ਼ ਦਿੱਤਾ ਭਾਵ 'ਮੂਲ ਮੰਤਰ' ਦਾ ਉਚਾਰਨ ਕਰਨ ਉਪਰੰਤ ਗੁਰੂ ਸਾਹਿਬ ਜੀ ਨੇ ਫੁਰਮਾਇਆ:

*"ਨਾ ਕੋ ਹਿੰਦੂ ਨਾ ਮੁਸਲਮਾਨ"*

ਉਪਰੰਤ ਸਰਬੱਤ ਦੇ ਭਲੇ ਲਈ ਅਤੇ ਮਾਨਵਤਾ ਦੇ ਕਲਿਆਣ ਹਿੱਤ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਕੀਤੀਆਂ ਅਤੇ ਇਸ ਤਰ੍ਹਾਂ ਰੋਗੀਆਂ ਦੇ ਇਲਾਜ ਲਈ ਘਰ-ਬਾਰ ਛੱਡ ਕੇ ਦੁਨਿਆਵੀ ਸੇਵਾ ਕਰਨ ਲਈ ਘਰੋਂ ਚੱਲ ਪਏ:

*ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।* *(ਵਾਰ ੧:੨੪)*

ਉਦਾਸੀਆਂ (ਪ੍ਰਚਾਰ ਯਾਤਰਾਵਾਂ) ਗੁਰੂ ਜੀ ਦੇ ਜੀਵਨ ਦਾ ਅਹਿਮ ਅੰਗ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀਆਂ ਦਿਸ਼ਾਵਾਂ ਵਿਚ ਚਾਰ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਕੀਤੀਆਂ ਅਤੇ ਇਸ ਸਮੇਂ ਦੌਰਾਨ ਆਪ ਜੀ ਨੇ ਵੱਖ-ਵੱਖ ਫਿਰਕਿਆਂ, ਧਰਮਾਂ, ਮਜ਼ਹਬਾਂ, ਜਾਤੀਆਂ ਅਤੇ ਹਰ ਸ਼੍ਰੇਣੀ ਦੇ ਲੋਕਾਂ ਨਾਲ ਸਥਾਨਕ ਭਾਸ਼ਾਵਾਂ ਰਾਹੀਂ ਸੰਪਰਕ ਕੀਤਾ ਅਤੇ ਉਨ੍ਹਾਂ ਦੀ ਯੋਗ ਅਗਵਾਈ ਕੀਤੀ।

ਜ਼ਿੰਦਗੀ ਦਾ ਆਖਰੀ ਸਮਾਂ (੧੫੨੧-੧੫੩੯) ਆਪ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਰਹਿ ਕੇ ਬਿਤਾਇਆ। ਇਹ ਆਪ ਜੀ ਦੀ ਜ਼ਿੰਦਗੀ ਦਾ ਸਾਰੰਸ਼ ਸੀ। ਦੁਨੀਆ ਦਾ ਉੱਚ ਕੋਟੀ ਦਾ ਲਿਖਾਰੀ ਸ਼ੇਕਸਪੀਅਰ ਲਿਖਦਾ ਹੈ: "Ripeness is all"

ਪਾਤਸ਼ਾਹ ਨੇ ਵੀ ਆਪਣੇ ਜੀਵਨ ਅਤੇ ਗਿਆਨ ਦਾ ਨਿਚੋੜ ਕੱਢ ਕੇ ਇਸ ਨੂੰ ਅਮਲੀ ਰੂਪ ਵਿਚ ਸੰਗਤ ਦੇ ਅੱਗੇ ਰੱਖਿਆ। ਇਸ ਲਈ ਇੱਥੇ ਬਿਤਾਏ ੧੮ ਸਾਲ ਦੇ ਜੀਵਨ ਦਾ ਮਹੱਤਵ ਵਰਣਨ ਕਰ ਸਕਣਾ ਕੋਈ ਅਸਾਨ ਕੰਮ ਨਹੀਂ।

ਸ੍ਰੀ ਕਰਤਾਰਪੁਰ ਸਾਹਿਬ ਦਾ ਸਥਾਨ ਵੀ ਉਨ੍ਹਾਂ ਵਿੱਚੋਂ ਇੱਕ ਹੈ ਜਿਸ ਨਾਲੋਂ ਪੰਥ ਨੂੰ ਵਿਛੋੜਿਆ ਗਿਆ। ਜਦੋਂ ਤੋਂ ਸੰਗਤ ਨੂੰ ਇਸ ਸਥਾਨ ਦੇ ਖੁੱਲ੍ਹੇ ਦਰਸ਼ਨ-ਦੀਦਾਰੇ ਪ੍ਰਾਪਤ ਹੋ ਗਏ ਹਨ। ਉਦੋਂ ਤੋਂ ਸਮੁੱਚੀ ਸੰਗਤ ਦੇ ਚਿਹਰੇ ਖਿੜੇ ਹੋਏ ਹਨ ਅਤੇ ਉਨ੍ਹਾਂ ਤੋਂ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ।

### ਸ੍ਰੀ ਕਰਤਾਰਪੁਰ ਵਿਖੇ ਦਾ ਵਾਸਾ

ਗੁਰੂ ਨਾਨਕ ਸਾਹਿਬ ਨੇ ਪਹਿਲੀ ਉਦਾਸੀ ਤੋਂ ਬਾਅਦ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਜੋ ਕੁਝ ਉਹ ਲੋਕਾਂ ਵਿਚ ਪ੍ਰਚਾਰ ਰਹੇ ਹਨ ਉਸ ਦਾ ਪ੍ਰਤੱਖ ਅਤੇ ਅਸਲੀ ਪ੍ਰਮਾਣ ਪੇਸ਼ ਕਰਨ ਲਈ ਕੋਈ ਯੋਗ ਸਥਾਨ ਕਾਇਮ ਕਰਨਾ ਜ਼ਰੂਰੀ ਹੈ। ਜੰਗਾਂ, ਯੁੱਧਾਂ ਦੇ ਮਹੌਲ ਵਿਚ ਕਿਸੇ ਜਰਨੈਲੀ ਮਾਰਗ ਦੇ ਨੇੜ੍ਹੇ ਜਗਾ ਚੁਣਨੀ ਬਹੁਤ ਵਾਜਬ ਨਹੀਂ ਸੀ। ਇਸ ਲਈ ਗੁਰੂ ਜੀ ਨੇ ਰਾਵੀ ਦੇ ਕਿਨਾਰੇ 'ਪੱਖੋ ਕੇ ਰੰਧਾਵੇ' ਨੇੜੇ ਵਾਸਾ ਕਰਨ ਦਾ ਮਨ ਬਣਾਇਆ। ਇੱਥੋਂ ਦਾ ਰਹਿਣ ਵਾਲਾ ਅਜਿੱਤਾ ਰੰਧਾਵਾ ਵੀ ਇੱਕ ਪ੍ਰਸਿੱਧ ਗੁਰਸਿੱਖ ਹੋਇਆ ਹੈ। ਭਾਈ ਅਜਿੱਤੇ ਰੰਧਾਵੇ ਨੇ ਨਗਰ ਵਸਾਉਣ ਵਿਚ ਉਚੇਚਾ ਯੋਗਦਾਨ ਪਾਇਆ ਅਤੇ ਹੋਰਨਾਂ ਨੂੰ ਵੀ ਸੇਵਾ ਲਈ ਪ੍ਰੇਰਿਆ। ਭਾਈ ਦੋਦੇ ਅਤੇ ਦੁਨੀ ਚੰਦ ਕਰੋੜੀਏ ਦੇ ਯੋਗਦਾਨ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਸ੍ਰੀ ਕਰਤਾਰਪੁਰ ਸਾਹਿਬ ਦੇ ਹੋਂਦ ਵਿਚ ਆਉਣ ਨਾਲ ਤਲਵੰਡੀ ਦੀ ਕਾਫ਼ੀ

ਵੱਸੋਂ ਸ੍ਰੀ ਕਰਤਾਰਪੁਰ ਸਾਹਿਬ ਆ ਗਈ। ਧਰਮਸ਼ਾਲਾ ਅਤੇ ਨਾਲ ਹੋਰ ਕਮਰੇ ਬਣ ਜਾਣ ਕਾਰਨ ਆਏ-ਗਏ ਲਈ ਠਹਿਰਨ ਦੀ ਸਹੂਲਤ ਹੋ ਗਈ। ਰੋਜ਼ਾਨਾ ਕੀਰਤਨ ਹੋਣ ਲੱਗ ਪਿਆ, ਸਵੇਰੇ ਜਪੁਜੀ ਸਾਹਿਬ ਦਾ ਪਾਠ ਹੁੰਦਾ, ਸ਼ਾਮ ਨੂੰ 'ਸੋਦਰ' ਤੇ 'ਆਰਤੀ' ਉਚਾਰਨ ਕੀਤੀ ਜਾਂਦੀ:

*ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।*
*ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।. . .*
*ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।*
*ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।. . .* *(ਵਾਰ ੧:੩੮)*

ਸ੍ਰੀ ਕਰਤਾਰਪੁਰ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਲਈ ੩੭੫ ਰੁਪਏ ਸਲਾਨਾ ਜਾਗੀਰ ਅਤੇ ੭੦ ਘੁਮਾਂ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਮ ਲਗਾਈ ਗਈ। ਬੇਸ਼ੁਮਾਰ ਸੰਗਤ ਰੋਜ਼ਾਨਾ ਗੁਰੂ-ਦਰਬਾਰ ਵਿਚ ਹਾਜ਼ਰੀਆਂ ਭਰਦੀ। ਇਸ ਸਬੰਧ 'ਚ ਭਾਈ ਗੁਰਦਾਸ ਜੀ ਵੀਹ ਨਾਮ-ਰਸੀਏ ਤੇ ਜੀਵਨ-ਮੁਕਤ ਸਿੱਖਾਂ ਦਾ ਹਵਾਲਾ ਦਿੰਦੇ ਹਨ:

ਭਾਈ ਤਾਰੂ ਜੀ, ਭਾਈ ਮੂਲਾ, ਭਾਈ ਪ੍ਰਿਥਾ, ਭਾਈ ਪੇਡਾ, ਭਾਈ ਰਾਮਾ, ਭਾਈ ਦੌਲਤ ਖਾਨ, ਭਾਈ ਮਾਲੋ, ਭਾਈ ਮਾਂਗਾ, ਭਾਈ ਕਾਲੂ ਖੱਤਰੀ, ਭਾਈ ਭਗਤਾ, ਭਾਈ ਵੰਸੀ, ਭਾਈ ਸੀਂਹਾਂ, ਭਾਈ ਜਾਪੂ, ਭਾਈ ਗੱਜਣ, ਭਾਈ ਭਗੀਰਥ, ਭਾਈ ਅਜਿੱਤਾ, ਬਾਬਾ ਬੁੱਢਾ ਜੀ, ਭਾਈ ਪਿਰਾਣਾ, ਭਾਈ ਜੋਧ ਜੀ। ਮੁਹਸਿਨ ਫ਼ਾਨੀ ਲਿਖਦਾ ਹੈ ਕਿ ਜੋ ਗੁਰੂ ਨਾਨਕ ਸਾਹਿਬ ਦੇ ਰਾਹ 'ਤੇ ਤੁਰ ਪੈਂਦੇ ਸਨ, ਉਨਾਂ ਨੂੰ ਕਰਤਾਰੀ ਕਿਹਾ ਜਾਂਦਾ ਸੀ। ਕਰਤਾਰ ਦੀ ਮਰਯਾਦਾ ਹੀ ਸਾਰੇ ਨਗਰਾਂ ਵਿਚ ਪ੍ਰਚਲਿਤ ਸੀ। ਗੁਰੂ ਨਾਨਕ ਸਾਹਿਬ ਜੀ ਨੇ ਹੈਵਾਨ ਤੋਂ ਇਨਸਾਨ ਅਤੇ ਇਨਸਾਨਾਂ ਤੋਂ ਦੇਵਤੇ ਬਣਾ ਦਿੱਤੇ।

ਸ੍ਰੀ ਕਰਤਾਰਪੁਰ ਸਾਹਿਬ ਤੋਂ ਉੱਠ ਕੇ ਬਾਬਾ ਜੀ ਨੇ ਆਸੇ-ਪਾਸੇ ਦੀ ਛੋਟੀਆਂ-ਛੋਟੀਆਂ ਫੇਰੀਆਂ ਪਾਈਆਂ। ਅੱਚਲ ਬਟਾਲੇ ਵਿਚ ਸਿੱਧਾਂ ਨਾਲ ਗੋਸ਼ਟ ਹੋਈ। ਬਾਬਾ ਜੀ ਨੇ ਗ੍ਰਿਹਸਥ ਤਿਆਗ ਕੇ ਦੌੜਨ ਵਾਲਿਆਂ ਨੂੰ ਕਰਾਰੀ ਫਿਟਕਾਰ ਪਾਈ ਜੋ ਗ੍ਰਿਹਸਥੀਆਂ ਦੇ ਦਰਾਂ (ਘਰਾਂ) 'ਤੇ ਜਾ ਕੇ ਭੀਖ ਮੰਗਦੇ ਸਨ।

ਮੁਲਤਾਨ ਫੇਰੀ ਦੌਰਾਨ ਵੀ ਬਾਬਾ ਜੀ ਨੇ ਆਪਣੀ ਅਧਿਆਤਮਿਕਤਾ ਅਤੇ ਨਿਰਲੇਪਤਾ ਦਾ ਸਬੂਤ ਦਿੱਤਾ, ਜਦੋਂ ਦੁੱਧ ਦੇ ਭਰੇ ਕਟੋਰੇ ਉੱਪਰ ਪਾਤਸ਼ਾਹ ਨੇ ਚਮੇਲੀ ਦਾ ਫੁੱਲ ਟਿਕਾ ਦਿੱਤਾ। ਸ੍ਰੀ ਕਰਤਾਰਪੁਰ ਸਾਹਿਬ ਵਿਖੇ ਰਹਿੰਦਿਆਂ ਹੀ ਗੁਰੂ ਜੀ ਨੇ ਆਪਣੀ ਅਤੇ ਭਗਤ ਸਾਹਿਬਾਨ ਜੀ ਦੀ ਬਾਣੀ, ਜੋ ਉਸ ਸਮੇਂ ਉਪਲੱਬਧ ਸੀ, ਰਾਗਾਂ ਅਨੁਸਾਰ ਤਰਤੀਬ, ਦੇ ਕੇ ਪੋਥੀ ਤਿਆਰ ਕੀਤੀ। ਸ੍ਰੀ ਕਰਤਾਰਪੁਰ ਸਾਹਿਬ ਵਿਖੇ ਟਕਸਾਲ ਵਿਚ ਗੁਰਬਾਣੀ ਸਬੰਧੀ ਸਾਰੇ ਮਹਾਨ ਕਾਰਜ ਦੀ ਜ਼ਿੰਮੇਵਾਰੀ ਭਾਈ ਲਹਿਣਾ

ਜੀ ਨੇ ਸੰਭਾਲੀ ਹੋਈ ਸੀ। ਬਾਬਾ ਬੁੱਢਾ ਜੀ ਨੇ ਵੀ ਇਸ ਮੁੱਖ ਕਾਰਜ 'ਚ ਪੂਰਨ ਸਹਿਯੋਗ ਦਿੱਤਾ।

ਇੱਥੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਹੀ ਭਾਈ ਲਹਿਣਾ ਜੀ ਦਾ ਮਿਲਾਪ ਸਤਿਗੁਰਾਂ ਨਾਲ ਹੋਇਆ। ਭਾਈ ਲਹਿਣਾ ਜੀ ਨੇ ਗੁਰੂ ਦੀ ਕੀਰਤੀ ਅਤੇ ਗੁਰੂ ਜੀ ਦੁਆਰਾ ਕਰਤਾਰ ਦੀ ਕੀਤੀ ਜਾਂਦੀ ਕੀਰਤੀ ਬਾਰੇ ਤਾਂ ਸੁਣਿਆ ਸੀ, ਪ੍ਰੰਤੂ ਜਦੋਂ ਉਨ੍ਹਾਂ ਗੁਰੂ ਜੀ ਨੂੰ ਇਕ ਕਿਰਤੀ ਦੇ ਰੂਪ ਵੇਖਿਆ ਤਾਂ ਇੱਥੇ ਆ ਕੇ ਭਾਈ ਲਹਿਣਾ ਜੀ ਸਦਾ ਲਈ ਗੁਰੂ ਜੀ ਦੇ ਮੁਰੀਦ ਬਣ ਗਏ ਅਤੇ ਆਪਣਾ-ਆਪ ਨਿਛਾਵਰ ਕਰ ਦਿੱਤਾ। ਸੱਤ ਸਾਲ ਗੁਰੂ ਜੀ ਦੀ ਸੇਵਾ ਵਿਚ ਗੁਜ਼ਾਰੇ। ਔਖੇ ਤੋਂ ਔਖੇ ਇਮਤਿਹਾਨਾਂ ਵਿੱਚੋਂ ਵੀ ਗੁਜ਼ਰੇ ਪ੍ਰੰਤੂ ਸਿਦਕ ਨੂੰ ਆਂਚ ਨਹੀਂ ਆਉਣ ਦਿੱਤੀ ਅਤੇ ਪੂਰਨ ਸਫਲਤਾ ਸੰਗ ਪਾਰ ਹੋ ਗਏ। ਹਰ ਇਮਤਿਹਾਨ ਵਿੱਚੋਂ ਆਪ ਨਿਮਰਤਾ ਅਤੇ ਹਲੀਮੀ ਨਾਲ ਅੱਗੇ ਲੰਘ ਗਏ। ਬਾਬਾ ਜੀ ਨੇ ਜਦੋਂ ਮੁੱਠੀ ਬੰਦ ਕਰ ਕੇ ਪੁੱਛਿਆ ਕਿ ਇਸ ਵਿਚ ਕੀ ਹੈ? ਪੁੱਤਰਾਂ ਦਾ ਜਵਾਬ ਸੀ ਕਿ ਕੋਈ ਸਿੱਕਾ ਹੋ ਸਕਦਾ ਹੈ, ਪ੍ਰੰਤੂ ਲਹਿਣਾ ਜੀ ਦੀ ਵਾਰੀ ਆਈ ਤਾਂ ਉਨ੍ਹਾਂ ਕਿਹਾ— 'ਮਹਾਰਾਜ! ਇਸ ਵਿਚ ਕੀ ਨਹੀਂ।' ਇਸ ਵਿਚ ਤਾਂ ਸਾਰਾ ਸੰਸਾਰ ਬੰਦ ਹੈ।

ਇਤਿਹਾਸਕਾਰ ਮੰਨਦੇ ਹਨ ਕਿ ਇਹ ਇਕ ਬਹੁਤ ਹੀ ਇਨਕਲਾਬੀ ਘਟਨਾ ਸੀ ਜਦੋਂ ਪੁੱਤਰਾਂ ਨੂੰ ਛੱਡ ਭਾਈ ਲਹਿਣਾ ਜੀ ਨੂੰ ਗੁਰਿਆਈ ਬਖ਼ਸ਼ੀ ਗਈ।

ਪ੍ਰਸਿੱਧ ਕਵੀ ਪ੍ਰੋ. ਮੋਹਨ ਸਿੰਘ ਆਪਣੇ ਮਹਾਂਕਾਵਿ 'ਨਾਨਕਾਇਣ' ਵਿਚ ਇਸ ਗੱਲ ਨੂੰ ਇੰਜ ਪੇਸ਼ ਕਰਦੇ ਹਨ:-

*ਪੰਜ ਪੈਸੇ ਨਰੇਲ ਇਕ, ਫਿਰ ਚਰਨਾਂ ਤੇ ਰੱਖ ।*
*ਝੁਕ ਕੇ ਮੱਥਾ ਟੇਕਿਆ, ਜਾਣ ਗੁਰੂ ਪ੍ਰਤੱਖ।*

ਭਾਈ ਸਤਾ ਤੇ ਭਾਈ ਬਲਵੰਡ ਜੀ ਦੇ ਸ਼ਬਦਾਂ ਵਿਚ— "*ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ*" ਸ੍ਰੀ ਕਰਤਾਰਪੁਰ ਸਾਹਿਬ ਵਿਖੇ ਹੀ ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ੨੨ ਸਤੰਬਰ, ੧੫੩੯ ਈ. ਨੂੰ ਜੋਤੀ ਜੋਤ ਸਮਾ ਗਏ।

ਇੱਕ ਪ੍ਰਸਿੱਧ ਲੇਖਕ ਰਾਬਰਟ ਐਨ ਕਸਟ ਦਾ ਕਥਨ ਹੈ:-

"ਸੰਸਾਰ ਵਿਚ ਇਹ ਕਿਧਰੇ ਨਹੀਂ ਦੇਖਿਆ ਜਾ ਸਕਦਾ ਕਿ ਇੱਕੋ ਪੁਰਸ਼ ਦਾ ਮਕਬਰਾਂ ਅਤੇ ਸਮਾਧ ਬਣੀ ਹੋਵੇ ਤੇ ਇਹ ਦੀਵਾਰ ਸਾਂਝੀ ਹੋਵੇ।"

ਇਹ ਤਾਂ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੈ, ਪ੍ਰੰਤੂ ਰੱਬੀ ਨੂਰ ਨੂੰ ਤਾਂ ਇਹ ਪਸੰਦ ਨਹੀਂ ਹੋ ਸਕਦਾ। ਆਖ਼ਰ ਰਾਵੀ ਨੇ ਇਹ ਰੱਬੀ ਸੰਦੇਸ਼ ਵੀ ਨਾਸ਼ਵਾਨ ਸੰਸਾਰ ਤਕ ਪਹੁੰਚਦਾ ਕਰ ਦਿੱਤਾ। ■

# ਦੂਸਰਾ ਅਥਵਾ ਵੱਡਾ ਘੱਲੂਘਾਰਾ : ਸੰਖੇਪ ਬ੍ਰਿਤਾਂਤ

*-ਗਿਆਨੀ ਸੁਰਿੰਦਰ ਸਿੰਘ ਨਿਮਾਣਾ**

ਸੰਸਾਰ 'ਚ ਧਰਮ ਅਧਰਮ ਜਾਂ ਸੱਚ ਅਤੇ ਕੂੜ ਵਿਚਕਾਰ ਸੰਘਰਸ਼ ਸਦਾ ਚੱਲਦਾ ਆ ਰਿਹਾ ਹੈ ਅਤੇ ਪੂਰਨ ਨਿਆਂ ਦੀ ਸਥਾਪਨਾ ਤਕ ਆਉਣ ਵਾਲੇ ਸਮਿਆਂ 'ਚ ਵੀ ਇਹ ਚੱਲਦਾ ਹੀ ਰਹੇਗਾ। ਹਰੇਕ ਧਰਮ, ਦੇਸ਼ ਜਾਂ ਭੂ-ਖੰਡ ਅਤੇ ਹਰੇਕ ਕੌਮ ਜਾਂ ਰਾਸ਼ਟਰ ਕਈ ਤਰ੍ਹਾਂ ਦੇ ਸੰਘਰਸ਼ ਅਤੇ ਜਦੋਜਹਿਦ 'ਚੋਂ ਗੁਜ਼ਰਦਾ ਆਇਆ ਹੈ। ਪਰੰਤੂ ਦੁੱਖ ਭਰੀ ਹੈਰਾਨੀ ਦੀ ਗੱਲ ਹੈ ਕਿ ਰਿਸ਼ੀਆਂ-ਮੁਨੀਆਂ ਅਤੇ ਗੁਰੂਆਂ ਦੀ ਵਰੋਸਾਈ ਧਰਤੀ ਉੱਪਰ ਬਾਹਰੀ ਹਮਲਾਵਰਾਂ ਅਤੇ ਜਾਬਰਾਂ ਦੀ ਨਾਪਾਕ ਅਤੇ ਲਾਲਚੀ ਨਜ਼ਰ ਸਦਾ ਹੀ ਟਿਕੀ ਰਹੀ ਹੈ। ਪੰਜਾਬ ਦੀ ਧਰਤੀ 'ਤੇ ਅਨੇਕਾਂ ਸਦੀਆਂ ਦੇ ਅਧਰਮ ਅਤੇ ਹਨੇਰਗਰਦੀ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਜਿੱਥੇ ਇਸ ਧਰਤੀ ਦੇ ਵਾਸੀ ਸਾਰੇ ਲੋਕਾਂ ਨੂੰ ਪ੍ਰਸਪਰ ਪਿਆਰ ਦਾ ਰਾਹ ਦਿਖਾਇਆ ਗਿਆ, ਉੱਥੇ ਆਪ ਨੇ ਸਮੁੱਚੇ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ 'ਚ ਵੀ— ਕੀ ਬਾਦਸ਼ਾਹਾਂ, ਸੁਲਤਾਨਾਂ ਅਤੇ ਕੀ ਸਾਧਾਰਨ ਲੋਕਾਂ ਸਭ ਨੂੰ ਪ੍ਰਸਪਰ ਪਿਆਰ ਨਾਲ 'ਜੀਉ ਅਤੇ ਜੀਣ ਦਿਉ' ਦੇ ਗੁਰਮਤਿ ਮਾਨਵਤਾਵਾਦੀ ਅਸੂਲਾਂ ਨੂੰ ਦ੍ਰਿੜ੍ਹ ਕਰਾਇਆ ਪਰੰਤੂ ਉਨ੍ਹਾਂ ਦੇ ਸੱਚੇ ਪਿਆਰ ਸੁਨੇਹੇ ਨੂੰ ਭੁੱਲ ਕੇ ਕੁਝ ਬਦੇਸ਼ੀ ਹਾਕਮ ਆਪਣੀ ਨਾਪਾਕ ਜ਼ਹਿਨੀਅਤ ਦਰਸਾਉਂਦੇ ਰਹੇ। ਬਾਬਰ ਅਤੇ ਉਸ ਦੇ ਕੁਝ ਉਤਰਾਧਿਕਾਰੀ ਸ਼ਾਸਕ ਹਿੰਦੁਸਤਾਨ 'ਚ ਰਾਜ ਕਰਨ ਲਈ ਸਫਲ ਰਹੇ, ਉੱਥੇ ਗੁਰੂ ਜੀ ਦੇ ਨਾਮ-ਲੇਵਾ ਸਿੱਖਾਂ ਨੂੰ ਕੁਝ ਸ਼ਾਸਕ ਅਕਾਰਨ ਤੰਗ ਵੀ ਕਰਦੇ ਰਹੇ, ਜਿਵੇਂ ਜਹਾਂਗੀਰ, ਸ਼ਾਹਜਹਾਂ ਅਤੇ ਔਰੰਗਜ਼ੇਬ। ਗੁਰੂ ਜੀ ਦੇ ਨਾਮ-ਲੇਵਾ ਸਿੱਖਾਂ ਨੇ ਦਸਮ ਗੁਰੂ ਜੀ ਦੀ ਅਗਵਾਈ 'ਚ ਮੁਗ਼ਲਾਂ ਨਾਲ ਲਾਸਾਨੀ ਟੱਕਰ ਲਈ। ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਕਾਇਮ ਕੀਤਾ ਨਿਆਂ ਦਾ ਸਿੱਖ ਰਾਜ ਕੁਝ ਸਮਾਂ ਚੱਲਿਆ। ਇਹ ਖੁੱਸਣ ਮਗਰੋਂ ਵੀ ਸਿੱਖਾਂ ਨੇ ਹੱਕ, ਸੱਚ ਅਤੇ ਨਿਆਂ ਦੀ ਪੁਨਰ-ਸਥਾਪਤੀ ਲਈ ਆਪਣਾ ਸੰਘਰਸ਼ ਜਾਰੀ ਰੱਖਿਆ। ਉਹ ਕੁਝ ਹਿੱਸਿਆਂ 'ਚ ਇਸ ਨੂੰ ਸਥਾਪਿਤ ਕਰਨ 'ਚ ਸਫਲ ਵੀ ਹੋਏ।

ਹੁਣ ਸਿੱਖਾਂ ਨਾਲ ਨਾਦਰਸ਼ਾਹ ਅਤੇ ਅਹਿਮਦਸ਼ਾਹ ਅਬਦਾਲੀ ਦੀ ਸਿੱਧੀ ਅਤੇ ਜ਼ੋਰਦਾਰ ਟੱਕਰ ਬਣ ਗਈ। ਇਸ ਤਰ੍ਹਾਂ ਦੇ ਹਾਲਾਤ 'ਚ ਸਿੱਖਾਂ ਨੂੰ ਬੁਰੀ ਤਰ੍ਹਾਂ ਦਬਾ ਕੇ ਖ਼ਤਮ ਕਰਨ ਦਾ ਇਰਾਦਾ ਕਰ ਕੇ ਅਹਿਮਦਸ਼ਾਹ ਅਬਦਾਲੀ ਦੀ ਸਿੱਖ ਸਰਦਾਰਾਂ ਨਾਲ ਸਿੱਧੀ ਤੇ ਜ਼ੋਰਦਾਰ ਟੱਕਰ ਬਣੀ ਜਿਸ ਦੇ ਨਤੀਜੇ ਵਜੋਂ ਸੰਮਤ ੧੮੦੩ ਮੁਤਾਬਿਕ

*ਮੁਖੀ, ਐਵਰਗ੍ਰੀਨ ਸਾਇੰਸ ਐਂਡ ਸਪੋਰਟਸ ਸਕੂਲ, ਅੱਚਲ ਸਾਹਿਬ (ਚਾਹਲ ਕਲਾਂ) ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ- ੧੪੩੫੦੫; ਮੋ. +੯੧੯੮੭੨੨-੩੫੧੧੧

੫ ਫਰਵਰੀ, ੧੭੬੨ ਨੂੰ ਉਸ ਨੇ ਸਿੱਖ ਜਨਸਾਧਾਰਨ ਜਾਂ ਲੋਕਾਈ ਨੂੰ ਇਸ ਧਰਤੀ ਤੋਂ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਇਰਾਦਾ ਧਾਰ ਕੇ ਇਕ ਬਹੁਤ ਹੀ ਵੱਡੇ ਯੋਜਨਾਬੱਧ ਹਮਲੇ ਦੁਆਰਾ ਇਕ ਘੋਰ ਦਰਦਨਾਕ ਸਾਕਾ ਵਰਤਾਇਆ। ਇਸ ਸਾਕੇ ਨੂੰ ਸਿੱਖ ਇਤਿਹਾਸ ਵਿਚ 'ਵੱਡੇ ਘੱਲੂਘਾਰੇ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹ ਘੱਲੂਘਾਰਾ ਉਸ ਦੁਆਰਾ ਸਿੱਖਾਂ ਦੇ ਇਕ ਵੱਡੇ ਇਕੱਠ ਨੂੰ ਆਪਣੀ ਵੱਡੀ ਤੇ ਸੰਗਠਿਤ ਸ਼ਕਤੀਸ਼ਾਲੀ ਫੌਜ ਦੁਆਰਾ ਪੂਰੀ ਤਰ੍ਹਾਂ ਨੇਸਤ-ਓ-ਨਾਬੂਦ ਕਰ ਦੇਣ ਦੇ ਕ੍ਰੋਧ ਭਰੇ ਇਰਾਦੇ ਨਾਲ ਰਾਇਪੁਰ ਗੁੱਜਰਵਾਲ ਦੇ ਪਾਸ ਕੁੱਪ ਰਹੀੜੇ ਦੇ ਸਥਾਨ ਉੱਪਰ ਵਰਤਾਇਆ ਗਿਆ। (ਇਸ ਤੋਂ ਪਹਿਲਾਂ ਇਕ ਘੱਲੂਘਾਰਾ ਸੰਮਤ ੧੮੧੮ ਭਾਵ ਕਿ ਵੱਡੇ ਘੱਲੂਘਾਰੇ ਤੋਂ ੧੫ ਕੁ ਸਾਲ ਪਹਿਲਾਂ ਦੀਵਾਨ ਲਖਪਤ ਰਾਇ ਦੁਆਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਨੂੰ ਠੱਲ੍ਹ ਪਾਉਣ ਅਤੇ ਆਪਣੇ ਭਰਾ ਜਸਪਤ ਰਾਇ ਦੀ ਸਿੰਘਾਂ ਦੇ ਹੱਥੋਂ ਹੋਈ ਮੌਤ ਦਾ ਸਮੂਹ ਸਿੱਖ ਲੋਕਾਈ ਤੋਂ ਬਦਲਾ ਲੈਣ ਦੀ ਮੰਦਭਾਵਨਾ ਕਰਕੇ ਵਰਤਾਇਆ ਸੀ।) 'ਮਹਾਨ ਕੋਸ਼' ਮੁਤਾਬਿਕ ਵੱਡੇ ਘੱਲੂਘਾਰੇ 'ਚ ਪੰਦਰ੍ਹਾਂ-ਵੀਹ ਹਜ਼ਾਰ ਸਿੱਖਾਂ ਨੂੰ ਖ਼ਤਮ ਕਰ ਦਿੱਤਾ ਗਿਆ। ਹੋਰ ਵੱਖ-ਵੱਖ ਸਰੋਤ ਦਸ ਤੋਂ ਪੰਜਾਹ ਹਜ਼ਾਰ ਸਿੱਖਾਂ ਦੀਆਂ ਜਾਨਾਂ ਜਾਣ ਦਾ ਉਲੇਖ ਕਰਦੇ ਹਨ। ਅਜਿਹੇ ਹਾਲਾਤ 'ਚ ਹੋਏ ਜਾਨੀ ਨੁਕਸਾਨ ਦੀ ਦਰਅਸਲ ਠੀਕ-ਠੀਕ ਗਿਣਤੀ ਕਰਨਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੁੰਦਾ। ਅਗਲੇ ਹਿੱਸੇ 'ਚ ਇਸ ਵੱਡੇ ਘੱਲੂਘਾਰੇ ਦੀਆਂ ਪ੍ਰਸਥਿਤੀਆਂ ਜਾਂ ਹਾਲਾਤ ਅਥਵਾ ਵਿਭਿੰਨ ਕਾਰਨਾਂ, ਘਟਨਾਵਾਂ ਅਤੇ ਸਿੱਟਿਆਂ ਦਾ ਸੰਖੇਪ ਤਤਸਾਰੀ ਵਿਵੇਚਨ ਕਰਨ ਦਾ ਯਥਾਸੰਭਵ ਜਤਨ ਕੀਤਾ ਜਾ ਰਿਹਾ ਹੈ।

**(ੳ) ਕਾਰਨ ਅਤੇ ਪਿਛੋਕੜ**

ਨਾਦਰਸ਼ਾਹ ਮਗਰੋਂ ਅਹਿਮਦਸ਼ਾਹ ਅਬਦਾਲੀ ਇਕ ਬਹੁਤ ਹੀ ਮਜ਼ਹਬੀ ਕੱਟੜ ਜ਼ਹਿਨੀਅਤ ਦਾ ਮਾਲਕ ਹਾਕਮ ਅਤੇ ਲੁਟੇਰਾ ਹੋਇਆ ਹੈ ਜਿਸ ਦੇ ਖ਼ੂਨ 'ਚ ਹੀ ਹਿੰਦੁਸਤਾਨ ਤੇ ਹਿੰਦੁਸਤਾਨੀਆਂ ਪ੍ਰਤੀ ਘਿਰਣਾ ਤੇ ਨਫ਼ਰਤ ਕੁੱਟ-ਕੁੱਟ ਕੇ ਭਰੀ ਹੋਈ ਸੀ। ਇਸ 'ਚ ਕੋਈ ਅਤਿਕਥਨੀ ਨਹੀਂ ਕਿ ਇਹ ਬਿਨਾਂ ਕਾਰਨ ਵੀ ਹਿੰਦੁਸਤਾਨੀਆਂ ਨੂੰ ਖਾਂਦਿਆਂ-ਪੀਂਦਿਆਂ ਤੇ ਸੁਖ ਆਰਾਮ ਨਾਲ ਦਿਨ-ਕਟੀ ਕਰਦਿਆਂ ਵੇਖ ਨਹੀਂ ਸੁਖਾਉਂਦੇ ਸਨ। ਇਨ੍ਹਾਂ ਦੇ ਆਪਣੇ ਦੇਸ਼ ਭੂ-ਖੰਡ ਦੀ ਭੂਗੋਲਿਕ ਹਾਲਤ ਨੇ ਵੀ ਇਨ੍ਹਾਂ ਨੂੰ ਦੂਸਰੇ ਦੇਸ਼ਾਂ ਵੱਲ ਮੈਲੀਆਂ ਅਤੇ ਲਾਲਚੀ ਨਜ਼ਰਾਂ ਵੇਖਣ ਅਤੇ ਹਿੰਦੁਸਤਾਨ ਦਾ ਧਨ-ਮਾਲ ਲੁੱਟਣ ਵੱਲ ਰੁਚਿਤ ਕਰੀ ਰੱਖਿਆ। ਧਨ-ਮਾਲ ਲੁੱਟਣ ਦੇ ਨਾਲ-ਨਾਲ ਇਨ੍ਹਾਂ ਦੇ ਮਨ੍ਹਾਂ 'ਚ ਹਿੰਦੁਸਤਾਨ ਦੇ, ਹਿੰਦੂ ਧਰਮ ਨੂੰ ਮੰਨਣ ਵਾਲੇ ਅਮਨਪਸੰਦ ਭਲੇ ਲੋਕਾਂ ਦੀ ਜਾਨ ਦੇ ਵੈਰੀ ਬਣਾਉਣ 'ਚ ਇਸਲਾਮ ਨੂੰ ਫੈਲਾਉਣ ਦੀ ਗੱਲ ਵੀ ਵੱਸੀ, ਫਸੀ ਤੇ ਅਟਕੀ ਹੋਈ ਸੀ। ਅਫ਼ਗ਼ਾਨ ਹਮਲਾਵਰਾਂ ਦੇ ਦਬਦਬਾ ਨੂੰ ਮੰਨਦਿਆਂ ਕੁਝ ਧਨੀ ਹਿੰਦੂ ਇਸਲਾਮ ਧਰਮ ਨੂੰ ਅਪਣਾਅ ਕੇ ਆਪਣੀਆਂ ਜਾਨਾਂ ਸਦੀਆਂ ਤੋਂ

ਬਚਾਉਂਦੇ ਆ ਰਹੇ ਸਨ। ਇਸ ਤੋਂ ਉਲਟ ਆਨਾਕਾਨੀ ਕਰਨ ਵਾਲਿਆਂ ਦੀਆਂ ਬਹੂ-ਬੇਟੀਆਂ ਉੱਪਰ ਵੀ ਅਫ਼ਗ਼ਾਨਾਂ ਦੀ ਮੈਲੀ ਨਜ਼ਰ ਸਦੀਆਂ ਤੋਂ ਹੀ ਟਿਕੀ ਰਹੀ ਹੈ। ਹਿੰਦੁਸਤਾਨ ਦੀ ਧਰਤੀ 'ਤੇ ਗੁਰੂ ਸਾਹਿਬਾਨ ਦੁਆਰਾ 'ਜੀਉ ਅਤੇ ਜੀਣ ਦਿਉ' ਦਾ ਹੋਕਾ ਦੇਣ ਦੇ ਨਾਲ-ਨਾਲ ਆਪਣੇ ਵਤਨ ਦੀ ਇੱਜ਼ਤ ਨੂੰ ਹਰ ਹਾਲਤ 'ਚ ਕਾਇਮ ਰੱਖਣ ਦਾ ਮਨੋਭਾਵ ਜਾਂ ਜਜ਼ਬਾ ਕੁੱਟ-ਕੁੱਟ ਕੇ ਸਿੱਖੀ ਦੇ ਦਾਇਰੇ 'ਚ ਆਉਣ ਵਾਲੇ ਆਪਣੇ ਸਿੱਖਾਂ 'ਚ ਭਰਿਆ ਗਿਆ ਸੀ। ਇਸ ਸਚਾਈ ਨੂੰ ਵੀਹਵੀਂ ਸਦੀ 'ਚ ਉਰਦੂ ਭਾਸ਼ਾ ਦੇ ਸਪ੍ਰਸਿੱਧ ਤੇ ਬਾਕਮਾਲ ਸ਼ਾਇਰ ਮੁਹੰਮਦ ਇਕਬਾਲ ਨੇ ਵੀ ਨਿਰਸੰਕੋਚ ਸਵੀਕਾਰਿਆ ਹੋਇਆ ਹੈ। ਉਹ ਇਸ ਰਹੱਸ ਤੋਂ ਪਰਦਾ ਉਠਾਉਂਦਾ ਹੈ ਕਿ ਹਿੰਦੋਸਤਾਨ ਅੰਦਰ ਤਾਂ ਲੱਗਭਗ ਡੇਢ ਹਜ਼ਾਰ ਸਾਲ ਤਕ ਸਵੈਮਾਣ ਨਾਲ ਜੀਣ ਦਾ ਕੋਈ ਸੰਕਲਪ ਹੀ ਨਹੀਂ ਸੀ ਅਤੇ ਇਹ ਸਿਰਫ਼ ਤੇ ਸਿਰਫ਼ ਪੰਦਰ੍ਹਵੀਂ ਅਤੇ ਸੋਲ੍ਹਵੀਂ ਸਦੀਆਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਕਲਪੀ ਜਤਨਾਂ ਨਾਲ ਹੀ ਪਹਿਲੀ ਵਾਰ ਉਪਜਿਆ ਸੀ।*

ਸੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚੇ-ਸੁੱਚੇ ਤੇ ਨਿਰਮਲ ਸਿੱਖ-ਪੰਥ ਅਤੇ ਇਸ ਨੂੰ ਦਸਵੇਂ ਗੁਰੂ ਜੀ ਦੁਆਰਾ ਬਖਸ਼ੇ ਖਾਲਸਾ-ਪੰਥ ਦੇ ਰੂਪ 'ਚ ਵਿਕਸਿਤ ਕਰਨ ਦੁਆਰਾ ਅਜਿਹੀ ਘ੍ਰਿਣਤ ਸੋਚ ਰੱਖਣ ਵਾਲਿਆਂ ਦਾ ਇਸ ਪੰਥ ਵਿਰੁੱਧ ਗੁੱਸਾ ਅਤੇ ਨਫ਼ਰਤ ਕੁਦਰਤੀ ਸੀ। ਅਫ਼ਗ਼ਾਨ ਮੁਸਲਮਾਨ ਹਮਲਾਵਰਾਂ ਦੀ ਇਹ ਜ਼ੋਰਦਾਰ ਇੱਛਾ ਰਹੀ ਕਿ ਸਿੱਖਾਂ ਨੂੰ ਵਿਸ਼ਾਲ ਪੰਜਾਬ ਜਾਂ ਹਿੰਦੁਸਤਾਨ 'ਚ ਜਿੱਥੋਂ ਤਕ ਹੋ ਸਕੇ ਦਬਾ ਕੇ ਰੱਖਿਆ ਜਾਵੇ ਅਤੇ ਇਹ ਕਿਸੇ ਤਰ੍ਹਾਂ ਵੀ ਪੰਜਾਬ ਦੇ ਮਾਲਕ ਅਤੇ ਰਖਵਾਲੇ ਨਾ ਬਣ ਸਕਣ। ਇਸ ਤਰ੍ਹਾਂ ਦੀ ਸੋਚ ਦਾ ਇਕ ਪੁਖ਼ਤਾ ਸਬੂਤ ਇਸ ਘੱਲੂਘਾਰੇ 'ਚ ਆਕਿਲ ਦਾਸ ਨਾਮਕ ਨਿਰੰਜਨੀਏ ਦੇ ਨਿਭਾਏ ਰੋਲ ਅਤੇ ਅਫ਼ਗ਼ਾਨਾਂ ਨਾਲ ਉਸ ਦੇ ਸਾਂਝ ਤੇ ਮਿੱਤਰਤਾ ਭਰੇ ਸੰਬੰਧਾਂ ਤੋਂ ਮਿਲਦਾ ਹੈ।

'ਮਹਾਨ ਕੋਸ਼' ਕ੍ਰਿਤ ਭਾਈ ਕਾਨ ਸਿੰਘ ਨਾਭਾ 'ਚ ਉਸ ਬਾਰੇ ਮੂਲ ਜਾਣਕਾਰੀ ਅਤੇ ਸਿੱਖਾਂ ਨਾਲ ਵੈਰ ਕਮਾਉਣ ਦਾ ਉਲੇਖ ਮਿਲਦਾ ਹੈ :

"ਆਕਿਲ ਦਾਸ. ਜੰਡਿਆਲੇ ਦਾ ਹਿੰਦਾਲੀ ਮਹੰਤ, ਜਿਸ ਨੇ ਲਾਹੌਰ ਦੇ ਹਾਕਿਮਾਂ ਨੂੰ ਸਹਾਇਤਾ ਦੇ ਕੇ ਅਨੇਕ ਸਿੰਘ ਕੈਦ ਕਰਾਏ।" (*ਮਹਾਨ ਕੋਸ਼* ਪੰਨਾ ੯੪, ਪ੍ਰਕਾਸ਼ਕ ਭਾਸ਼ਾ ਵਿਭਾਗ, ਪੰਜਾਬ)

ਇਹ ਗੱਲ ਸਿੱਖ ਇਤਿਹਾਸ ਦੀ ਜਾਣਕਾਰੀ ਰੱਖਣ ਵਾਲੇ ਪਾਠਕ ਭਲੀ ਪ੍ਰਕਾਰ ਜਾਣਦੇ ਹਨ ਕਿ ਹੰਦਾਲ ਮੂਲ ਰੂਪ 'ਚ ਇਕ ਸੱਚਾ-ਸੁੱਚਾ ਸੁਹਿਰਦ ਸਿੱਖ ਸੀ ਜੋ ਕਿ ਜੱਟ ਸੀ। ਇਸ ਨੇ ਸਿੱਖੀ ਪ੍ਰਚਾਰ ਲਈ ਇਕ ਨਿਰੰਜਨੀਆ ਨਾਮਕ ਸੰਪ੍ਰਦਾਇ ਕਾਇਮ ਕੀਤੀ, ਕਿਉਂਕਿ ਇਹ 'ਨਿਰੰਜਨ' ਸ਼ਬਦ ਦਾ ਜਾਪ ਕਰਦਾ ਸੀ। ਇਹ ਸ੍ਰੀ ਗੁਰੂ ਅਮਰਦਾਸ ਜੀ ਦਾ ਅਨਿੰਨ ਭਾਵ ਕਿ ਸੱਚਾ ਸਿੱਖ ਸੀ, ਪਰੰਤੂ ਇਸ ਦਾ ਪੁੱਤਰ

*ਨਜ਼ਮ *'ਨਾਨਕ' 'ਬਾਂਗਿ ਦਰਾ'* ਪੁਸਤਕ, ਪ੍ਰਕਾਸ਼ਕ ਭਾਸ਼ਾ ਵਿਭਾਗ, ਪੰਜਾਬ

ਬੇਹੱਦ ਨਿਕੰਮਾ, ਕੁਕਰਮੀ ਅਤੇ ਸਿੱਖਾਂ ਤੇ ਸਿੱਖੀ ਦਾ ਵੈਰੀ ਸਾਬਿਤ ਹੋਇਆ। ਇਸ ਪ੍ਰਕਾਰ ਇਸ ਦੇ ਸੁਚੇਤ-ਅਚੇਤ ਅਸਰ ਕਰਕੇ ਇਹ ਸਿੱਖ ਸੰਪ੍ਰਦਾਇ ਹੀ ਗੁਰੂ ਦੇ ਨਾਮ-ਲੇਵਾ ਸਿੱਖਾਂ ਨਾਲ ਖ਼ਾਰ ਰੱਖਣ ਵਾਲੀ ਤੇ ਵੈਰ ਕਮਾਉਣ ਵਾਲੀ ਸੰਪ੍ਰਦਾ ਬਣ ਗਈ। 'ਮਹਾਨ ਕੋਸ਼' 'ਚ ਇਹ ਵੀ ਦਰਜ ਹੈ ਕਿ— "ਕਈ ਹਿੰਦਾਲੀਏ ਮਹੰਤਾਂ ਨੇ ਸਿੱਖਾਂ ਦੇ ਵਿਰੁੱਧ ਲਾਹੌਰ ਦੇ ਜ਼ਾਲਿਮ ਹਾਕਮਾਂ ਨੂੰ ਅਯੋਗਯ ਸਹਾਇਤਾ ਦਿੱਤੀ।"

ਇਕ ਤੱਥ ਹੋਰ ਇਤਿਹਾਸ ਨੂੰ ਪੜ੍ਹਨ-ਵਾਚਣ ਮਗਰੋਂ ਪਕੜ 'ਚ ਆਉਂਦਾ ਹੈ ਕਿ ਅੱਜ ਦਾ ਭਾਰਤ ਜਿਹੜਾ ਮੁਗ਼ਲਾਂ ਅਤੇ ਅਫ਼ਗ਼ਾਨਾਂ ਦੇ ਹਮਲਿਆਂ ਦਾ ਨਿਸ਼ਾਨਾ ਬਣਦਾ ਰਿਹਾ ਇਨ੍ਹਾਂ ਦੋਨ੍ਹਾਂ ਦਾ ਪ੍ਰਸਪਰ ਮੁਕਾਬਲਾ ਵੀ ਸੀ। ਪਰੰਤੂ ਹਿੰਦੁਸਤਾਨ ਦੇ ਬਾਸ਼ਿੰਦਿਆਂ ਦੇ ਇਹ ਦੋਨੋਂ ਇੱਕੋ ਜਿਹੇ ਸਭ ਤੋਂ ਵੱਡੇ ਵੈਰੀ ਬਣੇ ਰਹੇ। ਸ਼ਾਇਦ ਇਨ੍ਹਾਂ ਦਾ ਮਜ਼ਹਬ ਪ੍ਰਸਪਰ ਪਿਆਰ ਦੀ ਸਿੱਖਿਆ ਦੇਣ ਦੇ ਬਾਵਜੂਦ ਇਨ੍ਹਾਂ ਨੂੰ ਦੂਸਰੇ ਮਜ਼ਹਬਾਂ ਤੋਂ ਇਸਲਾਮ ਦੇ ਦਾਇਰੇ 'ਚ ਲਿਆਉਣ ਨੂੰ ਹੀ ਆਪਣੇ ਮਜ਼ਹਬ ਦੀ ਸਭ ਤੋਂ ਵੱਡੀ ਸੇਵਾ ਦਾ ਪਾਠ ਪੜ੍ਹਾਉਂਦਾ ਰਿਹਾ ਹੋਵੇ। ਮੁਗ਼ਲ ਰਾਜ ਦਾ ਸਭ ਤੋਂ ਸ਼ਕਤੀਸ਼ਾਲੀ ਆਖਰੀ ਬਾਦਸ਼ਾਹ ਔਰੰਗਜ਼ੇਬ ਨੂੰ ਸਵੀਕਾਰਿਆ ਜਾਂਦਾ ਹੈ ਜੋ ਕਿ ਧਰਮ ਪਰਿਵਰਤਨ ਕਰਾਉਣ ਦੇ ਮਾਮਲੇ 'ਚ ਬਹੁਤ ਅਗਾਂਹ ਨਿਕਲ ਗਿਆ। ਹੈਰਾਨੀ ਹੁੰਦੀ ਹੈ ਕਿ ਇਕ ਪਾਸੇ ਤਾਂ ਉਸ ਸਬੰਧੀ ਪੜ੍ਹਦੇ-ਸੁਣਦੇ ਹਾਂ ਕਿ ਉਸ ਦੀ ਰਹਿਣੀ-ਬਹਿਣੀ ਬੜੀ ਹੀ ਸਾਦ-ਮੁਰਾਦੀ ਸੀ। ਆਪਣੇ ਦੀਨ ਇਸਲਾਮ ਦੇ ਕੁਝ ਅਸੂਲਾਂ ਨੂੰ ਉਹ ਬਹੁਤ ਪੱਕੀ ਤਰ੍ਹਾਂ ਅਪਣਾਉਣ ਦਾ ਇਕ ਤਰ੍ਹਾਂ ਦਾ ਦਾਅਵਾ ਪਾਲਦਾ ਸੀ। ਉਸ ਦੇ ਰਾਜ-ਕਾਲ 'ਚ ਕਸ਼ਮੀਰ ਦੇ ਬ੍ਰਾਹਮਣ ਜੋ ਕਿ ਅਸਲ 'ਚ ਹਿੰਦੂ ਧਰਮ ਦੇ ਆਗੂ ਸਨ, ਨੂੰ ਇਸਲਾਮ ਦੇ ਦਾਇਰੇ 'ਚ ਲਿਆਉਣ ਲਈ ਕਿੰਨਾ ਪੱਬਾਂ ਭਾਰ ਹੋਇਆ ਜਿਸ ਦਾ ਪਤਾ ਉਹਦੇ ਬਾਰੇ ਬਹੁਤ ਹੀ ਪ੍ਰਚਲਿਤ ਇਸ ਧਾਰਨਾ ਤੋਂ ਲੱਗਦਾ ਹੈ ਕਿ ਉਸ ਨੇ ਸਵਾ ਮਣ ਜੰਞੂ ਉਤਰਵਾ ਕੇ ਹੀ ਰੋਜ਼ ਰੋਟੀ ਖਾਣ ਦਾ ਪੱਕਾ ਅਸੂਲ ਬਣਵਾਇਆ ਹੋਇਆ ਸੀ। ਉਹ ਸਾਦਗੀ 'ਚ ਹੀ ਜੀਵਨ ਬਸਰ ਕਰਨ 'ਚ ਯਕੀਨ ਰੱਖਦਾ ਸੀ ਅਤੇ ਰੋਟੀ-ਕੱਪੜੇ ਦੀਆਂ ਲੋੜਾਂ ਦੀ ਪੂਰਤੀ ਇਸਲਾਮ-ਧਾਰਕਾਂ ਦੀਆਂ ਟੋਪੀਆਂ ਸੀਊ ਕੇ ਵੇਚ ਕੇ ਕਰਦਾ ਹੁੰਦਾ ਸੀ। ਪਰੰਤੂ ਇਸ ਮੁਗ਼ਲ ਬਾਦਸ਼ਾਹ ਦਾ ਗੁਰੂ-ਘਰ ਨਾਲ ਸਭ ਤੋਂ ਜ਼ਿਆਦਾ ਆਢਾ ਲੱਗ ਗਿਆ ਜੋ ਕਿ ਸਾਰੇ ਧਰਮਾਂ ਦੇ ਲੋਕਾਂ ਦੇ ਪ੍ਰਸਪਰ ਪਿਆਰ- ਮੁਹੱਬਤ ਦਾ ਜ਼ੋਰਦਾਰ ਅਭਿਲਾਸ਼ੀ ਰਿਹਾ। ਉਸ ਨੇ ਕਸ਼ਮੀਰ ਦੇ ਪੰਡਤਾਂ ਨੂੰ ਜ਼ੋਰ-ਜ਼ਬਰ ਨਾਲ ਦੀਨ-ਇਸਲਾਮ ਦੇ ਦਾਇਰੇ 'ਚ ਨਾ ਲਿਆਉਣ ਲਈ ਆਖਣ ਬਦਲੇ ਸਿੱਖਾਂ ਦੇ ਨੌਵੇਂ ਗੁਰੂ ਜੀ ਨੂੰ ਉਨ੍ਹਾਂ ਦਾ ਸੀਸ ਕਲਮ ਕਰਵਾ ਕੇ ਸ਼ਹੀਦ ਕਰ ਦਿੱਤਾ। ਗੁਰੂ ਦਸਮੇਸ਼ ਜੀ ਨਾਲ ਵੀ ਉਹਦੀ ਸਦਾ ਟੱਕਰ ਰਹੀ ਜਿਨ੍ਹਾਂ ਦੇ ਅਨੇਕਾਂ ਚੰਗੇ ਮੁਸਲਮਾਨ ਪੈਰੋਕਾਰ ਤਕ ਸਨ। ਗੁਰੂ ਜੀ ਨੇ ਉਸ ਨੂੰ 'ਜ਼ਫ਼ਰਨਾਮੇ' 'ਚ ਸਪੱਸ਼ਟ ਕਿਹਾ ਸੀ ਕਿ ਤੂੰ ਖ਼ੁਦ ਨੂੰ ਦੀਨ ਈਮਾਨ ਵਾਲਾ ਮੁਸਲਮਾਨ ਸਮਝਣ ਦਾ ਭਰਮ ਪਾਲਦਾ ਹੈ, ਪਰੰਤੂ ਦੀਨ-ਈਮਾਨ ਦਾ

ਤੇਰੇ 'ਚ ਰੰਚਕ ਮਾਤਰ ਵੀ ਅੰਸ਼ ਨਹੀਂ।

ਔਰੰਗਜ਼ੇਬ ਤੋਂ ਮਗਰੋਂ ਬਾਦਸ਼ਾਹ ਫਰੁਖਸੀਅਰ ਨੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਿੱਖਾਂ ਨੂੰ ਘੋਰ ਬੇਰਹਿਮੀ ਨਾਲ ਸ਼ਹੀਦ ਕਰ ਕੇ ਖ਼ੁਦ ਇਸਲਾਮ ਦੀ ਸੇਵਾ ਕਰਨ ਦਾ ਭਰਮ ਪਾਲਿਆ ਸੀ।

ਦੂਸਰੇ ਵੱਡੇ ਘੱਲੂਘਾਰੇ ਨੂੰ ਅਹਿਮਦਸ਼ਾਹ ਅਬਦਾਲੀ ਵੱਲੋਂ ੫ ਫਰਵਰੀ, ੧੭੬੨ ਨੂੰ ਵਰਤਾਇਆ ਗਿਆ।

**ਤਤਕਾਲਿਕ ਪ੍ਰਸਥਿਤੀਆਂ ਅਤੇ ਕਾਰਨ**

ਅਹਿਮਦਸ਼ਾਹ ਅਬਦਾਲੀ ਨੇ ੧੭੬੧ 'ਚ ਪੰਜਾਬ 'ਚ ਆਪਣਾ ਗਵਰਨਰ ਨਿਯੁਕਤ ਕੀਤਾ। ਉਸ ਨੇ ਸਿੱਖਾਂ ਨੂੰ ਨੱਪ ਕੇ ਰੱਖਣ ਦੇ ਭਰਮ ਪਾਲੇ। ਪਰੰਤੂ ਗੁਰੂ ਦੇ ਸ਼ੇਰ ਦਲੇਰ ਤੇ ਸਾਹਸੀ ਸਿੰਘਾਂ ਨੇ ਉਸ ਨੂੰ ਲੜਾਈ 'ਚ ਹਾਰ ਤਾਂ ਦਿੱਤੀ ਹੀ ਇਸ ਦੇ ਨਾਲ ਸਗੋਂ ਉਸ ਨੂੰ ਮੈਦਾਨ-ਏ-ਜੰਗ 'ਚ ਜਾਨ ਤੋਂ ਵੀ ਖ਼ਤਮ ਕਰਨ 'ਚ ਸਫਲਤਾ ਹਾਸਲ ਕੀਤੀ। ਅਹਿਮਦਸ਼ਾਹ ਨੂੰ ਜਦੋਂ ਇਹ ਪਤਾ ਲੱਗਾ ਤਾਂ ਉਹ ਖਾਸਾ ਹੀ ਬੇਚੈਨ ਤੇ ਤਰਲੋਮੱਛੀ ਹੋਇਆ। ਉਹ ਦੀ ਜਗ੍ਹਾ ਉਸ ਨੇ ਨੂਰਦੀਨ ਬਾਮਜ਼ੀ ਨੂੰ ਪੰਜਾਬ ਦਾ ਗਵਰਨਰ ਬਣਾ ਕੇ ਘੱਲਿਆ। ਦਰਿਆ ਚਨਾਬ (ਝਨਾਂ) ਨੂੰ ਪਾਰ ਕਰਨ ਸਾਰ ਉਸ ਨੂੰ ਸੰਕਲਪੀ ਸਿੱਖ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਦਾ ਸਾਹਮਣਾ ਕਰਨਾ ਪਿਆ ਤਾਂ ਉਸ ਨੂੰ ਸਿੱਖਾਂ ਨੇ ਚੰਗੇ ਹੱਥ ਵਿਖਾਏ। ਬਲਕਿ ਇੰਨੇ ਜ਼ਿਆਦਾ ਕਿ ਉਸ ਨੂੰ ਨਾਨੀ ਚੇਤੇ ਕਰਾ ਦਿੱਤੀ। ਅਫ਼ਗਾਨ ਸਰਦਾਰ ਖ਼ੁਦ ਵੀ ਮਸਾਂ ਹੀ ਬਚ ਸਕਿਆ ਅਤੇ ਸਿਆਲਕੋਟ ਦੇ ਕਿਲ੍ਹੇ 'ਚ ਆ ਗਿਆ।

ਸਿੰਘਾਂ ਨੇ ਇਸ ਕਿਲ੍ਹੇ ਨੂੰ ਆ ਘੇਰਾ ਪਾਇਆ। ਇਹ ਘੇਰਾ ਕਈ ਦਿਨ ਪਾਈ ਰੱਖਿਆ। ਇਕ ਰਾਤ ਬਾਮਜ਼ੀ ਚੁੱਪ-ਚਾਪ ਕੰਨ ਵਲੇਟ ਕੇ ਬਚ ਕੇ ਜੰਮੂ ਦੀਆਂ ਪਹਾੜੀਆਂ ਨੂੰ ਨਿਕਲ ਗਿਆ। ਅਫ਼ਗਾਨ ਫੌਜੀ ਆਗੂ ਤੋਂ ਹੀਣੇ ਹੋ ਕੇ ਬੇਵਸੀ 'ਚ ਲੜਨ ਦਾ ਜੇਰਾ ਹੀ ਨਾ ਕਰ ਸਕੇ ਅਤੇ ਸਰਦਾਰ ਚੜ੍ਹਤ ਸਿੰਘ ਤੇ ਸਿੱਖ ਫੌਜ ਸਾਹਵੇਂ ਹਥਿਆਰ ਸੁੱਟਣ ਲਈ ਮਜ਼ਬੂਰ ਹੋ ਗਏ। ਅਹਿਮਦਸ਼ਾਹ ਅਬਦਾਲੀ ਵਾਸਤੇ ਇਸ ਨਮੋਸ਼ੀ ਭਰੀ ਹਾਰ ਨੂੰ ਸੁਣਨਾ ਅਸਹਿ ਸੀ।

ਲਾਹੌਰ 'ਚ ਅਬਦਾਲੀ ਵੱਲੋਂ ਥਾਪਿਆ ਗਵਰਨਰ ਖਵਾਜਾ ਉਬੈਦ ਖਾਨ ਸੀ। ਉਹ ਸਿੱਖਾਂ ਵਿਰੁੱਧ ਮਨ ਹੀ ਮਨ ਜ਼ਹਿਰ ਘੋਲਣ ਲੱਗਾ। ਤੈਸ਼ 'ਚ ਆ ਕਰਕੇ ਉਸ ਨੇ ਸਿੱਖਾਂ ਨਾਲ ਸਿੱਝਣ ਲਈ ਭਾਰ ਫੌਜ ਇਕੱਤ੍ਰਿਤ ਕੀਤੀ ਅਤੇ ਹੱਲਾ ਬੋਲ ਦਿੱਤਾ। ਅਜੀਬ ਗੱਲ ਇਹ ਸੀ ਕਿ ਉਬੈਦ ਖਾਨ ਦੀ ਫੌਜ 'ਚ ਸਿੱਖ ਫੌਜੀ ਵੀ ਸ਼ਾਮਿਲ ਸਨ। ਇਸ ਸਮੇਂ ਉਹ ਆਪਣੇ ਸਿੱਖ ਭਰਾਵਾਂ ਨਾਲ ਰਲ ਗਏ। ਉਬੈਦ ਖਾਨ ਦੀ ਸਿੱਖਾਂ ਅੱਗੇ ਜ਼ਰਾ ਵੀ ਪੇਸ਼ ਨਾ ਜਾ ਸਕੀ ਅਤੇ ਉਸ ਨੂੰ ਹਥਿਆਰ ਸੁੱਟਣ ਲਈ ਮਜ਼ਬੂਰ ਹੋਣਾ ਪਿਆ। ਸਿੱਖਾਂ ਦੀ ਇਹ ਇਕ ਬਹੁਤ ਹੀ ਵੱਡੀਆਂ ਪ੍ਰਾਪਤੀਆਂ ਵਾਲੀ ਜਿੱਤ ਹੋ

ਨਿਬੜੀ। ਹੁਣ ਲਾਹੌਰ ਦਾ ਤਖ਼ਤ ਗੁਰੂ ਦੇ ਸਿੱਖਾਂ ਦੇ ਬੈਠਣ ਲਈ ਹਾਜ਼ਰ ਸੀ। ਸਿੱਖਾਂ ਨੇ ਇਸ ਤਖ਼ਤ 'ਤੇ ਸਰਦਾਰ ਜੱਸਾ ਸਿੰਘ ਨੂੰ ਬਿਠਾਉਣ ਦਾ ਮਾਣ-ਸਨਮਾਨ ਭਰਿਆ ਸੁਅਵਸਰ ਦਿੱਤਾ, ਕਿਉਂਕਿ ਉਨ੍ਹਾਂ ਦਾ ਹਰਮਨ-ਪਿਆਰਾ ਸਮਰੱਥ ਤੇ ਕਾਬਿਲ ਆਗੂ ਸੀ। ਉਹ ਸਿੱਖਾਂ ਦਾ 'ਸੁਲਤਾਨ-ਉਲ-ਕੌਮ ਅਖਵਾਇਆ। ਹੁਣ ਪੰਜਾਬ ਦਾ ਵੱਡਾ ਹਿੱਸਾ ਗੁਰੂ ਦੇ ਨਾਮ-ਲੇਵਾ ਸਿੱਖਾਂ ਦੇ ਨਿਰਮਲ ਹੱਥਾਂ 'ਚ ਆ ਗਿਆ ਸੀ। ਅਹਿਮਦਸ਼ਾਹ ਲਈ ਇਹ ਸਭ ਕੁਝ ਸੁਣਨਾ ਅਸਹਿ ਸੀ, ਪਰੰਤੂ ਉਹ ਹਾਲ ਦੀ ਘੜੀ ਮਨ ਮਸੋਸ ਕੇ ਰਹਿ ਗਿਆ।

ਨਿਰੰਜਨੀ ਸੰਪਰਦਾ ਸਮੁੱਚੇ ਤੌਰ 'ਤੇ ਸਿੱਖਾਂ ਦੇ ਵਿਰੁੱਧ ਹਰ ਤਰ੍ਹਾਂ ਉਨ੍ਹਾਂ ਨੂੰ ਮਾਰਨ ਉਜਾੜਨ 'ਤੇ ਉਤਾਰੂ ਹੋਈ ਪਈ ਸੀ। ਇਸ ਦਾ ਇਸ ਸਮੇਂ ਆਗੂ ਆਕਿਲ ਦਾਸ ਤਾਂ ਦਿਨ-ਰਾਤ ਸਿੱਖਾਂ ਨੂੰ ਖ਼ਤਮ ਕਰਨ ਦੀਆਂ ਸੋਚਾਂ ਤੇ ਗੋਂਦਾਂ ਹੀ ਗੁੰਦ ਰਿਹਾ ਸੀ। ਸਿੱਖਾਂ ਦੀ ਨਿਤ ਵੱਧਦੀ ਸ਼ਕਤੀ ਤੋਂ ਉਹ ਖੌਫਜ਼ਦਾ ਹੋਇਆ ਪਿਆ ਸੀ ਅਤੇ ਉਸ ਨੂੰ ਆਪਣਾ ਅੰਤ ਅਤੇ ਆਪਣੀ ਸੰਪਰਦਾ ਦਾ ਖਾਤਮਾ ਨੇੜੇ ਵਿਖਾਈ ਦੇਣ ਲੱਗ ਪਿਆ ਸੀ। ਉਸ ਨੂੰ ਆਪਣੀਆਂ ਕੀਤੀਆਂ ਦਾ ਪਾਲਾ ਮਾਰ ਰਿਹਾ ਸੀ। ਅਜਿਹੇ ਹਾਲਾਤ 'ਚ ਉਸ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਸਿੱਖ ਸਮੂਹ ਸਬੰਧੀ ਸੂਚਨਾ ਭਿਜਵਾਉਣ ਵਾਸਤੇ ਖਾਸ ਪ੍ਰਬੰਧ ਕੀਤਾ ਕਿ ਜਿਵੇਂ-ਕਿਵੇਂ ਸਿੱਖਾਂ ਤੋਂ ਉਹਨੂੰ ਬਚਾਇਆ ਜਾਵੇ। ਹਿੰਦੁਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਦੁਆਰਾ ਪਹਿਲਾਂ ਹੀ ਸਿੱਖਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦਾ ਇਰਾਦਾ ਸ਼ਾਹੀ ਫੁਰਮਾਨ 'ਚ ਚੱਲਦਾ ਆ ਰਿਹਾ ਸੀ।

ਜਨਵਰੀ ੧੭੬੨ ਨੂੰ ਸਿੰਘਾਂ ਨੇ ਆਕਿਲ ਦਾਸ ਨੂੰ ਘੇਰ ਲਿਆ। ਉਸ ਨੇ ਆਪਣਾ ਅੰਤਰੀਵ ਸੁਰੱਖਿਆ ਪ੍ਰਬੰਧ ਬਹੁਤ ਕਰੜਾ ਕਰ ਕੇ ਆਪਣੇ ਆਪ ਨੂੰ ਜਿਵੇਂ-ਕਿਵੇਂ ਬਚਾਈ ਰੱਖਿਆ। ਅਬਦਾਲੀ ਨੂੰ ਆਕਿਲ ਦਾਸ ਦਾ ਸੁਨੇਹਾ ਮਿਲਿਆ। ਉਹ ਤਾਂ ਦਿਨ-ਰਾਤ ਸਿੱਖਾਂ ਨੂੰ ਖ਼ਤਮ ਕਰਨ ਤੋਂ ਇਲਾਵਾ ਹੋਰ ਕੁਝ ਸੋਚ ਹੀ ਨਹੀਂ ਸੀ ਰਿਹਾ। ਇਹੀ ਨਹੀਂ ਉਹ ਪਹਿਲਾਂ ਹੀ ਪੰਜਾਬ ਵੱਲ ਚਾਲੇ ਪਾ ਚੁੱਕਾ ਸੀ। ਸਿੰਘਾਂ ਨੂੰ ਵੀ ਅਬਦਾਲੀ ਦੇ ਮਾਰੋ-ਮਾਰ ਕਰਦੇ ਆਉਣ ਦੀ ਸੂਹ ਮਿਲ ਗਈ ਸੀ। ਆਕਿਲ ਦਾਸ ਦੀ ਖ਼ੁਫੀਆ ਖ਼ਬਰ ਦਾ ਵੀ ਉਨ੍ਹਾਂ ਨੂੰ ਇਲਮ ਸੀ। ਅਬਦਾਲੀ ਨੂੰ ਸਿੱਖਾਂ ਦੇ ਵੱਡੀ ਗਿਣਤੀ 'ਚ ਇਕੱਠੇ ਹੋ ਕੇ ਸਮੂਹ ਦੇ ਰੂਪ 'ਚ ਨਾਮਵਰ ਸਿੱਖ ਸਰਦਾਰਾਂ ਦੀ ਰੱਖਿਆ-ਸੁਰੱਖਿਆ 'ਚ ਹੋਣ ਦੀ ਪੱਕੀ ਖ਼ਬਰ ਨੇ ਅਬਦਾਲੀ ਨੂੰ ਪੱਬਾਂ ਭਾਰ ਕਰ ਦਿੱਤਾ। ਉਸ ਨੇ ਆਪਣੀ ਫੌਜ ਨੂੰ ਵੱਧ ਤੋਂ ਵੱਧ ਤੇਜ਼ ਗਤੀ ਨਾਲ ਪੰਜਾਬ ਵੱਲ ਰਵਾਨਾ ਹੋਣ ਦਾ ਹੁਕਮ ਕਰ ਦਿੱਤਾ। ਸਿੱਖ ਸਮੂਹ ਹਜ਼ਾਰਾਂ ਦੀ ਗਿਣਤੀ 'ਚ ਕਈ ਸਿੱਖ ਸਰਦਾਰਾਂ ਤੇ ਉਨ੍ਹਾਂ ਦੀਆਂ ਫੌਜਾਂ ਦੀ ਰੱਖਿਆ-ਸੁਰੱਖਿਆ ਅਧੀਨ ਸੀ। ਲੱਗਭਗ ਤੀਹ ਹਜ਼ਾਰ ਦੀ ਗਿਣਤੀ ਦਾ ਅਨੁਮਾਨ ਹੈ। ਅਣਗਿਣਤ ਹੀ ਸਿੱਖ ਪਰਵਾਰ ਸਨ। ਇਸਤਰੀਆਂ, ਬੱਚੇ ਅਤੇ ਬਜ਼ੁਰਗ ਵੀ ਸਨ। ਇਹ ਅਤਿਅੰਤ ਕਠਿਨ ਹਾਲਤ ਬਣ ਗਈ ਜੋ ਕਿ ਪਹਿਲੇ

ਘੱਲੂਘਾਰੇ ਸਮੇਂ ਬਣੀ ਹਾਲਤ ਤੋਂ ਵੀ ਵਧੇਰੇ ਬਿਖਮ ਤੇ ਜਟਿਲ ਸੀ। ਪਰੰਤੂ ਜੰਗਲਾਂ 'ਚ ਵਾਸ ਕਰਨ ਦੇ ਆਦੀ ਸਿੱਖ ਯੋਧੇ ਇਸ ਅਤਿਅੰਤ ਬਿਖਮ ਹਾਲਤ ਦਾ ਟਾਕਰਾ ਕਰਨ ਲਈ ਤਿਆਰ ਸਨ। ਇਹ ਯਾਦ ਰਹੇ ਕਿ ਗੁਰੂ ਕੇ ਸਿੱਖਾਂ ਨੇ ਤਾਂ ਉਹ ਵੀ ਲੰਮੇਰਾ ਵਕਤ ਵੇਖਿਆ ਸੀ ਜਦੋਂ ਉਨ੍ਹਾਂ ਦਾ ਕੋਈ ਆਗੂ ਵੀ ਨਹੀਂ ਸੀ ਅਤੇ ਉਹ ਜੰਗਲਾਂ 'ਚ ਦਿਨ-ਕਟੀ ਕਰਦੇ ਰਹੇ ਸਨ। ਪਰੰਤੂ ਉਦੋਂ ਪਰਵਾਰਾਂ ਦੀ ਸੁਰੱਖਿਆ ਦੀ ਚਿੰਤਾ ਬਹੁਤੀ ਨਹੀਂ ਸੀ ਹੁੰਦੀ।

ਇਸ ਔਖੀ ਘੜੀ 'ਚ ਸਿੱਖ ਜੋਧਿਆਂ ਅਤੇ ਸਿੱਖ ਸਰਦਾਰਾਂ ਨੇ ਅਬਦਾਲੀ ਦਾ ਟਾਕਰਾ ਡਟ ਕੇ ਕਰਨ ਦਾ ਇਰਾਦਾ ਕੀਤਾ, ਜੋ ਕਿ ਉਨ੍ਹਾਂ ਦੇ ਅਕਾਲ ਪੁਰਖ ਦੀ ਸ਼ਕਤੀ ਅਤੇ ਹਰ ਹਾਲਤ 'ਚ ਅਨੰਦ-ਪ੍ਰਸੰਨ ਰਹਿਣ ਦੇ ਬਣੇ ਹੋਏ ਸੁਭਾਅ ਦਾ ਸਿੱਟਾ ਸੀ। ਉਨ੍ਹਾਂ ਦੇ ਮਨਾਂ 'ਚ ਹੁਣ ਤਕ ਦਾ ਗੁਰੂ ਸਾਹਿਬਾਨ ਅਤੇ ਅਣਗਿਣਤ ਹੀ ਸਿੱਖ ਸ਼ਹੀਦਾਂ ਦਾ ਸ਼ਹੀਦੀਆਂ ਪ੍ਰਾਪਤ ਕਰਨ ਦੀ ਅਤਿ ਵਿਆਪਕ ਵਿਰਾਸਤ ਵੀ ਤਾਂ ਸੀ। ਹੌਂਸਲਾ ਹਾਰ ਕੇ ਕੋਈ ਹੱਲ ਥੋੜਾ ਨਿਕਲ ਸਕਦਾ ਹੈ। ਸਿੱਖ ਸਰਦਾਰਾਂ ਨੇ ਇਕੱਠੇ ਹੋ ਕੇ ਡੂੰਘੀਆਂ ਵਿਚਾਰਾਂ ਕੀਤੀਆਂ ਅਤੇ ਸਰਬਸੰਮਤੀ ਨਾਲ ਵੱਡੇ ਫੈਸਲੇ ਲਏ।

ਹੁਣ ਤਕ ਤਾਂ ਸਿੱਖ ਵੱਡੇ ਪੱਧਰ 'ਤੇ 'ਦੁਸ਼ਮਣ ਨੂੰ ਮਾਰੋ ਤੇ ਭੱਜ ਜਾਓ' ਦਾ ਪੈਂਤੜਾ ਹੀ ਸਭ ਤੋਂ ਵੱਧ ਵਰਤਦੇ ਰਹੇ ਸਨ। ਪਰੰਤੂ ਇਸ ਮੌਜੂਦਾ ਹਾਲਤ 'ਚ ਇਹ ਪੈਂਤੜਾ ਵਰਤਿਆ ਨਹੀਂ ਸੀ ਜਾ ਸਕਦਾ। ਪਰਵਾਰਾਂ ਨੂੰ, ਸਮੁੱਚੇ ਸਿੱਖ ਪੰਥ ਨੂੰ ਬਚਾਉਣ ਦਾ ਮਸਲਾ ਸੀ। ਸੋ ਫੈਸਲਾ ਹੋਇਆ ਕਿ ਹੋਣ ਵਾਲੇ ਹਮਲੇ ਦਾ ਡਟ ਕੇ ਟਾਕਰਾ ਕੀਤਾ ਜਾਵੇਗਾ। ਪਰਵਾਰਾਂ ਨੂੰ ਵਿਚਕਾਰ ਸੁਰੱਖਿਅਤ ਥਾਈਂ ਰੱਖ ਕੇ ਅੱਗੇ ਵੱਧਦੇ ਜਾਵਾਂਗੇ। ਦੁਸ਼ਮਣਾਂ ਨੂੰ ਵੀ ਮਾਰਾਂਗੇ ਪਰ ਟਿਕਵੀਂ ਚਾਲ ਨਾਲ ਹੀ ਅੱਗੇ ਦੀ ਅੱਗੇ ਤੁਰੇ ਚੱਲਾਂਗੇ। ਸਿੱਖ ਸਰਦਾਰਾਂ 'ਚ ਪੂਰੀ ਪ੍ਰਸਪਰ ਸਮਝਦਾਰੀ ਅਤੇ ਇਕ-ਦੂਜੇ ਦੀ ਰਾਏ ਦੀ ਕਦਰ ਕਰਨ ਦਾ ਤੱਤ ਵੀ ਗੁਰੂ-ਕਿਰਪਾ ਸਦਕਾ ਭਰਪੂਰ ਸੀ। ਸਭ ਸਿੱਖ ਸਰਦਾਰਾਂ ਨੇ ਸਤਿਕਾਰਤ ਸ਼ਖ਼ਸੀਅਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸਰਪ੍ਰਸਤੀ 'ਚ ਇਸ ਵੱਡੀ ਸਮੱਸਿਆ ਨਾਲ ਨਜਿੱਠਣ ਦਾ ਸੁਘੜ ਫੈਸਲਾ ਸਰਬਸੰਮਤੀ ਨਾਲ ਲਿਆ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ, ਸਰਦਾਰ ਸ਼ਾਮ ਸਿੰਘ ਕਰੋੜਸਿੰਘੀਆ ਜਿਹੇ ਅਤਿ ਸੂਰਬੀਰ ਤੇ ਦੂਰਅੰਦੇਸ਼ ਸਿੱਖ ਸਰਦਾਰ ਔਖੀ ਸਥਿਤੀ 'ਚ ਵੀ ਪੂਰੀ ਤਰ੍ਹਾਂ ਅਡੋਲ ਰਹੇ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਨੇ ਆਪਣੀਆਂ ਫੌਜਾਂ ਦੇ ਸਿੰਘਾਂ ਨੂੰ ਬੱਚਿਆਂ, ਬੀਬੀਆਂ ਅਤੇ ਬਿਰਧਾਂ ਦੇ ਚੌਗਿਰਦੇ ਗੋਲ ਘੇਰਾ ਬਣਾਉਣ ਦਾ ਆਦੇਸ਼-ਨਿਰਦੇਸ਼ ਜਾਰੀ ਕੀਤਾ ਅਤੇ ਇਹ ਹੁਕਮ ਕੀਤਾ ਕਿ ਇੱਥੋਂ ਤੁਰ ਕੇ ਬਰਨਾਲੇ ਵੱਲ ਦਾ ਰੁਖ਼ ਕੀਤਾ ਜਾਵੇ। ਇਹ ਔਖੀ ਬਿਪਤਾ ਦੇ ਵਕਤ ਸਹਿਜ, ਸਮਤੋਲ ਅਤੇ ਮਨ ਦੀ ਅਡੋਲਤਾ 'ਚੋਂ ਸੁੱਝਿਆ ਕਰਨਯੋਗ ਅਮਲ ਸੀ। ਇਹ ਅਬਦਾਲੀ

ਦੀਆਂ ਹਮਲਾਵਰ ਫੌਜਾਂ ਦੀ ਮਾਰ ਤੋਂ ਬਚਾਉਣ ਦਾ ਕਾਫੀ ਕਾਰਗਰ ਤਰੀਕਾ ਸਾਬਿਤ ਹੋਇਆ।

ਅਬਦਾਲੀ ਦੀਆਂ ਫੌਜਾਂ ਨੇ ਜ਼ੋਰਦਾਰ ਹਮਲਾ ਕੀਤਾ, ਪਰੰਤੂ ਉਨ੍ਹਾਂ ਦੇ ਹਮਲੇ ਦੀ ਮਾਰ ਯਕੀਨੀ ਰੂਪ 'ਚ ਉਨ੍ਹਾਂ ਦੀ ਅਭਿਲਾਸ਼ਾ ਅਤੇ ਬੁਰੀ ਅਕਾਂਖਿਆ ਦੇ ਮੁਤਾਬਿਕ ਨਾ ਸਿੱਧ ਹੋ ਸਕੀ। ਸਿੱਖ ਫੌਜਾਂ ਦੀ ਇਹ ਰੱਖਿਅਕ ਕਤਾਰਬੰਦੀ ਕਾਫੀ ਸਮੇਂ ਤਕ ਗੋਲ ਆਕਾਰ ਦੀ ਇਕ ਮਜ਼ਬੂਤ ਕਿਲ੍ਹੇ ਦੀ ਦੀਵਾਰ ਦਾ ਕੰਮ ਕਰ ਰਹੀ ਸੀ।

ਹਮਲੇ ਸਮੇਂ ਸਿੱਖਾਂ ਦਾ ਸਮੂਹ ਮਲੇਰਕੋਟਲੇ ਤੋਂ ੧੨ ਕੁ ਕਿਲੋਮੀਟਰ ਦੂਰ ਸਥਿਤ ਕੁੱਪ ਰਹੀੜੇ ਨਾਮਕ ਪਿੰਡ ਤੇ ਇਹਦੇ ਆਲੇ-ਦੁਆਲੇ ਦੀਆਂ ਜੂਹਾਂ 'ਚ ਮਿਲਿਆ। ਅਬਦਾਲੀ ਦੀਆਂ ਫੌਜਾਂ ਉਹਦੀ ਖ਼ੁਦ ਦੀ ਮੌਜੂਦਗੀ ਅਤੇ ਉਹਦੇ ਜਬਰਦਸਤ ਸੈਨਾਪਤੀਆਂ ਦੀ ਨਿਰਦੇਸ਼ਨਾ ਮੁਤਾਬਿਕ ਹਮਲਿਆਂ 'ਤੇ ਹਮਲੇ ਕਰਦੇ ਚਲੀਆਂ ਗਈਆਂ। ਸਿੱਖ ਸਮੂਹ ਨੂੰ ਵਿਚਕਾਰ ਸੁਰੱਖਿਅਤ ਸਥਾਨ 'ਤੇ ਰੱਖ ਕੇ ਕੁਝ ਸਮਾਂ ਅੱਗੇ ਵਧਣ 'ਚ ਸਫਲਤਾ ਮਿਲਦੀ ਰਹੀ। ਸਿੰਘ ਇਸ ਅਤਿ ਕਰੜੀ ਤੇ ਫਸਵੀਂ ਬਚਾਅ ਦੀ ਲੜਾਈ 'ਚ ਜਾਨਾਂ ਹੂਲ ਕੇ ਹਮਲੇ ਦਾ ਸਾਹਮਣਾ ਕਰਦੇ ਰਹੇ ਅਤੇ ਸ਼ਹੀਦੀਆਂ ਪਾਉਂਦੇ ਰਹੇ।

ਵੈਸੇ ਤਾਂ ਬਹੁਤ ਸਮਾਂ ਸਿੱਖ ਸਮੂਹ ਅੱਗੇ ਦੀ ਅੱਗੇ ਵੱਧਦਾ ਰਿਹਾ, ਪਰ ਜਿੱਥੇ ਅਫ਼ਗ਼ਾਨਾਂ ਦਾ ਹਮਲਾ ਜ਼ਿਆਦਾ ਹੀ ਤੇਜ਼ ਹੋ ਜਾਂਦਾ, ਉੱਥੇ ਸਿੰਘ ਕੁਝ ਸਮੇਂ ਲਈ ਇੱਕੋ ਥਾਂ 'ਤੇ ਟਿਕ ਕੇ ਜ਼ੋਰਦਾਰ ਰੂਪ 'ਚ ਲੜਨ ਦਾ ਪੈਂਤੜਾ ਵੀ ਅਪਨਾਅ ਲੈਂਦੇ। ਇਕ ਵਾਰ ਤਾਂ ਅਬਦਾਲੀ ਸਿੰਘਾਂ ਦੀ ਇੰਨੀ ਜ਼ੋਰਦਾਰ ਰੱਖਿਆਤਮਕ ਯੁੱਧ-ਨੀਤੀ ਨੂੰ ਅਮਲ 'ਚ ਲਿਆਂਦੀ ਜਾਂਦੀ ਵੇਖ ਕੇ ਹੈਰਾਨ ਵੀ ਹੋਇਆ। ਸਿੱਖ ਸੈਨਾਪਤੀ ਖ਼ੁਦ ਵੀ ਯੁੱਧ 'ਚ ਸਿੱਧੇ ਤੌਰ 'ਤੇ ਨੇਜ਼ਿਆਂ ਅਤੇ ਕਿਰਪਾਨਾਂ ਨਾਲ ਅਫ਼ਗ਼ਾਨਾਂ ਨੂੰ ਚਿੱਤ ਕਰ ਰਹੇ ਸਨ।

ਦੁਪਹਿਰ ਢਲਣ 'ਤੇ ਅਬਦਾਲੀ ਨੇ ਗੁੱਸੇ ਤੇ ਰੋਹ 'ਚ ਆਪਣੇ ਸੈਨਾਪਤੀਆਂ ਨੂੰ ਪੂਰਾ ਜ਼ੋਰ ਲਾ ਦੇਣ ਦੇ ਹੁਕਮ ਜਾਰੀ ਕੀਤੇ। ਸਿੱਟੇ ਵਜੋਂ ਅਫ਼ਗ਼ਾਨ ਸਿੱਖ ਯੋਧਿਆਂ ਦੁਆਰਾ ਉਸਾਰੀ ਰਖਿਆਤਮਕ ਕਿਲ੍ਹਾਨੁਮਾ ਦੀਵਾਰ ਨੂੰ ਤੋੜਨ 'ਚ ਕਾਮਯਾਬ ਹੋ ਗਿਆ। ਸਿੱਖ ਲੜਾਕੇ ਵੀ ਲੜਦੇ ਤਾਂ ਰਹੇ, ਪਰੰਤੂ ਅਫ਼ਗ਼ਾਨਾਂ ਦੀ ਪਹੁੰਚ ਸਾਧਾਰਨ ਸਿੱਖ ਸਮੂਹ, ਸਿੱਖ ਪਰਵਾਰਾਂ ਬੱਚਿਆਂ, ਇਸਤਰੀਆਂ ਅਤੇ ਬਜ਼ੁਰਗਾਂ ਤਕ ਹੋ ਗਈ। ਫਿਰ ਕੀ ਸੀ! ਕੁੱਪ ਰਹੀੜੇ ਤੇ ਇਸ ਦੇ ਆਲੇ-ਦੁਆਲੇ ਦੇ ਖੇਤਰ 'ਚ ਸਿੱਖ ਜਨ-ਸਮੂਹ ਦੀਆਂ ਖ਼ੂਨ ਦੀਆ ਨਦੀਆਂ ਵਗ ਤੁਰੀਆਂ। ਇਸ ਸਥਿਤੀ 'ਚ ਵੀ ਹਮਲੇ ਦੀ ਮਾਰ ਤੋਂ ਬਚ ਗਏ ਸਿੱਖਾਂ ਨੇ ਅਗਾਂਹ ਨੂੰ ਵਧਣਾ ਜਾਰੀ ਰੱਖਿਆ। ਦੋਨੋਂ ਪਾਸਿਆਂ ਦੀਆਂ ਫੌਜਾਂ ਥੱਕ ਚੁੱਕੀਆਂ ਸਨ। ਹਨੇਰਾ ਉਤਰ ਆਉਣ 'ਤੇ ਹੀ ਯੁੱਧ ਅਤੇ ਸਿੱਖ ਜਨ-ਸਮੂਹ ਦੇ ਕਤਲ-ਏ-ਆਮ ਨੂੰ ਵਿਰਾਮ ਲੱਗ ਸਕਿਆ। ਜਿਵੇਂ ਕਿ ਪਹਿਲਾਂ ਵੀ ਉਲੇਖ ਹੋ ਚੁੱਕਾ ਹੈ ਜਾਨੀ ਨੁਕਸਾਨ ਦੀ ਸਹੀ ਗਿਣਤੀ ਕੀਤੀ ਜਾਣੀ ਸੰਭਵ ਹੀ ਨਹੀਂ ਸੀ। ਮ੍ਰਿਤਕ ਦੇਹਾਂ ਨੂੰ ਸਮੇਟਣ ਲਈ ਕੀ ਕੀ ਉਪਰਾਲੇ ਹੋਏ ਹੋਣਗੇ— ਇਹ ਸਭ ਕੁਝ

ਨਿਸਚਿਤ ਰੂਪ 'ਚ ਕਹਿਣਾ ਨਾਮੁਮਕਿਨ ਹੈ। ਹੋ ਗਏ ਜਾਨੀ ਨੁਕਸਾਨ ਦੀ ਪੂਰਤੀ ਤਾਂ ਵਕਤ ਨਾਲ ਹੀ ਹੋਣੀ ਸੀ। ਇਸ ਨੁਕਸਾਨ ਦਾ ਸਿੱਖ ਸਰਦਾਰਾਂ ਨੂੰ ਕੋਈ ਦੁੱਖ ਨਹੀਂ ਸੀ ਜਾਂ ਸਿੱਖ ਸਮੁਦਾਇ ਨੂੰ ਇਸ ਦਾ ਦੁੱਖ ਨਹੀਂ ਸੀ। ਇਹ ਕਹਿ ਜਾਂ ਲਿਖ ਦੇਣਾ ਸ਼ਾਇਦ ਅਤਿਕਥਨੀ ਅਤੇ ਸਵੈ-ਭਰਮ ਉਪਜਾਉਣ ਵਾਲੀ ਗੱਲ ਹੋਵੇਗੀ। ਪਰੰਤੂ ਜੋ ਹੋ ਗਿਆ ਉਹ ਤਾਂ ਹੋ ਹੀ ਚੁੱਕਾ ਸੀ। ਹੁਣ ਸਿਰਫ਼ ਦੁੱਖ ਹੀ ਮਹਿਸੂਸ ਕਰਨ ਅਤੇ ਇਕ-ਦੂਜੇ ਨਾਲ ਜ਼ਾਹਿਰ ਕਰਨ ਦਾ ਕੋਈ ਬਹੁਤਾ ਲਾਭ ਤਾਂ ਹੋਣਾ ਨਹੀਂ ਸੀ। ਸਿੱਖ ਸਮੁਦਾਇ ਦੇ ਉਸ ਵੇਲੇ ਦੇ ਆਮ ਸਾਧਾਰਨ ਲੋਕ ਜ਼ਰੂਰ ਹੀ ਆਪਣੇ ਵਿੱਛੜੇ ਜੀਆਂ ਨੂੰ ਯਾਦ ਕਰਦੇ ਰਹੇ ਹੋਣਗੇ। ਪਰੰਤੂ ਵਧੇਰੇ ਮਹੱਤਵਪੂਰਨ ਵਿਕਲਪ ਇਸ ਦੇ ਦੁੱਖ 'ਚੋਂ ਉੱਭਰਨਾ ਅਤੇ ਸਿੱਖ ਸਮੁਦਾਇ ਨੂੰ ਮੁੜ ਜ਼ਿੰਦਗੀ ਜੀਣ ਦੀ ਆਸ਼ਾਵਾਦੀ ਦਿਸ਼ਾ ਵੱਲ ਤੋਰਨਾ ਸੀ। ਇਸੇ ਸੰਦਰਭ 'ਚ ਇੱਕ ਸਿੱਖ ਵਿਦਵਾਨ ਦਾ ਇਹ ਕਥਨ ਮਹੱਤਵਪੂਰਨ ਹੈ ਕਿ—

"ਇਹ ਮਹਾਨ ਸਾਕਾ ਸਿੱਖ ਇਤਿਹਾਸ ਵਿਚ ਵੱਡੇ ਘਲੂਘਾਰੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਿੱਖ ਕੌਮ ਉੱਤੇ ਇਹ ਇਕ ਕਰਾਰੀ ਸੱਟ ਸੀ ਕਿ ਇੱਕ ਦਿਨ ਵਿਚ ਤਕਰੀਬਨ ਅੱਧੀ ਕੌਮ ਸ਼ਹੀਦ ਹੋ ਜਾਵੇ। ਕੋਈ ਵੀ ਸਰਦਾਰ ਨਹੀਂ ਸੀ ਜੋ ਜ਼ਖ਼ਮੀ ਨਾ ਹੋਇਆ ਹੋਵੇ, ਪਰ ਸਿੰਘ ਇਤਨਾ ਕੁਝ ਹੋਣ ਦੇ ਬਾਵਜੂਦ ਵੀ ਘਬਰਾਏ ਨਹੀਂ, ਡਰੇ ਨਹੀਂ, ਬਲਕਿ ਘਟਨਾ ਤੋਂ ਤਿੰਨ ਮਹੀਨੇ ਬਾਅਦ ਹੀ ਸਰਹੰਦ ਦੇ ਜ਼ੈਨ ਖ਼ਾਨ ਉੱਪਰ ਹਮਲਾ ਕਰਨਾ, ਉਨ੍ਹਾਂ ਦਾ ਆਪਣੀ ਚੜ੍ਹਦੀ ਕਲਾ ਦਾ ਸਬੂਤ ਹੈ।" (ਲੇਖ *ਗੁਰਮਤਿ ਪ੍ਰਕਾਸ਼* ਫਰਵਰੀ ੨੦੦੨, ਗਿਆਨੀ ਨਰਿੰਦਰ ਸਿੰਘ)

ਇਹ ਦੋਵੇਂ ਘੱਲੂਘਾਰੇ ਸਿੱਖਾਂ ਨਾਲ ਬਦੇਸ਼ੀ ਮੂਲ ਦੇ ਲੋਕਾਂ ਨੇ ਵਰਤਾਏ ਜਿਨ੍ਹਾਂ ਵਿਰੁੱਧ ਬਹੁਤ ਰੋਸ ਨਹੀਂ ਕੀਤਾ ਜਾ ਸਕਦਾ। ਪਰੰਤੂ ਇਕ ਸਾਕਾ ਸਿੱਖ ਪੰਥ ਉੱਪਰ ਸੰਨ ੧੯੮੪ 'ਚ ਸਾਡੇ ਦੇਸ਼ ਦੇ ਆਪਣੇ ਸਮਝੇ ਜਾਣ ਵਾਲੇ ਉਸ ਸਮੇਂ ਦੀ ਹਾਕਮ ਪਾਰਟੀ ਨਾਲ ਸਬੰਧਿਤ ਲੋਕਾਂ ਨੇ ਦਿੱਲੀ ਦੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਉਕਸਾਹਟ ਅਤੇ ਸ਼ਹਿ ਦੇ ਕੇ ਵਰਤਾਇਆ ਜਿਸ ਦਾ ਰੋਸ ਕਦੇ ਵੀ ਮਿਟ ਨਹੀਂ ਸਕਦਾ। ਸਾਨੂੰ ਆਉਣ ਵਾਲੇ ਸਮੇਂ 'ਚ ਵੀ ਖ਼ੁਦ ਨੂੰ ਬਹੁਤ ਸੁਚੇਤ ਅਤੇ ਜਥੇਬੰਦ ਰੱਖਣਾ ਪਵੇਗਾ ਤਾਂ ਕਿ ਅਜਿਹਾ ਕੋਈ ਹੋਰ ਸਾਕਾ ਸਿੱਖ ਪੰਥ ਨਾਲ ਕਿਸੇ ਵੱਲੋਂ ਨਾ ਵਰਤਾਇਆ ਜਾ ਸਕੇ। ਦੂਸਰੀ ਗੱਲ ਅਜਿਹੀ ਵੱਡੇ ਸਾਕਿਆਂ ਨੂੰ ਗੰਭੀਰ ਸੈਮੀਨਾਰ ਅਤੇ ਵਿਚਾਰ-ਗੋਸ਼ਟੀਆਂ ਕਰ ਕੇ ਅਤੇ ਉਸ ਵਿਚ ਹੋਈਆਂ ਵਿਚਾਰਾਂ ਨੂੰ ਵਰਤਮਾਨ ਗੁਰੂ ਨਾਨਕ ਨਾਮ-ਲੇਵਾ ਸਿੱਖਾਂ ਤਕ ਪਹੁੰਚਾ ਕੇ ਮਨਾਉਣਾ ਵਧੇਰੇ ਯੋਗ ਅਤੇ ਚੰਗੇ ਸਿੱਟੇ ਦੇਣ ਵਾਲਾ ਅਮਲ ਹੋ ਸਕਦਾ ਹੈ। ■

# ਅਕਾਲੀ ਮੋਰਚੇ ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ

*-ਸ. ਸਤਵਿੰਦਰ ਸਿੰਘ ਫੂਲਪੁਰ**

'ਮੋਰਚਾ' ਫ਼ਾਰਸੀ ਮੂਲ ਦੇ ਦੋ ਸ਼ਬਦਾਂ ਮੂਰਚਾਲ ਅਤੇ ਮੂਰਚਾਨਾ ਦਾ ਸਾਂਝਾ ਪੰਜਾਬੀ ਰੂਪ ਹੈ। 'ਫ਼ਾਰਸੀ-ਪੰਜਾਬੀ ਕੋਸ਼' ਅਨੁਸਾਰ ਮੂਰਚਾਲ ਦੇ ਅਰਥ ਹਨ: ਕਿਲ੍ਹੇ ਦੁਆਲੇ ਪੁੱਟਿਆ ਟੋਆ ਜਾਂ ਖਾਈ ਅਤੇ ਮੂਰਚਾਨਾ ਦੇ ਅਰਥ ਹਨ: ਛੋਟੀ ਕੀੜੀ, ਤੁੱਛ, ਕਮਜ਼ੋਰ।[੧] ਪਰ ਪੰਜਾਬੀ ਕੋਸ਼ਾਂ ਵਿਚ ਇਨ੍ਹਾਂ ਦੋਨ੍ਹਾਂ ਸ਼ਬਦਾਂ ਲਈ ਇੱਕੋ ਸ਼ਬਦ 'ਮੋਰਚਾ' ਵਰਤਿਆ ਗਿਆ ਹੈ, ਜਿਸ ਦੇ ਅਰਥ ਕੀਤੇ ਮਿਲਦੇ ਹਨ: ਜੰਗਾਲ, ਉਹਲਾ, ਝਗੜਾ, ਦਾਗ, ਕੀੜੀ, ਕੀਟ, ਆਦਿ।[੨] ਹਿੰਦੀ ਕੋਸ਼ਾਂ ਅੰਦਰ ਜੰਗਾਲ ਅਤੇ ਮੈਲ ਦੇ ਸੰਦਰਭ ਵਿਚ ਮੋਰਚਾ ਸ਼ਬਦ ਦੇ ਅਰਥ ਕੀਤੇ ਗਏ ਹਨ : lohy pr cFnI vwlI vh kwlI ASw jo hvw A0r nml k ¤Bwv s aËpo hoqw ho, jg[ SwISw, dpxw Awid pr jml he ml[[੩]

ਗੁਰਬਾਣੀ ਅੰਦਰ ਵੀ ਮੋਰਚਾ ਸ਼ਬਦ ਜੰਗਾਲ, ਜ਼ਰ ਜਾਂ ਮੈਲ ਦੇ ਅਰਥਾਂ ਵਿਚ ਚਾਰ ਵਾਰ ਆਇਆ ਹੈ :

*- ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੬)*

*- ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹਿ ਆਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੮)*

*- ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ॥ ਮੋਰਚਾ ਨਾ ਲਾਗੈ ਜਾ ਹਉਮੈ ਸੋਖੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫)*

*- ਭਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ ਲਾਧਿਓ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੦)*

ਆਮ ਪ੍ਰਚਲਿਤ ਰੂਪ ਵਿਚ ਇਸ ਦੇ ਅਰਥ ਹਨ: ਕਿਲ੍ਹੇ ਦੀ ਕੰਧ ਜਾਂ ਵੱਟ ਆਦਿ ਵਿਚ ਬਣਾਇਆ ਛੇਕ, ਜਿਸ ਵਿਚ ਦੀ ਦੁਸ਼ਮਣ ਪੁਰ ਤੀਰ, ਗੋਲੀ ਆਦਿ ਚਲਾਇਆ ਜਾਵੇ। ਵੈਰੀ ਦੇ ਸ਼ਸ਼ਤਰਾਂ ਤੋਂ ਬਚਾਓ ਲਈ ਖੋਦਿਆ ਟੋਆ ਅਤੇ ਖਾਈ ਜਿਸ ਵਿਚ ਸਿਪਾਹੀ ਲੁਕ ਕੇ ਬੈਠਦੇ ਅਤੇ ਦੁਸ਼ਮਣ 'ਤੇ ਵਾਰ ਕਰਦੇ ਹਨ।[੪]

'ਪੰਜਾਬੀ-ਅੰਗਰੇਜ਼ੀ ਕੋਸ਼' ਅਨੁਸਾਰ ਮੋਰਚਾ ਸ਼ਬਦ ਦੇ ਅੰਗਰੇਜ਼ੀ ਵਿਚ ਸਮਅਰਥੀ ਸ਼ਬਦ ਹਨ: Trench, fortification, military position, battle front, agitation, political movement etc.[੫]

ਉਪਰੋਕਤ ਵਿੱਚੋਂ ਸ਼ਬਦ 'Agitation' ਜੋ 'ਮੋਰਚਾ' ਸ਼ਬਦ ਨਾਲ ਕੁਝ ਕੁ

*ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ. +੯੧੯੯੧੪੪-੧੯੪੮੪

ਨੇੜਤਾ ਦੇ ਭਾਵ ਤਾਂ ਪ੍ਰਗਟ ਕਰਦਾ ਹੈ, ਪਰੰਤੂ ਪੂਰਨ ਤੌਰ 'ਤੇ ਸਿੱਖ ਮੋਰਚਿਆਂ ਲਈ ਢੁਕਵਾਂ ਸ਼ਬਦ ਨਹੀਂ ਹੈ। ਕੁਝ ਵਿਦਵਾਨਾਂ ਨੇ ਇਸ ਨੂੰ 'ਮੋਰਚਾ' ਸ਼ਬਦ ਦੀ ਥਾਂ ਵਰਤਿਆ ਹੈ। ਪਰ ਦੋਨ੍ਹਾਂ ਸ਼ਬਦਾਂ ਦੇ ਅਰਥਾਂ ਨੂੰ ਗਹਿਰਾਈ ਨਾਲ ਸਮਝਣ 'ਤੇ ਇਨ੍ਹਾਂ ਵਿਚਲਾ ਸੂਖਸ਼ਮ ਅੰਤਰ ਸਪੱਸ਼ਟ ਹੋ ਜਾਂਦਾ ਹੈ। 'Agitation' ਦੇ ਅੰਗਰੇਜ਼ੀ ਕੋਸ਼ਾਂ ਵਿਚ ਅਰਥ ਕੀਤੇ ਮਿਲਦੇ ਹਨ: Public protest in order to achieve political change, Worry and anxiety that you show by behaving in a nervous way. To make other people feel very strongly about something so that they want to help you achieve it.[੬] ਅਰਥਾਤ ਲੋਕਾਂ ਵਿਚਲੀ ਉਹ ਚਿੰਤਾ, ਤੌਖਲਾ, ਫ਼ਿਕਰ, ਪਰੇਸ਼ਾਨੀ, ਵਿਆਕੁਲਤਾ ਜਿਸ ਨੂੰ ਲੋਕ ਬੇਚੈਨ ਹੋ ਕੇ, ਬੁਖਲਾਹਟ ਅਤੇ ਉਤੇਜਨਾ ਵਿਚ ਆ ਕੇ ਪ੍ਰਗਟ ਕਰਨ। ਅਜਿਹੀ ਬੁਖਲਾਹਟ ਅਤੇ ਉਤੇਜਨਾ ਹਮੇਸ਼ਾਂ ਅਸ਼ਾਂਤੀ ਅਤੇ ਦੰਗਾ-ਫ਼ਸਾਦ ਪੈਦਾ ਕਰਨ ਦਾ ਕਾਰਨ ਬਣਦੀ ਹੈ। ਦੂਸਰਾ ਐਜ਼ੀਟੇਸ਼ਨ ਵਿਚ ਕਿਸੇ ਮਨੋਰਥ ਪੂਰਤੀ ਲਈ ਦੂਸਰੇ ਲੋਕਾਂ ਨੂੰ ਦ੍ਰਿੜ੍ਹ ਕਰਵਾਇਆ ਜਾਂਦਾ ਹੈ, ਤਾਂ ਕਿ ਉਹ ਇਸ ਦੀ ਕਾਮਯਾਬੀ ਲਈ ਤੁਹਾਡੀ ਮਦਦ ਕਰਨੀ ਚਾਹੁਣ।

ਪਰ 'ਮੋਰਚੇ' ਵਿਚ ਸਿੱਖ ਸ੍ਵੈ-ਇੱਛਾ ਨਾਲ ਸ਼ਾਂਤ-ਚਿਤ ਹੋ ਕੇ ਗੁਰਧਾਮਾਂ ਦੀ ਪਵਿੱਤਰਤਾ ਦੀ ਬਹਾਲੀ ਖ਼ਾਤਰ ਉਤਸ਼ਾਹ-ਪੂਰਵਕ ਕੁਰਬਾਨੀਆਂ ਕਰਨ ਲਈ ਤਿਆਰ ਹੋ ਜਾਂਦੇ ਹਨ, ਫਿਰ ਅੱਗੋਂ ਚਾਹੇ ਡਾਂਗਾਂ ਪੈਣ ਚਾਹੇ ਗੋਲੀਆਂ ਚੱਲਣ, ਉਹ ਗੁਰੂ ਸਾਹਿਬਾਨ ਦੇ ਪਾਵਨ ਬਚਨਾਂ— *'ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ'* ਅਨੁਸਾਰ ਮਰਨਾ ਕਬੂਲ ਕਰਦੇ ਹਨ। ਫਿਰ ਉਹ ਮਾਤਾ ਜਿਸ ਦਾ ਕੁੱਛੜ ਚੁੱਕਿਆ ਦੁੱਧ ਪੀਂਦਾ ਬੱਚਾ ਦੁਸ਼ਮਣ ਦੀ ਗੋਲੀ ਲੱਗਣ ਨਾਲ ਸ਼ਹੀਦ ਹੋ ਜਾਂਦਾ ਹੈ, ਪਿਛਾਂਹ ਨਹੀਂ ਹਟਦੀ, ਆਪਣੇ ਬੱਚੇ ਨੂੰ ਰੇਤ ਉੱਪਰ ਰੱਖ ਕੇ ਗੁਰਧਾਮਾਂ ਦੀ ਪਵਿੱਤਰਤਾ ਖ਼ਾਤਰ ਕੁਰਬਾਨ ਹੋਣ ਲਈ ਮੁੜ ਮੋਰਚੇ ਵਿਚ ਸ਼ਾਮਲ ਹੋ ਜਾਂਦੀ ਹੈ। ਮੋਰਚਿਆਂ ਵਿਚ ਸਿੰਘ ਦੁਸ਼ਮਣਾਂ ਦੇ ਜਬਰ ਨੂੰ ਦੇਖ ਕੇ ਘਬਰਾਉਂਦੇ ਨਹੀਂ, ਉਤੇਜਨਾ ਵਿਚ ਆ ਕੇ ਅਸ਼ਾਂਤੀ ਨਹੀਂ ਫ਼ੈਲਾਉਂਦੇ, ਸਗੋਂ ਜਬਰ ਨੂੰ ਸਬਰ ਨਾਲ ਸਹਿ ਕੇ ਸ਼ਹੀਦੀਆਂ ਪਾ ਜਾਂਦੇ ਹਨ। ਪ੍ਰਸਿੱਧ ਲਿਖਾਰੀ ਅਤੇ ਈਸਾਈ ਪ੍ਰਚਾਰਕ ਸੀ.ਐਫ. ਐਂਡਰੀਓ ਜਿਸ ਨੇ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਅੰਗਰੇਜ਼ ਪੁਲਿਸ ਅਫ਼ਸਰ ਬੀ. ਟੀ. ਦਾ ਸਿੱਖਾਂ ਉੱਪਰ ਹੁੰਦਾ ਕਹਿਰ ਆਪਣੀ ਅੱਖੀਂ ਦੇਖਿਆ ਸੀ, ਲਿਖਦਾ ਹੈ ਕਿ ਸਿੱਖ ਬਿਲਕੁਲ ਹਜ਼ਰਤ ਈਸਾ ਵਾਂਗੂ ਸ਼ਾਂਤਮਈ ਰਹਿ ਕੇ ਜਬਰ ਦਾ ਟਾਕਰਾ ਕਰਦੇ ਹਨ। ਉਨ੍ਹਾਂ ਦਾ ਇਹ ਕਰਤੱਵ ਬਹੁਤ ਹੀ ਪ੍ਰਸੰਸਾਯੋਗ ਹੈ।

ਇਸ ਤਰ੍ਹਾਂ ਸਿੱਖ ਤਵਾਰੀਖ਼ ਅੰਦਰ ਸਿੱਖ ਸੰਘਰਸ਼ ਸਮੇਂ 'ਮੋਰਚਾ' ਸ਼ਬਦ ਜਿਨ੍ਹਾਂ/ਜਿਹੜੇ ਵਿਸਤ੍ਰਿਤ ਅਰਥਾਂ ਵਿਚ ਵਰਤਿਆ ਗਿਆ ਹੈ, ਉਸ ਦੇ ਹੂ-ਬ-ਹੂ ਪ੍ਰਸੰਗਿਕ ਭਾਵ ਪ੍ਰਗਟ ਕਰਨ ਵਾਲਾ ਸ਼ਬਦ ਅੰਗਰੇਜ਼ੀ ਭਾਸ਼ਾ ਵਿਚ ਨਹੀਂ ਮਿਲਦਾ। ਇਸ ਲਈ ਜ਼ਿਆਦਾਤਰ

ਅੰਗ੍ਰੇਜ਼ੀ ਲਿਖਤਾਂ ਵਿਚ ਮੋਰਚਾ ਸ਼ਬਦ ਦਾ ਲਿਪੀਅੰਤਰਨ ਕਰ ਕੇ 'Morcha' ਹੀ ਲਿਖਿਆ ਮਿਲਦਾ ਹੈ ਅਤੇ ਇਸ ਦੇ ਅਰਥ ਕੀਤੇ ਮਿਲਦੇ ਹਨ: ਇੱਕੋ ਥਾਂ 'ਤੇ ਬੈਠੇ ਇੱਕੋ ਫੈਸਲੇ ਨੂੰ ਮਨਵਾਉਣ ਵਾਸਤੇ ਅਹਿਲ ਤੇ ਅਡੋਲ ਸਾਧਨ ਜਾਂ ਆਪਣੀਆਂ ਮੰਗਾਂ ਮਨਵਾਉਣ ਲਈ ਕਿਸੇ ਇੱਕ ਹੀ ਅਸੂਲ 'ਤੇ ਅੜ ਕੇ ਬੈਠ ਜਾਣਾ ਅਤੇ ਵਿਰੋਧੀ ਨਾਲ ਸ਼ਾਂਤਮਈ ਟੱਕਰ ਲਾ ਦੇਣੀ।[੭] ਇਸ ਸੰਦਰਭ ਵਿਚ ਮੋਰਚਾ ਸ਼ਬਦ ਪਹਿਲੀ ਵਾਰ ਸਿੱਖ ਇਤਿਹਾਸ 'ਚ ਅੰਦੋਲਨ ਜਾਂ ਸਤਿਆਗ੍ਰਹਿ ਦੇ ਅਰਥ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵੇਲੇ ਪ੍ਰਚਲਿਤ ਹੋਇਆ, ਜਦੋਂ ਗੁਰਦੁਆਰਿਆਂ ਦੀ ਅਜ਼ਾਦੀ ਲਈ ਸਿੱਖ ਜਥੇ ਸ਼ਾਂਤੀ ਪੂਰਵਕ ਕਾਰਵਾਈ ਕਰਨ ਲਈ ਜੇਲ੍ਹਾਂ ਵਿਚ ਜਾਂਦੇ ਰਹੇ।[੮]

ਸਿੱਖ ਮੋਰਚਿਆਂ ਦੀ ਕਾਮਯਾਬੀ ਕਾਰਨ ਰਾਜਨੀਤਿਕ ਪਾਰਟੀਆਂ ਵੱਲੋਂ ਇਹ ਸ਼ਬਦ ਸ਼ਾਂਤਮਈ ਅੰਦੋਲਨਾਂ ਲਈ ਵਰਤਿਆ ਜਾਣ ਲੱਗਾ, ਜਿਵੇਂ ਕਿਸਾਨ ਮੋਰਚਾ, ਹਿੰਦੀ ਮੋਰਚਾ, ਪਟਵਾਰੀ ਮੋਰਚਾ ਆਦਿ। ਹੌਲੀ-ਹੌਲੀ ਇਸ ਸ਼ਬਦ ਦੀ ਵਰਤੋਂ ਹਿੰਦੀ ਭਾਸ਼ੀ ਇਲਾਕਿਆਂ ਵਿਚ ਅੰਦੋਲਨਾਂ ਜਾਂ ਜਥੇਬੰਦੀਆਂ ਲਈ ਹੋਣ ਲੱਗ ਗਈ ਜਿਵੇਂ ਜਨ ਮੋਰਚਾ, ਲੋਕਹਿੱਤ ਮੋਰਚਾ, ਝਾਰਖੰਡ ਮੁਕਤੀ ਮੋਰਚਾ ਆਦਿ।[੯]

ਹੁਣ ਮੋਰਚਾ ਸ਼ਬਦ ਪੰਜਾਬੀ ਸੱਭਿਆਚਾਰ ਵਿਚ ਇੰਨਾਂ ਜ਼ਿਆਦਾ ਮਕਬੂਲ ਹੋ ਚੁੱਕਾ ਹੈ ਕਿ ਹਰੇਕ ਕੰਮ ਦੀ ਕਾਮਯਾਬੀ ਨਾਲ ਸੰਬੰਧਿਤ ਕਰਕੇ ਮੋਰਚੇ ਦੇ ਅਨੇਕਾਂ ਮੁਹਾਵਰੇ ਪ੍ਰਚਲਿਤ ਹੋ ਚੁੱਕੇ ਹਨ ਜਿਵੇਂ ਮੋਰਚਾ ਲਾਉਣਾ, ਮੋਰਚਾ ਗੱਡਣਾ, ਮੋਰਚਾ ਮਾਰਨਾ, ਮੋਰਚਾ ਸੰਭਾਲਣਾ, ਮੋਰਚਾ ਜਿੱਤਣਾ, ਮੋਰਚਾ ਫਤਿਹ ਕਰਨਾ ਆਦਿ।

ਸਿੱਖ ਮੋਰਚਿਆਂ ਦਾ ਅਰੰਭ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਅਜ਼ਾਦ ਕਰਵਾਉਣ ਲਈ ਹੋਇਆ। ਗੁਰਦੁਆਰਿਆਂ ਨਾਲ ਸਿੱਖਾਂ ਦੇ ਡੂੰਘੇ ਸਤਿਕਾਰ ਵਾਲੇ ਸੰਬੰਧ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਗਟਾਅ ਹਨ। ਅੰਗਰੇਜ਼ ਸਰਕਾਰ ਨੇ ਪੰਜਾਬ 'ਤੇ ਕਬਜ਼ਾ ਕਰਦਿਆਂ ਹੀ ਸੋਚ ਲਿਆ ਸੀ ਕਿ ਸਿੱਖੀ ਦੇ ਪ੍ਰੇਰਨਾ-ਸਰੋਤ ਤੇ ਮਹਾਨ ਕੇਂਦਰ ਗੁਰਦੁਆਰਿਆਂ 'ਤੇ ਕਬਜ਼ਾ ਕਰਨਾ ਸਾਰੇ ਸਿੱਖ ਸੰਸਾਰ 'ਤੇ ਕਾਬੂ ਪਾਉਣਾ ਹੈ। ਇਸ ਲਈ ਅੰਗਰੇਜ਼ਾਂ ਨੇ ਕੂਟਨੀਤਿਕ ਚਾਲ ਚੱਲਦਿਆਂ ਮਹੰਤਾਂ ਰਾਹੀਂ ਗੁਰਦੁਆਰਿਆਂ ਅੰਦਰ ਸਮੂਹ ਬ੍ਰਾਹਮਣੀ ਰਹੁ-ਰੀਤਾਂ, ਵਰਣ-ਵੰਡ, ਜਾਤ-ਪਾਤ ਦੇ ਵਿਤਕਰੇ ਅਤੇ ਛੂਤ-ਛਾਤ ਦਾ ਪ੍ਰਵੇਸ਼ ਕਰਵਾ ਦਿੱਤਾ ਤਾਂ ਕਿ ਸਿੱਖਾਂ ਦਾ ਨਿਸ਼ਚਾ ਕਮਜ਼ੋਰ ਹੋ ਸਕੇ ਅਤੇ ਇਨ੍ਹਾਂ ਦੀ ਸਮਰੱਥਾ ਵਿਚ ਗਿਰਾਵਟ ਆ ਸਕੇ। ਇਨ੍ਹਾਂ ਦੁਰਾਚਾਰੀ ਮਹੰਤਾਂ ਨੇ ਗੁਰਦੁਆਰਿਆਂ ਨੂੰ ਅੰਗਰੇਜ਼ੀ ਰਾਜ ਦੀ ਰੱਖਿਆ, ਮਜ਼ਬੂਤੀ ਲਈ ਉਨ੍ਹਾਂ ਦੀ ਖ਼ੁਸ਼ਾਮਦ ਦੇ ਕੇਂਦਰ ਅਤੇ ਆਪਣੇ ਲਈ ਦੁਰਾਚਾਰ ਦੇ ਅੱਡੇ ਬਣਾ ਦਿੱਤਾ ਸੀ। ਅਰਦਾਸਾਂ ਵਿਚ ਵੀ ਅੰਗਰੇਜ਼ੀ ਰਾਜ ਦੀ ਸਲਾਮਤੀ ਅਤੇ ਖ਼ੁਸ਼ਹਾਲੀ ਦੀ ਮੰਗ ਕੀਤੀ ਜਾਂਦੀ ਸੀ। ਪਰ ਸਿੱਖ ਆਪਣੇ ਗੁਰਧਾਮਾਂ ਦੀ ਅਜਿਹੀ ਦਸ਼ਾ ਦਾ ਵਰਤਾਰਾ ਅੱਖੀਂ ਦੇਖ ਕੇ ਇਸ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਲਈ ਤਿਆਰ ਨਹੀਂ ਸਨ। ਉਹ ਹਰ ਹੀਲੇ-ਵਸੀਲੇ

ਨਾਲ ਗੁਰਦੁਆਰਿਆਂ ਨੂੰ ਸੰਗਤੀ ਪ੍ਰਬੰਧ 'ਚ ਲਿਆਉਣਾ ਚਾਹੁੰਦੇ ਸਨ।

ਪ੍ਰਿੰ. ਤੇਜਾ ਸਿੰਘ ਲਿਖਦੇ ਹਨ ਕਿ ਸਿੱਖਾਂ ਕੋਲ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਅਜ਼ਾਦ ਕਰਵਾਉਣ ਲਈ ਤਿੰਨ ਸਾਧਨ ਸਨ ਨਾ-ਮਿਲਵਰਤਨ, ਲੋਕ-ਰਾਇ ਦਾ ਦਬਾਅ ਅਤੇ ਮੁਕੱਦਮੇ (There were three ways open to sikhs to carry out reform in their temple; boycott, pressure of public opinion and litigation)[੧੦]

ਸਿੱਖਾਂ ਨੇ ਸਭ ਤੋਂ ਪਹਿਲਾਂ Charitable and Religious Indowment act (act xiv 1920) ਤਹਿਤ ਅਦਾਲਤ ਰਾਹੀਂ ਆਪਣੇ ਧਾਰਮਿਕ ਸਥਾਨਾਂ ਦਾ ਪ੍ਰਬੰਧ ਮਹੰਤਾਂ ਕੋਲੋਂ ਵਾਪਸ ਲੈਣ ਲਈ ਕਾਫ਼ੀ ਜਦੋ ਜਹਿਦ ਕੀਤੀ, ਪਰ ਮਹੰਤਾਂ ਦੀ ਪਿੱਠ ਉੱਪਰ ਸਰਕਾਰ ਦਾ ਥਾਪੜਾ ਹੋਣ ਕਾਰਨ ਅਦਾਲਤਾਂ ਨੇ ਵੀ ਸਿੱਖਾਂ ਦੀ ਕੋਈ ਮਦਦ ਨਾ ਕੀਤੀ।[੧੧] ਕਿਉਂਕਿ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਦਖ਼ਲ ਦੇ ਕੇ ਉਨ੍ਹਾਂ ਨੂੰ ਆਪਣੇ ਅਧੀਨ ਰੱਖਣਾ ਅਤੇ ਆਪਣੇ ਰਾਜ ਦੀ ਮਜ਼ਬੂਤੀ ਲਈ ਵਰਤਣਾ ਹੀ ਅੰਗਰੇਜ਼ ਸਰਕਾਰ ਦੀ ਮੁੱਖ ਨੀਤੀ ਸੀ। ਇਸ ਗੱਲ ਦਾ ਪਤਾ ਪੰਜਾਬ ਦੇ ਲੈਫ਼. ਗਵਰਨਰ ਆਰ.ਈ. ਐਜਰਟਨ ਦੁਆਰਾ ੮ ਅਗਸਤ, ੧੮੮੧ ਨੂੰ ਹਿੰਦ ਦੇ ਵਾਇਸਰਾਇ ਵੱਲ ਲਿਖੀ ਚਿੱਠੀ ਤੋਂ ਲੱਗਦਾ ਹੈ, ਜਿਸ ਵਿਚ ਉਸ ਨੇ ਇਹ ਸੁਝਾਅ ਦਿੱਤਾ ਸੀ ਕਿ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਅੰਗਰੇਜ਼ ਸਰਕਾਰ ਵੱਲੋਂ ਚਾਲੂ ਕੀਤੀ ਪਾਲਿਸੀ ਵਿਚ ਕੋਈ ਤਬਦੀਲੀ ਨਾ ਕੀਤੀ ਜਾਵੇ।[੧੨]

ਇਸ ਲਈ ਜਦੋਂ ਕਾਨੂੰਨ ਨੇ ਵੀ ਕੋਈ ਮਦਦ ਨਾ ਕੀਤੀ ਤਾਂ ਸਿੱਖਾਂ ਕੋਲ ਗੁਰਦੁਆਰਿਆਂ ਉੱਪਰ ਜ਼ਬਰੀ ਕਬਜ਼ਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਾ ਰਿਹਾ। ਕਈ ਥਾਂਵਾਂ 'ਤੇ ਸਿੱਖ ਕੁਝ ਗੁਰਦੁਆਰਿਆਂ ਦੇ ਪ੍ਰਬੰਧ ਉੱਪਰ ਕਬਜ਼ਾ ਕਰਨ ਵਿਚ ਸਫ਼ਲ ਹੋ ਗਏ। ਪਰ ਸਰਕਾਰ ਨੇ ਸਿਵਲ ਨੋਟੀਫ਼ਿਕੇਸ਼ਨ ਜਾਰੀ ਕਰਕੇ ਇਸ ਨੂੰ ਰੱਦ ਕਰ ਦਿੱਤਾ।[੧੩]

ਫਿਰ ਸਿੱਖਾਂ ਨੇ ਆਪਣੇ ਆਪ ਨੂੰ ਲੋਕਲ ਅਕਾਲੀ ਜਥਿਆਂ ਦੇ ਰੂਪ ਵਿਚ ਸੰਗਠਿਤ ਕਰਕੇ ਸ਼ਾਂਤਮਈ ਅੰਦੋਲਨ ਨੂੰ ਆਪਣਾ ਹਥਿਆਰ ਬਣਾ ਲਿਆ ਤੇ ਗੁਰਦੁਆਰਿਆਂ ਦੇ ਪ੍ਰਬੰਧ ਸੁਧਾਰ ਲਈ ਮੋਰਚੇ ਲਾਉਣੇ ਸ਼ੁਰੂ ਕਰ ਦਿੱਤੇ। ਇਹ ਜਥੇ ਕਿਸੇ ਕੇਂਦਰੀ ਜਥੇਬੰਦੀ ਵਿਚ ਨਾ ਪਰੋਏ ਹੋਣ ਕਾਰਨ ਵੱਖ-ਵੱਖ ਇਲਾਕਿਆਂ ਵਿਚ ਵੰਡੇ ਹੋਏ ਸਨ। ਕਿਸੇ ਮਜ਼ਬੂਤ ਕੇਂਦਰ ਦੀ ਅਣਹੋਂਦ ਕਾਰਨ ਇਹ ਆਪਣੇ ਮੁਕਾਮ ਦੀ ਕਾਮਯਾਬੀ ਵਿਚ ਪੂਰਨ ਤੌਰ 'ਤੇ ਸਮਰੱਥ ਨਹੀਂ ਸਨ ਹੋ ਸਕਦੇ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਹੋਂਦ ਵਿਚ ਆਉਣ ਨਾਲ ਸਿੱਖਾਂ ਦੀ ਖਿੱਲਰੀ ਹੋਈ ਸ਼ਕਤੀ 'ਹੰਨੇ ਹੰਨੇ ਮੀਰੀ' ਇੱਕ ਮੁੱਠ ਹੋ ਕੇ ਮਜ਼ਬੂਤ ਕੇਂਦਰ ਦਾ ਰੂਪ ਧਾਰਨ ਕਰ ਗਈ। ਸ਼੍ਰੋਮਣੀ ਗੁ.ਪ੍ਰ. ਕਮੇਟੀ ਦੇ ਫ਼ੈਸਲੇ ਸਮੁੱਚੇ ਸਿੱਖ ਪੰਥ ਦੇ ਫ਼ੈਸਲੇ ਸਮਝੇ ਜਾਣ ਲੱਗੇ। ਇਸ ਤਰ੍ਹਾਂ ਮੋਰਚਿਆਂ ਦੀ ਸਰਗਰਮੀ ਹੋਰ ਤੇਜ਼ ਹੋ ਗਈ। ਸ਼੍ਰੋਮਣੀ ਕਮੇਟੀ ਨੇ ਮੋਰਚਿਆਂ ਵਿਚ

ਪੰਜਵੇਂ ਅਤੇ ਨੌਵੇਂ ਪਾਤਸ਼ਾਹ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਅਕਾਲ ਪੁਰਖ ਦਾ ਭਾਣਾ ਮੰਨਦੇ ਹੋਏ ਹਾਕਮ ਸਰਕਾਰ ਦਾ ਬਿਨਾ ਵਿਰੋਧ ਕੀਤੇ ਹਰ ਤਸ਼ੱਦਦ ਸਹਿ ਕੇ, ਸ਼ਹਾਦਤਾਂ ਪਾਉਂਦੇ ਹੋਏ ਗੁਰਦੁਆਰਿਆਂ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲਿਆਉਣ ਦਾ ਸੰਕਲਪ ਲਿਆ ਅਤੇ ਵਿਭਚਾਰੀ ਮਹੰਤਾਂ ਦੇ ਕੁਕਰਮਾਂ ਦੀ ਮੈਲ ਨੂੰ ਆਪਣੇ ਖ਼ੂਨ ਨਾਲ ਧੋ ਕੇ ਮੋਰਚਿਆਂ ਦਾ ਲਾਸਾਨੀ ਇਤਿਹਾਸ ਸਿਰਜਿਆ।

ਇਕ ਅੰਦਾਜ਼ੇ ਅਨੁਸਾਰ ਇਨ੍ਹਾਂ ਮੋਰਚਿਆਂ ਵਿਚ ਦੋ ਹਜ਼ਾਰ ਤੋਂ ਵੱਧ ਸਿੰਘਾਂ-ਸਿੰਘਣੀਆਂ ਨੇ ਆਪਣੀਆਂ ਜਾਨਾਂ ਵਾਰੀਆਂ ਅਤੇ ਇਤਨੀ ਹੀ ਗਿਣਤੀ ਨੇ ਬੀ.ਟੀ. ਦੀਆਂ ਡਾਂਗਾਂ ਦੀ ਮਾਰ ਝੱਲੀ। ਪੰਜਾਹ ਹਜ਼ਾਰ ਤੋਂ ਵੱਧ ਅਕਾਲੀ ਵੀਰਾਂ ਨੇ ਜੇਲ੍ਹਾਂ ਵਿਚ ਕਾਲ ਕੋਠੜੀਆਂ ਦੇ ਤਸੀਹੇ ਬਰਦਾਸ਼ਤ ਕੀਤੇ। ਆਪਣੀਆਂ ਜਾਇਦਾਦਾਂ ਤਬਾਹ ਕਰਵਾਈਆਂ ਅਤੇ ਸੋਲ੍ਹਾਂ ਲੱਖ ਤੋਂ ਵੱਧ ਰਕਮ ਕੌਮ ਨੂੰ ਜੁਰਮਾਨੇ ਵਜੋਂ ਭਰਨੀ ਪਈ।[੧੪]

ਇਨ੍ਹਾਂ ਮੋਰਚਿਆਂ ਦੀ ਕਾਮਯਾਬੀ ਨੇ ਨਾ ਸਿਰਫ਼ ਗੁਰਦੁਆਰਿਆਂ ਨੂੰ ਹੀ ਮਹੰਤਾਂ ਦੇ ਕਬਜ਼ੇ ਤੋਂ ਅਜ਼ਾਦ ਕਰਵਾਇਆ ਸਗੋਂ ਦੇਸ਼ ਦੀ ਅਜ਼ਾਦੀ ਲਈ ਨਵੀਂਆਂ ਪੈੜਾਂ ਉਲੀਕ ਕੇ ਲੋਕਾਂ ਅੰਦਰ ਧਰਮ ਅਤੇ ਦੇਸ਼ ਪਿਆਰ ਲਈ ਮਰ-ਮਿਟਣ ਦਾ ਜਜ਼ਬਾ ਪੈਦਾ ਕੀਤਾ। ਇਸੇ ਲਈ ਚਾਬੀਆਂ ਦੇ ਮੋਰਚੇ ਦੀ ਜਿੱਤ 'ਤੇ ਵਧਾਈ ਦਿੰਦਿਆਂ ਮਹਾਤਮਾ ਗਾਂਧੀ ਨੇ ਕਿਹਾ ਸੀ ਇਹ ਦੇਸ਼ ਦੀ ਅਜ਼ਾਦੀ ਲਈ ਪਹਿਲੀ ਫ਼ੈਸਲਾਕੁੰਨ ਲੜਾਈ ਦੀ ਜਿੱਤ ਹੈ।

ਇੱਥੇ ਅਸੀਂ ਕੁਝ ਇਤਿਹਾਸਿਕ ਮੋਰਚਿਆਂ ਬਾਰੇ ਸੰਖਿਪਤ ਚਰਚਾ ਕਰ ਰਹੇ ਹਾਂ:-

**ਗੁਰਦੁਆਰਾ ਚੁਮਾਲਾ ਸਾਹਿਬ ਦਾ ਮੋਰਚਾ:** ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧਿਤ ਇਤਿਹਾਸਿਕ ਗੁਰਦੁਆਰਾ ਚੁਮਾਲਾ ਸਾਹਿਬ, ਲਾਹੌਰ 'ਚ ਸੁਭਾਇਮਾਨ ਹੈ। ਗੁਰਦੁਆਰਾ ਚੁਮਾਲਾ ਸਾਹਿਬ (ਪਾ: ਛੇਵੀਂ) ਲਾਹੌਰ ਦੇ ਮਹੰਤ ਹਰੀ ਸਿੰਘ ਨੇ ਗੁਰਦੁਆਰੇ ਅੰਦਰ ਗੁਰਮਤਿ ਵਿਰੋਧੀ ਮਾਹੌਲ ਸਿਰਜਿਆ ਹੋਇਆ ਸੀ। ਸਰਾਂ ਦੇ ਸਾਰੇ ਕਮਰੇ ਉਸ ਨੇ ਮੀਟ ਵੇਚਣ ਵਾਲੇ ਬੁੱਚੜਾਂ ਨੂੰ ਦਿੱਤੇ ਹੋਏ ਸਨ। ਖਾਲਸਾ ਪ੍ਰਚਾਰਕ ਜਥੇ ਨੇ ਉਸ ਦੀਆਂ ਕਾਰਵਾਈਆਂ ਵਿਰੁੱਧ ੨੧ ਅਗਸਤ, ੧੯੨੦ ਨੂੰ ਇਕ ਮੀਟਿੰਗ ਬੁਲਾਈ। ਮਹੰਤ ਨੇ ਔਰਤਾਂ ਕੋਲੋਂ ਹਮਲਾ ਕਰਵਾ ਕੇ ਮੀਟਿੰਗ ਵਿਚ ਵਿਘਨ ਪਾਇਆ। ੨੨ ਅਗਸਤ ਨੂੰ ਪ੍ਰਸਿੱਧ ਸਿੱਖ ਵਿਦਵਾਨ ਤੇ ਲੇਖਕ ਸ. ਸਰਦੂਲ ਸਿੰਘ ਕਵੀਸ਼ਰ ਅਤੇ ਉਸ ਦੇ ਸਾਥੀਆਂ ਨੇ ਗੁਰਦੁਆਰੇ ਅੰਦਰ ਦੀਵਾਨ ਸਜਾ ਕੇ ਸੰਗਤਾਂ ਨੂੰ ਗੁਰਦੁਆਰੇ ਦੇ ਹਾਲਾਤਾਂ ਬਾਰੇ ਦੱਸਿਆ। ੨੭ ਸਤੰਬਰ, ੧੯੨੦ ਨੂੰ ਸਿੱਖਾਂ ਨੇ ਇਕੱਠੇ ਹੋ ਕੇ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ੧੨ ਮੈਂਬਰੀ ਕਮੇਟੀ ਬਣਾ ਦਿੱਤੀ। ਪੰਜਾਬ ਦੇ ਖ਼ੁਫ਼ੀਆ ਮਹਿਕਮੇ ਦੇ ਇਕ ਮੁਖੀ ਅਫ਼ਸਰ ਵੀ. ਡਬਲਯੂ ਸਮਿਥ ਵੱਲੋਂ ੨੨ ਫਰਵਰੀ, ੧੯੨੦ ਨੂੰ ਬਰਤਾਨਵੀ ਸਰਕਾਰ ਵੱਲ ਭੇਜੀ ਇੱਕ ਰੀਪੋਰਟ ਵਿਚ ਵੀ ਇਸ ਦਾ ਜ਼ਿਕਰ ਹੈ ਕਿ ਸਿੱਖਾਂ ਨੇ ਸਭ ਤੋਂ ਪਹਿਲਾਂ ਕਬਜ਼ਾ ਗੁਰਦੁਆਰਾ ਸ੍ਰੀ ਚੁਮਾਲਾ ਸਾਹਿਬ 'ਤੇ ਹੀ ਕੀਤਾ ਸੀ।[੧੫]

**ਰਕਾਬਗੰਜ ਸਾਹਿਬ ਦਾ ਮੋਰਚਾ:** ਅੰਗਰੇਜ਼ ਸਰਕਾਰ ਨੇ ਵਾਇਸਰਾਇ ਦੀ ਦਿੱਲੀ ਸਥਿਤ ਕੋਠੀ ਦਾ ਰਸਤਾ ਸਿੱਧਾ ਕਰਨ ਲਈ ੧੯੧੪ ਈ. ਨੂੰ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੀ ਕੰਧ ਦਾ ਕੁਝ ਹਿੱਸਾ ਹੇਠਾਂ ਸੁੱਟ ਦਿੱਤਾ, ਜਿਸ 'ਤੇ ਸਿੱਖਾਂ ਅੰਦਰ ਸਰਕਾਰ ਦੇ ਖ਼ਿਲਾਫ਼ ਭਾਰੀ ਰੋਸ ਪੈਦਾ ਹੋਇਆ। ੧੯੧੪ ਈ. ਵਿਚ ਪਹਿਲੀ ਵਿਸ਼ਵ ਜੰਗ ਛਿੜ ਜਾਣ ਕਾਰਨ ਗੁ. ਸ੍ਰੀ ਰਕਾਬਗੰਜ ਸਾਹਿਬ ਦੇ ਮੋਰਚੇ ਦੀ ਜਦੋ-ਜਹਿਦ ਮੱਧਮ ਪੈ ਗਈ। ਸਤੰਬਰ, ੧੯੨੦ ਵਿਚ ਸ. ਸਰਦੂਲ ਸਿੰਘ ਕਵੀਸ਼ਰ ਵੱਲੋਂ ਇੱਕ ਸੌ ਸਿੰਘਾਂ ਦਾ ਜਥਾ ਲਿਜਾ ਕੇ ਕੰਧ ਨੂੰ ਮੁੜ ਉਸਾਰ ਦੇਣ ਦੀ ਤਜਵੀਜ਼ ਉੱਤੇ ਅਨੇਕਾਂ ਸਿੰਘਾਂ ਨੇ ਆਪਣੇ ਨਾਮ ਪੇਸ਼ ਕੀਤੇ ਅਤੇ ਪਹਿਲੀ ਦਸੰਬਰ ੧੯੨੦ ਨੂੰ ਇਸ ਸੌ ਸਿੰਘਾਂ ਦੇ ਜਥੇ ਨੇ ਕੰਧ ਖੜ੍ਹੀ ਕਰਨੀ ਸੀ, ਪਰੰਤੂ ਸਰਕਾਰ ਨੇ ਇਸ ਤੋਂ ਪਹਿਲਾਂ ਹੀ ਕੰਧ ਬਣਾ ਦਿੱਤੀ। ਇਸ ਤਰ੍ਹਾਂ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੀ ਕੰਧ ਦਾ ਮੋਰਚਾ ਸਫ਼ਲ ਹੋ ਗਿਆ।[੧੬]

**ਮੋਰਚਾ ਭਾਈ ਫੇਰੂ:** ਭਾਈ ਫੇਰੂ ਜੀ ਦਾ ਗੁਰਦੁਆਰਾ ਪਿੰਡ ਮੀਏਂ ਕੇ ਮੌੜ, ਤਹਿਸੀਲ ਚੂਹਣੀਆਂ, ਜ਼ਿਲ੍ਹਾ ਲਾਹੌਰ ਵਿਚ ਸਥਿਤ ਹੈ। ੨੧ ਦਸੰਬਰ, ੧੯੨੨ ਈ. ਨੂੰ ਮਹੰਤ ਕਿਸ਼ਨ ਦਾਸ ਨੇ ਚਾਰ ਸੌ ਰੁਪਏ ਮਹੀਨਾ ਲੈਣਾ ਮੰਨ ਕੇ ੨੮ ਦਸੰਬਰ ਨੂੰ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ। ਕੁਝ ਚਿਰ ਬਾਅਦ ਉਹ ਸਮਝੌਤੇ ਤੋਂ ਫਿਰ ਗਿਆ ਅਤੇ ਗੁਰਦੁਆਰੇ ਦੇ ਮੈਨੇਜਰ 'ਤੇ ਮੁਕੱਦਮਾ ਕਰ ਦਿੱਤਾ। ੭ ਦਸੰਬਰ, ੧੯੨੩ ਨੂੰ ਪੁਲਿਸ ਨੇ ਮੈਨੇਜਰ ਤੇ ਦਸ ਹੋਰ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਲਾਹੌਰ ਨੇ ਗੁਰਦੁਆਰੇ ਦੀ ਜ਼ਮੀਨ ਦਾ ਇੰਤਕਾਲ ਸ਼੍ਰੋਮਣੀ ਕਮੇਟੀ ਦੇ ਨਾਂ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜ਼ਮੀਨ ਦਾ ਕਬਜ਼ਾ ਲੈਣਾ ਚਾਹਿਆ, ਮਹੰਤ ਨੇ ਪੁਲਿਸ ਦੀ ਮਦਦ ਮੰਗੀ, ਪੁਲਿਸ ਨੇ ੩੪ ਅਕਾਲੀਆਂ ਅਤੇ ਮੁਜਾਰਿਆਂ ਨੂੰ ੨ ਜਨਵਰੀ, ੧੯੨੪ ਨੂੰ ਗ੍ਰਿਫ਼ਤਾਰ ਕਰ ਲਿਆ। ੫ ਜਨਵਰੀ, ੧੯੨੪ ਨੂੰ ਗੁਰਦੁਆਰਾ ਸਾਹਿਬ ਭਾਈ ਫੇਰੂ ਵਿਚ ਮੋਰਚਾ ਲੱਗ ਗਿਆ। ਹਰ ਰੋਜ਼ ੨੫ ਸਿੰਘਾਂ ਦਾ ਜਥਾ ਜਾ ਕੇ ਗ੍ਰਿਫ਼ਤਾਰੀਆਂ ਦਿੰਦਾ ਰਿਹਾ। ਛੇ ਹਜ਼ਾਰ ਤੋਂ ਵੱਧ ਗ੍ਰਿਫ਼ਤਾਰੀਆਂ ਹੋਈਆਂ। ੨੦ ਸਤੰਬਰ, ੧੯੨੫ ਨੂੰ ਗੁਰਦੁਆਰਾ ਸਾਹਿਬ ਭਾਈ ਫੇਰੂ ਵਿਚ ਇਕ ਖ਼ੂਨ ਹੋ ਜਾਣ ਕਾਰਨ ਸ਼੍ਰੋਮਣੀ ਕਮੇਟੀ ਨੇ ਮੋਰਚਾ ਬੰਦ ਕਰ ਦਿੱਤਾ। ਗੁਰਦੁਆਰਾ ਕਾਨੂੰਨ ਬਣ ਜਾਣ 'ਤੇ ਜਾਇਦਾਦ ਦਾ ਝਗੜਾ ਮੁੱਕ ਗਿਆ। ਗੁਰਦੁਆਰਾ ਪ੍ਰਬੰਧ ਅਤੇ ਜ਼ਮੀਨ ਦਾ ਕਬਜ਼ਾ ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਮਿਲ ਗਿਆ।[੧੭]

**ਡਸਕੇ ਦਾ ਮੋਰਚਾ:** ਸਿਆਲਕੋਟ ਦੇ ਨਗਰ ਡਸਕਾ ਵਿਚ ਭਾਈ ਵਰਿਆਮ ਸਿੰਘ ਦਾ ਗੁਰਦੁਆਰਾ ਹੈ। ਉੱਥੋਂ ਦੇ ਇੰਤਜ਼ਾਮ ਸਬੰਧੀ ਕੁਝ ਚਿਰ ਤੋਂ ਹਿੰਦੂਆਂ ਅਤੇ ਸਿੱਖਾਂ ਵਿਚ ਝਗੜਾ ਚੱਲਦਾ ਆਉਂਦਾ ਸੀ। ਗੁਰਦੁਆਰੇ ਦਾ ਇੰਤਜ਼ਾਮ ਸਿੱਖਾਂ ਕੋਲ ਸੀ ਅਤੇ ਦੁਕਾਨਾਂ ਹਿੰਦੂਆਂ ਕੋਲ ਸਨ। ਸਿੱਖਾਂ ਨੇ ਹਿੰਦੂਆਂ ਤੋਂ ਦੁਕਾਨਾਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਉਹ ਅਦਾਲਤੀ ਤਰੀਕੇ ਨਾਲ ਕਾਮਯਾਬ ਨਾ ਹੋ ਸਕੇ। ਇਸ 'ਤੇ

ਬਾਬਾ ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਗੁ.ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਅਤੇ ੧੭ ਅਗਸਤ, ੧੯੩੧ ਨੂੰ ੨੫ ਸਿੰਘਾਂ ਦਾ ਜਥਾ ਲੈ ਕੇ ਜੇਲ੍ਹ ਚਲੇ ਗਏ। ੪ ਅਕਤੂਬਰ, ੧੯੩੧ ਨੂੰ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਗੁ.ਪ੍ਰ. ਕਮੇਟੀ ਦਾ ਜਰਨਲ ਇਜਲਾਸ ਸੱਦ ਕੇ ਸਮੂਹ ਮੈਂਬਰਾਂ ਨੂੰ ਗੁਰਦੁਆਰੇ ਦੇ ਸਤਿਕਾਰ ਲਈ ਕੁਰਬਾਨੀਆਂ ਕਰ ਕੇ ਪੰਥ ਦੀ ਅਗਵਾਈ ਕਰਨ ਲਈ ਅਪੀਲ ਕੀਤੀ। ਮਾਸਟਰ ਤਾਰਾ ਸਿੰਘ ਨੇ ਆਪਣੇ ਜਥੇ ਸਮੇਤ ਗ੍ਰਿਫ਼ਤਾਰੀ ਦਿੱਤੀ।[੧੮] ਇਸ ਤੋਂ ਬਾਅਦ ਬਕਾਇਦਾ ਜਥੇ ਜਾਣ ਲੱਗ ਪਏ। ਗੁਰਦੁਆਰੇ ਸਬੰਧੀ ਸਾਲਸੀ ਫ਼ੈਸਲਾ ਹੋਇਆ...। ਇਸ ਫ਼ੈਸਲੇ ਨੂੰ ਸਾਰਿਆਂ ਨੇ ਕਬੂਲ ਕਰ ਲਿਆ ਅਤੇ ਮੋਰਚਾ ਫਤਿਹ ਹੋ ਗਿਆ।

**ਕਿਰਪਾਨ ਦੀ ਅਜ਼ਾਦੀ ਦਾ ਮੋਰਚਾ:** ਹਿੰਦੁਸਤਾਨ ਦੇ ਅਸਲਾ ਐਕਟ (xi 1878) ਅਨੁਸਾਰ ਬਿਨਾ ਲਾਇਸੰਸ ਜਾਂ ਛੋਟ ਦੇ ਕੋਈ ਵੀ ਆਪਣੇ ਪਾਸ ਹਥਿਆਰ ਨਹੀਂ ਸੀ ਰੱਖ ਸਕਦਾ। ਇਸ ਲਈ ਸਿੱਖਾਂ ਦੇ ਕਿਰਪਾਨ ਪਾਉਣ ਉੱਪਰ ਵੀ ਪਾਬੰਦੀ ਲਗਾ ਦਿੱਤੀ ਗਈ। ਸਿੱਖਾਂ ਨੇ ਕਿਰਪਾਨ ਰੱਖਣ ਦੀ ਅਜ਼ਾਦੀ ਲਈ ਮੋਰਚਾ ਸ਼ੁਰੂ ਕਰ ਦਿੱਤਾ। ਹਜ਼ਾਰਾਂ ਸਿੱਖਾਂ ਨੂੰ ਅਸਲਾ ਐਕਟ ਦੀ ਉਲੰਘਣਾ ਕਾਰਨ ਜੇਲ੍ਹ ਭੇਜਿਆ ਗਿਆ। ਕਿਰਪਾਨ ਬਣਾਉਣ ਵਾਲੀਆਂ ਫੈਕਟਰੀਆਂ ਉੱਪਰ ਛਾਪੇ ਮਾਰੇ ਗਏ। ਇਸ ਮੋਰਚੇ ਦੇ ਹੱਕ ਵਿਚ ਪ੍ਰਚਾਰ ਕਰਨ ਲਈ ੧੯੨੨ ਈ. ਵਿਚ 'ਕਿਰਪਾਨ ਬਹਾਦਰ' ਨਾਂ ਦੀ ਸਪਤਾਹਿਕ ਪੱਤ੍ਰਿਕਾ ਜਾਰੀ ਕੀਤੀ ਗਈ, ਜਿਸ ਦੇ ਸੰਪਾਦਕ ਸ. ਸੇਵਾ ਸਿੰਘ ਨੇ ਆਪਣੇ ਲੇਖਾਂ ਰਾਹੀਂ ਲੋਕ-ਰਾਏ ਕਾਇਮ ਕਰਨ ਵਿਚ ਉਸਾਰੂ ਭੂਮਿਕਾ ਨਿਭਾਈ। ਤਿੰਨ ਫੁੱਟੀ ਕਿਰਪਾਨ ਰੱਖਣ ਕਾਰਨ ਪਕੜੇ ਗਏ ਸਿੱਖਾਂ ਨੂੰ 'ਕਿਰਪਾਨ ਬਹਾਦਰ' ਦਾ ਖ਼ਿਤਾਬ ਦਿੱਤਾ ਜਾਣ ਲੱਗਿਆ। ਸੰਨ ੧੯੨੨ ਵਿਚ ਸਰਕਾਰ ਅਤੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਵਿਚ ਸਮਝੌਤਾ ਹੋ ਗਿਆ ਅਤੇ ਕਿਰਪਾਨ ਰੱਖਣ ਉੱਤੇ ਪਾਬੰਦੀ ਖਤਮ ਕਰ ਦਿੱਤੀ ਗਈ। ਇਸ ਨਾਲ ਕਿਰਪਾਨ ਦਾ ਮੋਰਚਾ ਖਤਮ ਹੋ ਗਿਆ।[੧੯]

**ਪੰਜਾਬੀ ਸੂਬਾ ਮੋਰਚਾ:** ਦੇਸ਼ ਦੀ ਵੰਡ ਤੋਂ ਬਾਅਦ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਦੀ ਗੱਲ ਚੱਲੀ। ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬੇ ਦੀ ਕਾਇਮੀ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਨਾਂਹ-ਪੱਖੀ ਦੇਖ ਕੇ ਮਾਸਟਰ ਤਾਰਾ ਸਿੰਘ ਵੱਲੋਂ ੧੦ ਮਈ, ੧੯੫੪ ਨੂੰ ਜਥੇ ਸਮੇਤ ਗ੍ਰਿਫ਼ਤਾਰੀ ਦੇ ਕੇ ਪੰਜਾਬੀ ਸੂਬਾ ਮੋਰਚਾ ਅਰੰਭ ਕਰ ਦਿੱਤਾ ਗਿਆ। ਵੱਖ-ਵੱਖ ਉਤਰਾਵਾਂ-ਚੜ੍ਹਾਵਾਂ ਵਿੱਚੋਂ ਗੁਜ਼ਰਦਾ, ਇਤਿਹਾਸਿਕ ਪੈੜਾਂ ਸਿਰਜਦਾ ੧ ਨਵੰਬਰ, ੧੯੬੬ ਨੂੰ ਪੰਜਾਬੀ ਸੂਬਾ ਬਣ ਜਾਣ ਨਾਲ ਇਹ ਮੋਰਚਾ ਫਤਿਹ ਹੋ ਗਿਆ। ਇਸ ਮੋਰਚੇ ਵਿਚ ਸਤਵੰਜਾ ਹਜ਼ਾਰ ਤੋਂ ਵੱਧ ਸਿੱਖਾਂ ਨੇ ਜੇਲ੍ਹਾਂ ਕੱਟੀਆਂ ਅਤੇ ਕੁਝ ਸ਼ਹੀਦ ਵੀ ਹੋਏ।

## ਹਵਾਲੇ ਅਤੇ ਟਿੱਪਣੀਆਂ

੧. ਡਾ. ਰਾਜਿੰਦਰ ਸਿੰਘ (ਸੰਪਾ.), *ਫ਼ਾਰਸੀ-ਪੰਜਾਬੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ,੧੯੯੬,

ਸਫ਼ਾ ੬੬੮

੨. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਨੈਸ਼ਨਲ ਬੁੱਕ ਸ਼ਾਪ, ੧੯੯੮, ਸਫਾ ੯੯੯.

੩. %l nvl jl, (sMpw) nwlNdw ivSwl *SwNd swgr,* NX eMplirXl bk ifpw, ne sVk, dhll, pMnw 1128

੪. ਮਹਾਨ ਕੋਸ਼, ਉਕਤ

੫. ਐਸ.ਐਸ. (ਜੋਸ਼ੀ) (ਸੰਪਾ.), *ਪੰਜਾਬੀ ਅੰਗਰੇਜ਼ੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੭੪, ਸਫ਼ਾ ੭੩੬

੬. *Oxford Dictionary,* (English to English and English to Hindi), p. 30, 26

੭. ਸ. ਬਖ਼ਸ਼ੀ ਸਿੰਘ ਆਦਿਲ, *ਅਕਾਲੀ ਮੋਰਚਾ ੧੯੮੨,* ਨਵੀਨ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, ੧੯੯੦, ਸਫ਼ਾ ੧੩

੮. ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਦੂਜਾ,ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫, ਸਫ਼ਾ ੧੪੬੦

੯. Harbans Singh,(Ed.) *The Encyclopedia of Sikhism,* Punjabi University Patiala, 1997, p. 123

੧੦. Teja Singh, *The Gurdwara Reform Movement and the Sikh Awakening,* Shiromani Gurdwara Parbandhak Committee, Sri Amritsar,1984, p. 61

੧੧. Mohinder Singh, *The Akali Movement,* National Institute of Panjab Studies, New Delhi, 1997, p.17

੧੨. ਡਾ. ਗੰਡਾ ਸਿੰਘ, *ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ* ੧੯੨੦-੧੯੨੫, ਐਕਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ, ਢਿੱਲੋਂ ਮਾਰਗ, ਪਟਿਆਲਾ, ੧੯੭੮, ਸਫ਼ਾ ੭

੧੩. Mohinder Singh, opp. p.18

੧੪. ਦੋ ਸ਼ਬਦ ਸ. ਗੁਰਚਰਨ ਸਿੰਘ ਟੌਹੜਾ, ਗਿਆਨੀ ਪ੍ਰਤਾਪ ਸਿੰਘ, *ਗੁਰਦੁਆਰਾ ਸੁਧਾਰ ਅਕਾਲੀ ਲਹਿਰ,* ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ੧੯੭੫, ਸਫ਼ਾ ੮

੧੫. ਡਾ. ਕੁਲਵੰਤ ਸਿੰਘ (ਬਾਜਵਾ), (ਸੰਪਾ.) *ਅਕਾਲੀ ਦਲ ਸੱਚਾ ਸੌਦਾ ਬਾਰ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੦, ਸਫ਼ਾ ੧੦

੧੬. ਡਾ. ਗੰਡਾ ਸਿੰਘ, *ਉਕਤ,* ਸਫ਼ਾ ੧੦

੧੭. ਸ. ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਨਵਯੁਗ ਪਬਲਿਸ਼ਰਜ਼, ਦਿੱਲੀ, ੧੯੭੨, ਸਫ਼ਾ ੩੮੮

੧੮. ਸ. ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁ. ਪ੍ਰ. ਕਮੇਟੀ ਦਾ ੫੦ ਸਾਲਾ ਇਤਿਹਾਸ,* ਸਿੱਖ ਇ. ਰੀ. ਬੋਰਡ, ਸ਼੍ਰੋਮਣੀ ਗੁ. ਪ੍ਰ. ਕਮੇਟੀ ਸ੍ਰੀ ਅੰਮ੍ਰਿਤਸਰ, ੧੯੯੮, ਸਫ਼ਾ ੧੦੪

੧੯. *ਸਿੱਖ ਪੰਥ ਵਿਸ਼ਵ ਕੋਸ਼,* ਭਾਗ ਪਹਿਲਾ, ਸਫ਼ਾ ੫੦੫ ■

# ਭੂਲੇ ਮਾਰਗੁ ਜਿਨਹਿ ਬਤਾਇਆ

*-ਸ. ਜੋਗਿੰਦਰ ਸਿੰਘ**

ਪਰਮਾਤਮਾ ਦੀ ਪ੍ਰਾਪਤੀ ਦੇ ਅਨੇਕਾਂ ਮਾਰਗ ਹਨ ਅਤੇ ਅਨੇਕਾਂ ਹੀ ਮਨੁੱਖ ਉਨ੍ਹਾਂ ਉੱਪਰ ਚੱਲਣ ਵਾਲੇ ਹਨ। ਇਸ ਤਰ੍ਹਾਂ ਹੀ ਅਨੇਕਾਂ ਮਾਰਗ ਦਰਸਾਉਣ ਵਾਲੇ ਹਨ। ਪੁਰਾਤਨ ਗ੍ਰੰਥਾਂ ਵਿਚ ਚਾਰ ਮਾਰਗਾਂ ਦਾ ਜ਼ਿਕਰ ਮਿਲਦਾ ਹੈ। ਇਹ ਚਾਰ ਮਾਰਗ ਹਨ: ਕਰਮ ਯੋਗ, ਭਗਤੀ ਯੋਗ, ਗਿਆਨ ਯੋਗ ਤੇ ਰਾਜ ਯੋਗ। ਪਰ ਸਾਰਿਆਂ ਮਾਰਗਾਂ ਨੂੰ ਦੋ ਮੁੱਖ ਅੰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਕ ਹੈ— ਹਿਰਦੇ (Emotion) ਦਾ ਮਾਰਗ। ਇਸ ਮਾਰਗ ਵਿਚ ਪ੍ਰੇਮ, ਭਗਤੀ, ਸ਼ਰਧਾ, ਵਿਸ਼ਵਾਸ, ਕੁਰਬਾਨੀ ਤੇ ਸੇਵਾ ਆਦਿ ਸ਼ਾਮਲ ਹਨ। ਦੂਸਰਾ ਹੈ— ਬੁੱਧੀ (Thought) ਦਾ ਮਾਰਗ। ਇਸ ਵਿਚ ਗਿਆਨ, ਧਿਆਨ, ਸਿਮਰਨ, ਪੜ੍ਹਨਾ, ਸਮਝਣਾ ਤੇ ਕਿੰਤੂ-ਪ੍ਰੰਤੂ ਆਦਿ ਸ਼ਾਮਲ ਹਨ।

ਦੋਵੇਂ ਰਾਹ ਇੱਕ-ਦੂਜੇ ਦੇ ਉਲਟ ਹਨ। ਜੇ ਬੁੱਧੀ-ਪ੍ਰਧਾਨ ਮਨੁੱਖ ਪ੍ਰੇਮ ਦੇ ਰਾਹ 'ਤੇ ਚੱਲੇਗਾ ਤਾਂ ਯਾਤਰਾ ਪੂਰੀ ਨਹੀਂ ਕਰ ਸਕੇਗਾ। ਉਹ ਕਦਮ-ਕਦਮ 'ਤੇ ਕਿੰਤੂ-ਪ੍ਰੰਤੂ ਕਰੇਗਾ, ਆਪਣੀ ਅਸ਼ਰਧਾ ਦਿਖਾਏਗਾ। ਇਸ ਰਾਹ 'ਤੇ ਉਸ ਨੂੰ ਬਹੁਤ ਵਿਘਨ ਪੈਣਗੇ। ਉਸ ਨੂੰ ਪ੍ਰੇਮੀ ਦਾ ਨੱਚਣਾ-ਕੁੱਦਣਾ, ਰੋਣਾ-ਹੱਸਣਾ, ਵਿਛੋੜਾ-ਬਿਰਹਾ ਆਦਿ ਸਮਝ ਵਿਚ ਨਹੀਂ ਆਵੇਗਾ। ਇਸ ਤਰ੍ਹਾਂ ਜੇ ਹਿਰਦੇ-ਪ੍ਰਧਾਨ ਮਨੁੱਖ ਗਿਆਨ-ਧਿਆਨ, ਸਿਮਰਨ-ਵਿਚਾਰਨ ਦੇ ਰਾਹ 'ਤੇ ਚੱਲੇਗਾ ਤਾਂ ਉਹ ਯਾਤਰਾ ਪੂਰੀ ਨਹੀਂ ਕਰ ਸਕੇਗਾ। ਉਸ ਨੂੰ ਸ਼ਾਂਤ ਬੈਠਣਾ, ਅੱਖਾਂ ਮੀਟੀ ਰੱਖਣਾ, ਅਡੋਲ ਰਹਿਣਾ, ਮਨ ਨੂੰ ਇਕਾਗਰ ਕਰਨਾ, ਆਦਿ ਰਾਸ ਨਹੀਂ ਆਵੇਗਾ। ਉਹ ਰਾਹ ਵਿਚ ਹੀ ਰਹਿ ਜਾਵੇਗਾ। ਇਸ ਤਰ੍ਹਾਂ ਦੇ ਗ਼ਲਤ ਮਾਰਗਾਂ ਉੱਪਰ ਚੱਲਣ ਵਾਲੇ ਭੁੱਲਿਆਂ ਨੂੰ ਗੁਰੂ ਹੀ ਠੀਕ ਰਾਹ ਦਰਸਾਉਂਦਾ ਹੈ ਅਤੇ ਉੱਸੇ ਉੱਪਰ ਚੱਲਣ ਦੀ ਸਲਾਹ ਦਿੰਦਾ ਹੈ :

*-ਭੂਲੇ ਮਾਰਗੁ ਜਿਨਹਿ ਬਤਾਇਆ ॥ ਐਸਾ ਗੁਰੁ ਵਡਭਾਗੀ ਪਾਇਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੦੩)*

ਪਰ ਇਸ ਤਰ੍ਹਾਂ ਦਾ ਗੁਰੂ ਕਿਸੇ ਕਰਮਾਂ ਵਾਲੇ ਨੂੰ ਹੀ ਮਿਲਦਾ ਹੈ। ਬਹੁਤੇ ਗੁਰੂ ਸਿਰਫ ਆਪਣੇ ਮਾਰਗ ਦੇ ਹੀ ਜਾਣੂ ਹੁੰਦੇ ਹਨ, ਉਹ ਦੂਸਰੇ ਮਾਰਗ ਦੀ ਜਾਣਕਾਰੀ ਜਾਂ ਅਨੁਭਵ ਨਹੀਂ ਰੱਖਦੇ। ਕੇਵਲ ਸਿੱਖ ਗੁਰੂ ਸਾਹਿਬਾਨ ਹੀ ਸਨ ਜਿਨ੍ਹਾਂ ਨੂੰ ਦੋਹਾਂ ਮਾਰਗਾਂ ਦਾ ਗਿਆਨ ਸੀ। ਉਨ੍ਹਾਂ ਨੇ ਇਨ੍ਹਾਂ ਮਾਰਗਾਂ ਉੱਪਰ ਯਾਤਰਾ ਕੀਤੀ ਸੀ ਤੇ ਅਨੁਭਵ ਰੱਖਦੇ ਸਨ।

ਮੁੰਬਈ ਤੋਂ ਦਿੱਲੀ ਜਾਣ ਦੇ ਕਈ ਰਾਹ ਹਨ ਤੇ ਕਈ ਰੇਲ ਗੱਡੀਆਂ ਹਨ। ਇੱਕ ਪੱਛਮੀ ਰਾਹ 'ਤੇ ਚੱਲਦੀ ਹੈ ਜਿਸ ਨੂੰ (Western Railway) ਦੇ ਨਾਮ ਨਾਲ ਜਾਣਿਆ

*#303, Ivory Tower, Juhu, koliwada, Mumbai (Maharashtra) 400049; M. 9833393536*

ਜਾਂਦਾ ਹੈ ਤੇ ਦੂਜੀ ਮੱਧਮ ਰਾਹ 'ਤੇ ਚੱਲਦੀ ਹੈ। ਜੋ ਕਿ (Central Railway) ਹੈ। ਦੋਵੇਂ ਗੱਡੀਆਂ ਦਿੱਲੀ ਪਹੁੰਚਾਅ ਦਿੰਦੀਆਂ ਹਨ, ਪਰ ਹਰ ਰਾਹ ਦੇ ਦ੍ਰਿਸ਼, ਵਾਤਾਵਰਣ, ਭੋਜਨ, ਵੇਸ਼-ਭੂਸ਼ਾ, ਆਦਿ ਅਲੱਗ ਹਨ। ਕਿਹੜੀ ਗੱਡੀ ਫੜਨੀ ਹੈ? ਦਿਲ ਵਾਲੀ ਜਾਂ ਦਿਮਾਗ ਵਾਲੀ। ਇਹ ਇਕ ਅਨੁਭਵੀ ਗੁਰੂ ਹੀ ਦੱਸ ਸਕਦਾ ਹੈ। ਇਸ ਲਈ ਸਾਨੂੰ ਆਪਣੀ ਸਿਆਣਪ ਤੇ ਗ਼ਲਤ ਰਾਹ ਤਿਆਗ ਦੇਣੇ ਚਾਹੀਦੇ ਹਨ :

*ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੩)*

ਗੁਰੂ (ਇਸ ਲੇਖ ਵਿਚ ਗੁਰੂ ਦਾ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ) ਸਾਡੇ ਵੱਲੋਂ ਨਿਕਲੀਆਂ ਸੂਖਮ ਤਰੰਗਾਂ ਮਹਿਸੂਸ ਕਰ ਸਕਦਾ ਹੈ, ਗਿਆਨ-ਇੰਦ੍ਰੀਆਂ ਦੀ ਵਰਤੋਂ ਬਿਨਾਂ ਉਹ ਜਾਣ ਸਕਦਾ ਹੈ ਕਿ ਇਹ ਤਰੰਗਾਂ ਬਹੁਤੀਆਂ ਕਰਕੇ ਹਿਰਦੇ ਤੋਂ ਆ ਰਹੀਆਂ ਹਨ ਜਾਂ ਬੁੱਧੀ ਤੋਂ। ਉਸੇ ਅਨੁਸਾਰ ਗੁਰੂ ਆਪਣੇ ਸਿੱਖ ਨੂੰ ਠੀਕ ਰਾਹ ਦਰਸਾਉਂਦਾ ਹੈ। ਜੇ ਗੁਰੂ ਕਹਿੰਦਾ ਹੈ ਕਿ ਬੁੱਧੀ ਦਾ ਰਾਹ ਪਕੜੋ, ਗਿਆਨ-ਧਿਆਨ ਦਾ ਨਹੀਂ, ਤਾਂ ਗੁਰੂ ਵੱਲੋਂ ਦਰਸਾਇਆ ਰਾਹ ਹੀ ਅਪਣਾਓ। ਗੁਰੂ ਜਾਣਦਾ ਹੈ ਕਿ ਸਾਡਾ ਮਨ ਕਿਸ ਪ੍ਰਕਾਰ ਦੇ ਪ੍ਰਭਾਵ ਨਾਲ ਡੋਲਦਾ ਹੈ। ਉਹ ਹੀ ਇਸ ਭੇਦ ਨੂੰ ਸਮਝਦਾ ਹੈ। ਉਸ ਬਿਨਾਂ ਹੋਰ ਕੋਈ ਠੀਕ ਪੱਥ ਨਹੀਂ ਦਰਸਾਅ ਸਕਦਾ। ਗੁਰਬਾਣੀ ਵਿਚਲੇ ਕੁਝ ਫੁਰਮਾਨ ਹਨ :

*-ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੯)*

*-ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੧੦)*

*-ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੩)*

ਜੇ ਸਿੱਖ ਬੁੱਧੀ-ਪ੍ਰਧਾਨ ਹੈ, ਤਾਂ ਗੁਰੂ ਉਸ ਨੂੰ ਹਰ ਸਮੇਂ ਪ੍ਰਭੂ ਦਾ ਧਿਆਨ ਕਰਨ ਲਈ ਕਹੇਗਾ। ਉੱਠਦਿਆਂ-ਬੈਠਦਿਆਂ-ਚੱਲਦਿਆਂ ਹਰ ਸਮੇਂ ਵਾਹਿਗੁਰੂ ਦਾ ਚਿਤਵਨ ਕਰਨ ਲਈ ਕਹੇਗਾ, ਨਾਮ ਦਾ ਜਾਪ ਕਰਨ ਲਈ ਕਹੇਗਾ :

*-ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੮੬)*

*-ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੫)*

ਜੇ ਸਿੱਖ ਹਿਰਦੇ-ਪ੍ਰਧਾਨ ਹੈ, ਕੋਮਲ ਮਨ ਦਾ ਮਾਲਕ ਹੈ ਤਾਂ ਗੁਰੂ ਉਸ ਨੂੰ ਪ੍ਰਭੂ ਦੀ ਕੀਰਤ, ਉਸਤਤਿ, ਉਪਾਸਨਾ, ਗੁਣਗਾਣ ਤੇ ਸੇਵਾ ਆਦਿ ਕਰਨ ਲਈ ਕਹੇਗਾ:

*-ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੮੬)*

*-ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੮)*

*-ਭਜੁ ਗੋਬਿੰਦ ਸਭ ਛੋਡਿ ਜੰਜਾਲ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੦੫)*

ਬੁੱਧੀ-ਪ੍ਰਧਾਨ ਮਨੁੱਖ ਲਈ ਦੂਸਰਾ ਰਸਤਾ ਨਹੀਂ ਬਚਦਾ। ਜਿਉਂ-ਜਿਉਂ ਉਹ ਗਹਿਰਾਈ ਵਿਚ ਜਾਂਦਾ ਹੈ, ਉਹ ਦੇਖਦਾ ਹੈ ਕਿ ਸਿਰਫ ਉਹੀ ਹੈ, ਦੂਸਰਾ ਤਾਂ ਕੋਈ ਹੈ ਹੀ ਨਹੀਂ। ਸਿਆਣਿਆਂ ਦਾ ਕਥਨ ਹੈ ਕਿ— "ਜਿਸ ਦੇ ਨਾਲ ਸਤਿ ਹੈ ਉਹ ਇਕੱਲਾ ਹੁੰਦਿਆਂ ਹੋਇਆਂ ਵੀ ਬਹੁਮਤ ਵਿਚ ਹੈ।" ਇਸ ਮਾਰਗ ਵਿਚ ਦੂਸਰਾ ਰਸਤਾ ਮਿਟ ਜਾਂਦਾ ਹੈ।

ਜੈਨੀਆਂ ਤੇ ਬੋਧੀਆਂ ਨੇ ਧਿਆਨ ਕੀਤਾ ਤੇ ਪਾਇਆ ਕਿ ਦੂਸਰਾ ਤਾਂ ਕੋਈ ਹੈ ਹੀ ਨਹੀਂ। ਉਨ੍ਹਾਂ ਕਿਹਾ 'ਆਤਮਾ ਮਿਲੀ, ਪਰਮਾਤਮਾ ਨਹੀਂ ਮਿਲਿਆ।' ਇਸੇ ਕਾਰਨ ਕਈ ਇਨ੍ਹਾਂ ਨੂੰ 'ਨਾਸਤਕ' ਕਹਿੰਦੇ ਹਨ। ਇੱਕ ਧਿਆਨੀ ਨੇ ਕਿਹਾ— 'ਅਹੰਮ ਬ੍ਰਹਮ ਅਸਮੀ', ਯਾਨੀ ਮੈਂ ਹੀ ਬ੍ਰਹਮਾ ਹਾਂ। ਇਸੇ ਤਰ੍ਹਾਂ ਹੀ ਇਕ ਮੁਸਲਮਾਨ ਸੰਤ ਮਨਸੂਰ ਹੋਇਆ, ਉਸ ਨੇ ਕਿਹਾ— 'ਅਨਲਹੱਕ', ਭਾਵ ਕਿ ਮੈਂ ਹੀ ਅੱਲ੍ਹਾ ਹਾਂ। ਉਸ ਨੂੰ ਇਸ ਤਰ੍ਹਾਂ ਕਹਿਣ 'ਤੇ ਫਾਂਸੀ ਲਾ ਦਿੱਤੀ ਗਈ। ਧਿਆਨੀਆਂ ਲਈ ਆਦਿ ਹੀ ਅੰਤ ਹੈ। ਉਹ ਮੰਜ਼ਿਲ ਉੱਪਰ ਹੀ ਖੜੇ ਹਨ। ਬੁੱਧੀ ਦੇ ਮਾਰਗ ਵਿਚ ਦੂਸਰਾ ਮਿਟ ਜਾਂਦਾ ਹੈ, ਮੈਂ ਹੀ ਬਚਦਾ ਹੈ।

ਪਰ ਜੇ ਸੱਚਾ ਗੁਰੂ ਮਿਲ ਜਾਏ ਤਾਂ ਇਸ ਰਾਹ ਵਿਚ ਵੀ 'ਮੈਂ' ਮਿਟ ਜਾਂਦੀ ਹੈ ਤੇ ਵਾਹਿਗੁਰੂ ਹੀ ਬਚਦਾ ਹੈ। ਗੁਰਮਤਿ ਇਹ ਹੈ ਕਿ ਦੋਹਾਂ ਰਾਹਾਂ ਵਿਚ 'ਮੈਂ' ਮਿੱਟਦੀ ਹੈ 'ਤੂੰ' ਨਹੀਂ।

ਹਿਰਦੇ ਦੇ ਮਾਰਗ ਵਿਚ 'ਮੈਂ' ਮਿਟ ਜਾਂਦੀ ਹੈ ਤੇ 'ਤੂੰ' ਹੀ ਬਚਦਾ ਹੈ। ਭਗਤੀ ਮਾਰਗ ਵਿਚ ਪ੍ਰਭੂ ਹੀ ਹੈ, ਹੋਰ ਕੋਈ ਨਹੀਂ। ਇਸੇ ਭਾਵ ਨੂੰ ਦਰਸਾਉਂਦੇ ਹੋਏ ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਜਦੋਂ ਤਕ ਮੈਂ ਸਾਂ ਉਦੋਂ ਤਕ ਤੂੰ ਨਹੀਂ ਸੀ, ਹੁਣ ਤੂੰ ਹੀ ਹੈਂ, ਮੈਂ ਨਹੀਂ ਹਾਂ :

*-ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੭)*

ਦੋ ਵਿੱਚੋਂ ਇੱਕ ਨੂੰ ਮਿੱਟਣਾ ਪੈਂਦਾ ਹੈ - ਜਾਂ ਮੈਂ ਨਹੀਂ, ਜਾਂ ਤੂੰ ਨਹੀਂ। ਦਵੈਤ ਵਿਚ ਪ੍ਰਭੂ ਨਾਲ ਮੇਲ ਨਹੀਂ ਹੋ ਸਕਦਾ, ਉਸ ਦੇ ਦਰਸ਼ਨ ਨਹੀਂ ਹੋ ਸਕਦੇ:

*-ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭)*

*-ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੯)*

ਪਹਿਲੀ ਲੋੜ ਹੈ ਦਵੈਤ ਨੂੰ ਮਿਟਾਉਣ ਦੀ। ਦੂਸਰੀ ਲੋੜ ਹੈ ਵਰਤਮਾਨ ਵਿਚ

ਰਹਿਣ ਦੀ। ਪ੍ਰਭੂ-ਪਰਮਾਤਮਾ ਸਦਾ ਵਰਤਮਾਨ ਵਿਚ ਹੈ। ਵਰਤਮਾਨ ਵਿਚ ਵੱਸਣ ਵਾਲੇ ਦੇ ਦਰਸ਼ਨਾਂ ਲਈ ਸਾਨੂੰ ਵੀ ਵਰਤਮਾਨ ਵਿਚ ਹੀ ਟਿਕਣਾ ਪਵੇਗਾ। ਜੇ ਸਾਡਾ ਮਨ ਭੂਤ-ਭਵਿੱਖ ਵਿਚਕਾਰ ਡੋਲਦਾ ਰਹੇਗਾ ਤਾਂ ਵਾਹਿਗੁਰੂ ਦੇ ਦਰਸ਼ਨ ਕਦੀ ਵੀ ਨਹੀਂ ਹੋ ਸਕਣਗੇ, ਕਿਉਂਕਿ ਉਹ ਤਾਂ ਉੱਥੇ ਹੈ ਹੀ ਨਹੀਂ, ਉਹ ਤਾਂ ਵਰਤਮਾਨ ਵਿਚ ਹੈ।

ਭਾਵੇਂ ਹਿਰਦੇ ਦਾ ਮਾਰਗ ਪਕੜੋ ਤੇ ਭਾਵੇਂ ਬੁੱਧੀ ਦਾ, ਦੋਹਾਂ ਹਾਲਾਤ ਵਿਚ ਸਾਨੂੰ ਵਰਤਮਾਨ ਵਿਚ ਆਉਣਾ ਪਵੇਗਾ। ਸਾਰੀਆਂ ਵਿਧੀਆਂ ਸਾਨੂੰ ਵਰਤਮਾਨ ਵਿਚ ਠਹਿਰਾਣ ਲਈ ਹਨ। ਲੋਭ ਸਾਨੂੰ ਆਉਣ ਵਾਲੇ ਕੱਲ ਵੱਲ ਲਿਜਾਂਦਾ ਹੈ ਤੇ ਹਉਮੈਂ ਬੀਤ ਗਏ ਕੱਲ ਵੱਲ। ਇਸੇ ਲਈ ਗੁਰਬਾਣੀ ਦੱਸਦੀ ਹੈ ਕਿ ਲੋਭ ਤੇ ਹੰਕਾਰ ਦੋਵੇਂ ਪੀੜਾ ਹਨ, ਦੁੱਖ ਦਾ ਕਾਰਨ ਹਨ :

*-ਲਬੁ ਲੋਭੁ ਅਹੰਕਾਰੁ ਸੁ ਪੀਰਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੪)*

*-ਲਭੁ ਲੋਭੁ ਬੁਰਾ ਅਹੰਕਾਰੁ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੧)*

ਮੈਂ ਧਨ ਪਾਉਣਾ ਹੈ, ਮੈਂ ਉੱਚਾ ਅਹੁਦਾ ਪਾਉਣਾ ਹੈ, ਮੈਂ ਮਹਿਲ-ਮਾੜੀਆਂ ਬਣਾਉਣੀਆਂ ਹਨ ਆਦਿ, ਸਭ ਆਉਣ ਵਾਲੇ ਕੱਲ ਵਿਚ ਹੀ ਹੋ ਸਕਦਾ ਹੈ। ਸੋ ਪਾਉਣ ਦੀ ਇੱਛਾ (ਲੋਭ) ਸਾਨੂੰ ਭਵਿੱਖ ਵੱਲ ਲੈ ਜਾਂਦੀ ਹੈ ਅਤੇ ਵਰਤਮਾਨ ਹੱਥੋਂ ਖੁਸ ਜਾਂਦਾ ਹੈ। ਇਸੇ ਤਰ੍ਹਾਂ ਹੀ ਅਹੰਕਾਰ ਕਹਿੰਦਾ ਹੈ ਕਿ ਮੈਂ ਕਰੋੜਪਤੀ, ਮੈਂ ਮੰਤਰੀ, ਮੈਂ ਅਫਸਰ। ਇਹ ਪ੍ਰਾਪਤੀਆਂ ਬੀਤੇ ਕੱਲ ਦੀਆਂ ਹਨ। ਜੋ ਵੀ ਪਾਇਆ ਸੀ ਬੀਤੇ ਕੱਲ ਦੀ ਪ੍ਰਾਪਤੀ ਸੀ। ਅਹੰਕਾਰ ਸਾਨੂੰ ਇਹ ਭੁੱਲਣ ਨਹੀਂ ਦਿੰਦਾ। ਮੁੜ-ਮੁੜ ਪਿਛਾਂਹ ਵੱਲ ਖਿੱਚੀ ਜਾਂਦਾ ਹੈ।ਬੀਤ ਗਿਆ ਸਮਾਂ ਭੂਤਕਾਲ ਬਣ ਗਿਆ ਹੈ। ਪ੍ਰਭੂ ਨਾਲ ਮਿਲਾਪ ਵਰਤਮਾਨ ਵਿਚ ਹੀ ਹੋ ਸਕਦਾ ਹੈ। ਪਰ ਅਸੀਂ ਭੂਤ ਤੇ ਭਵਿੱਖ ਵਿਚਕਾਰ ਘੁੰਮਦੇ ਰਹਿੰਦੇ ਹਾਂ।

ਇੱਕ ਮੰਤਰੀ ਨੇ ਰਾਜੇ ਨੂੰ ਕੋਈ ਗ਼ਲਤ ਕਰਮ ਕਰਨ ਤੋਂ ਰੋਕਿਆ। ਰਾਜੇ ਨੇ ਗੁੱਸੇ ਵਿਚ ਆ ਕੇ ਉਸ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ। ਫਿਰ ਰਾਜੇ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਅਤੇ ਉਸ ਨੇ ਮੰਤਰੀ ਨੂੰ ਚੁੱਪ-ਚੁਪੀਤੇ ਛੱਡਣ ਦਾ ਨਿਰਣਾ ਕਰ ਲਿਆ। ਰਾਜੇ ਨੇ ਮੰਤਰੀ ਨੂੰ ਕਿਹਾ— "ਇਸ ਜੇਲ੍ਹ ਦੇ ੫੦੦ ਦਰਵਾਜ਼ੇ ਹਨ। ਇਨ੍ਹਾਂ ਵਿੱਚੋਂ ਮੈਂ ਇਕ ਦਰਵਾਜ਼ਾ ਖੁੱਲ੍ਹਾ ਰੱਖਾਂਗਾ। ਤੂੰ ਉਸ ਰਾਹੀਂ ਬਾਹਰ ਨਿਕਲ ਸਕਦਾ ਹੈਂ। ਬਾਹਰ ਤੈਨੂੰ ਕੋਈ ਨਹੀਂ ਪਕੜੇਗਾ।" ੫੦੦ ਵਿੱਚੋਂ ਇੱਕ ਢੋਇਆ ਦਰਵਾਜ਼ਾ ਲੱਭਣਾ ਆਸਾਨ ਨਹੀਂ ਸੀ। ਮੰਤਰੀ ਨੇ ਉਹ ਦਰਵਾਜ਼ਾ ਲੱਭਣਾ ਸ਼ੁਰੂ ਕੀਤਾ। ਪਹਿਲੀ ਵਾਰੀ ਜਦੋਂ ਉਹ ਦਰਵਾਜ਼ੇ ਕੋਲੋਂ ਲੰਘ ਰਿਹਾ ਸੀ ਤਾਂ ਉਸ ਦਾ ਮਨ ਰਾਜੇ ਤੋਂ ਬਦਲਾ ਲੈਣ ਬਾਰੇ ਯੋਜਨਾ ਬਣਾ ਰਿਹਾ ਸੀ। ਮਨ ਭਵਿੱਖ ਵਿਚ ਚਲਾ ਗਿਆ ਅਤੇ ਬੇਧਿਆਨੀ ਕਾਰਨ ਢੋਇਆ ਬੂਹਾ ਲੰਘ ਗਿਆ। ਦੂਸਰੀ ਵਾਰੀ ਉਹ ਰਾਜੇ ਪ੍ਰਤੀ ਕੀਤੀਆਂ ਸੇਵਾਵਾਂ ਬਾਰੇ ਸੋਚ ਰਿਹਾ ਸੀ, ਇਸ ਕਾਰਨ ਉਹ ਬੀਤੇ ਕੱਲ ਵਿਚ ਚਲਾ

ਗਿਆ ਅਤੇ ਖੁੱਲ੍ਹਾ ਦਰ ਫਿਰ ਖੁੱਸ ਗਿਆ। ਸੋ, ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਵਰਤਮਾਨ ਵਿਚ ਰਹੇ ਬਗ਼ੈਰ ਕੋਈ ਪ੍ਰਾਪਤੀ ਨਹੀਂ ਹੋ ਸਕਦੀ।

ਸਾਰੇ ਰਾਹ ਪ੍ਰਭੂ-ਪਰਮਾਤਮਾ ਵੱਲ ਹੀ ਜਾਂਦੇ ਹਨ ਅਤੇ ਹਰ ਰਾਹ ਬੇਸ਼ਕੀਮਤੀ ਮਾਣਕ-ਮੋਤੀਆਂ ਨਾਲ ਜੜਿਆ ਹੋਇਆ ਹੈ :

*-ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥*
*ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੦)*

ਅਗਿਆਨਤਾਵੱਸ ਅਸੀਂ ਅੰਨ੍ਹੇ ਹੋਏ ਹਾਂ। ਇਸ ਕਾਰਨ ਜਾਂ ਤਾਂ ਅਸੀਂ ਪ੍ਰਭੂ ਵੱਲ ਦੀ ਯਾਤਰਾ ਕਰਦੇ ਹੀ ਨਹੀਂ ਜਾਂ ਗ਼ਲਤ ਰਾਹ ਉੱਪਰ ਤੁਰ ਪੈਂਦੇ ਹਾਂ। ਗੁਰੂ ਦੇ ਗਿਆਨ ਤੋਂ ਵਿਹੂਣਾ ਸੰਸਾਰ ਅਕਾਰਨ ਹੀ ਆਪਣਾ ਕੀਮਤੀ ਸਮਾਂ ਬਰਬਾਦ ਕਰ ਰਿਹਾ ਹੈ। ਗੁਰੂ-ਗਿਆਨ ਦੀ ਜੋਤ ਹੀ ਸਾਨੂੰ ਠੀਕ ਰਾਹ ਦਰਸਾਅ ਸਕਦੀ ਹੈ ਅਤੇ ਇਸ ਉੱਪਰ ਚੱਲਣ ਲਈ ਪ੍ਰੇਰਿਤ ਕਰ ਸਕਦੀ ਹੈ। ■

---

***ਗੁਰਦੁਆਰਾ ਚਰਨ ਕਮਲ. . .***   *ਸਫ਼ਾ 46 ਦਾ ਬਾਕੀ . . .*

ਇਸ ਪਿੱਪਲ ਦੇ ਦਰੱਖਤ ਨਾਲ ਇਕ ਪੱਥਰ ਦੀ ਸਿੱਲ ਵੀ ਪਈ ਹੈ, ਜਿਸ ਬਾਰੇ ਦੱਸਿਆ ਗਿਆ ਕਿ ਗੁਰੂ ਸਾਹਿਬ ਇਸ 'ਤੇ ਬੈਠੇ ਸਨ ਅਤੇ ਇੱਥੇ ਚਾਰ ਦਿਨ ਵਿਸ਼ਰਾਮ ਕੀਤਾ ਸੀ। ਠਾਕੁਰ ਹੁਰਮੱਤ ਸਿੰਘ ਚੰਬਿਆਲ ਨੇ ਆਪਣੇ ਸਵਰਗ ਵਾਸੀ ਪੁੱਤਰ ਕੁੰਵਰ ਨਰੇਂਦਰ ਸਿੰਘ ਚੰਬਿਆਲ ਦੀ ਯਾਦ ਵਿਚ ਇਕ ਕਨਾਲ ਜ਼ਮੀਨ ਅਰਦਾਸ ਕਰਾਈ ਹੈ ਤਾਂ ਜੋ ਸਿੱਖ ਇੱਥੇ ਗੁਰਦੁਆਰਾ ਸਾਹਿਬ ਇਮਾਰਤ ਉਸਾਰ ਸਕਣ। ਇੱਥੋਂ ਥੋੜ੍ਹੀ ਦੂਰੀ 'ਤੇ ਇੱਕ ਪਾਣੀ ਦੀ ਬਾਉਲੀ ਵੀ ਮੌਜੂਦ ਹੈ। ਪਿੱਪਲ ਦੇ ਨਾਲ ਹੀ ਇੱਕ ਛੋਟਾ ਜਿਹਾ ਕਮਰਾ ਉਸਾਰ ਦਿੱਤਾ ਗਿਆ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੁਸ਼ੋਭਿਤ ਹੈ। ਹੁਣ ਕਾਰ-ਸੇਵਾ ਵਾਲੇ ਮਹਾਂਪੁਰਸ਼ਾਂ ਨੇ ਲਾਗੇ ਹੀ ਗੁਰਦੁਆਰਾ ਸਾਹਿਬ ਦੀ ਵੱਡੀ ਇਮਾਰਤ ਉਸਾਰ ਦਿੱਤੀ ਹੈ, ਜਿਸ ਦਾ ਕੰਮ ਆਖ਼ਰੀ ਪੜਾਅ 'ਤੇ ਹੈ।

ਸੰਗਤ ਆ ਕੇ ਇੱਥੇ ਨਤਮਸਤਕ ਹੁੰਦੀ ਹੈ ਅਤੇ 'ਗੁਰੂ ਕਾ ਲੰਗਰ' ਵੀ ਲਗਾਇਆ ਜਾਂਦਾ ਹੈ। ਅਕਤੂਬਰ ਦੇ ਮਹੀਨੇ ਗੁਰਮਤਿ-ਸਮਾਗਮ ਹੁੰਦੇ ਹਨ ਅਤੇ ਭਾਰੀ ਗਿਣਤੀ ਵਿਚ ਸੰਗਤ ਸ਼ਾਮਲ ਹੁੰਦੀ ਹੈ। ਗੁਰੂ ਨਾਨਕ ਸਾਹਿਬ ਇੱਥੇ ਅਕਤੂਬਰ ਦੇ ਮਹੀਨੇ ਵਿਚ ਆਏ ਦੱਸੇ ਜਾਂਦੇ ਹਨ। ਅੱਜਕਲ੍ਹ ਇਹ 'ਗੁਰਦੁਆਰਾ ਚਰਨ-ਕਮਲ ਪਾਤਸ਼ਾਹੀ ਪਹਿਲੀ, ਬਾਖਤਾ (ਜਸਰੋਟਾ) ਦੇ ਨਾਮ ਨਾਲ ਪ੍ਰਸਿੱਧ ਹੈ। ■

# ਪਾਣੀਪਤ ਦੀ ਤੀਜੀ ਲੜਾਈ ਅਤੇ ਸਿੱਖ

*-ਸ. ਹਰਵਿੰਦਰ ਸਿੰਘ ਖਾਲਸਾ**

. . .ਇਸ ਭਗਦੜ੍ਹ ਵਿਚ ਖਾਲਸੇ ਨੇ ਪਹਿਲਾਂ ਕੈਦੀ ਹਿੰਦੂ ਇਸਤਰੀਆਂ ਨੂੰ ਛੁਡਾ ਲਿਆ ਤੇ ਫਿਰ ਉਨ੍ਹਾਂ ਸਾਰੀਆਂ ਇਸਤਰੀਆਂ ਨੂੰ ਖ਼ਰਚ ਦੇ ਕੇ ਘਰੋਂ-ਘਰੀ ਪਹੁੰਚਾਇਆ। ਇਸ ਘਟਨਾ ਨਾਲ ਸਿੰਘਾਂ ਦੀ ਦਲੇਰੀ, ਨਿਸ਼ਕਾਮ ਸੇਵਾ ਦੀ ਧਾਂਕ ਹਰ ਪਾਸੇ ਪੈ ਗਈ ਅਤੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਲੋਕਾਂ ਦੇ ਸਤਿਕਾਰ ਦਾ ਕੇਂਦਰ ਬਣ ਗਏ ਅਤੇ ਪਿਆਰ ਨਾਲ ਲੋਕ ਉਸ ਨੂੰ 'ਬੰਦੀ ਛੋੜ' ਆਖਦੇ ਤੇ ਉਸ ਦੀ ਚੜ੍ਹਦੀ ਕਲਾ ਲਈ ਪਰਮਾਤਮਾ ਅੱਗੇ ਅਰਦਾਸਾਂ ਕਰਦੇ। ਪਾਣੀਪਤ ਦੇ ਮੈਦਾਨ ਵਿੱਚੋਂ ਮਰਹੱਟਣਾਂ ਨੂੰ ਵੀ ਮਹਾਂਰਾਸ਼ਟਰ ਵਿਚ ਉਨ੍ਹਾਂ ਦੇ ਘਰਾਂ ਤਕ ਸਿੰਘਾਂ ਨੇ ਬੜੇ ਜਫ਼ਰ ਜਾਲ ਕੇ ਪਹੁੰਚਾਇਆ ਸੀ। ਸਿੰਘਾਂ ਦੀ ਬਹਾਦਰੀ ਦੀ ਗਾਥਾ ਬਹੁਤ ਲੰਬੀ ਹੈ। ਕਾਸ਼! ਉਸ ਸਮੇਂ ਭਾਰਤ ਵਿਚਲੀਆਂ ਦੂਜੀਆਂ ਕੌਮਾਂ ਨੇ ਸਿੰਘਾਂ ਦਾ ਸਾਥ ਦਿੱਤਾ ਹੁੰਦਾ, ਤਾਂ ਕਿਸੇ ਵਿਦੇਸ਼ੀ ਹਮਲਾਵਰ ਦੀ ਇੰਨੀ ਹਿੰਮਤ ਨਹੀਂ ਸੀ ਕਿ ਉਹ ਭਾਰਤ 'ਤੇ ਵਾਰੋ-ਵਾਰੀ ਹਮਲਾ ਕਰਦੇ ਅਤੇ ਭਾਰਤ ਦਾ ਨਕਸ਼ਾ ਵੀ ਕੁਝ ਹੋਰ ਹੀ ਹੋਣਾ ਸੀ।

ਅਹਿਮਦ ਸ਼ਾਹ ਅਬਦਾਲੀ ਕਾਬਲ ਵਿਚ ਰੁੱਝਿਆ ਹੋਇਆ ਸਾਰੇ ਹਾਲਾਤਾਂ ਨੂੰ ਬੜੇ ਹੀ ਦੁਖ ਨਾਲ ਦੇਖ ਰਿਹਾ ਸੀ। ਆਪਣੇ ਪੁੱਤਰ ਤੈਮੂਰ ਦੀ ਬੇਇੱਜ਼ਤੀ ਤੇ ਜਹਾਨ ਖ਼ਾਨ ਦੀਆਂ ਹਾਰਾਂ ਉਸ ਅੰਦਰ ਗੁੱਸਾ ਪੈਦਾ ਕਰ ਰਹੀਆਂ ਸਨ। ਅਦੀਨਾ ਬੇਗ ਦੀ ਮੌਤ ਨੇ ਤਾਂ ਉਸ ਨੂੰ ਛੇਤੀ ਹਮਲਾ ਕਰਨ ਲਈ ਤਿਆਰ ਕਰ ਦਿੱਤਾ।

ਦਿੱਲੀ ਵਿਖੇ ਮਰਹੱਟਿਆਂ ਦਾ ਹੀ ਰਾਜ ਸੀ। ਅਬਦਾਲੀ ਵੱਲੋਂ ਨਿਯੁਕਤ ਕੀਤੇ ਨਜ਼ੀਬ-ਉਦ-ਦਉਲਾ ਨੂੰ ਮਾਰ-ਕੁੱਟ ਕੇ ਬਾਹਰ ਕੱਢ ਦਿੱਤਾ ਗਿਆ ਸੀ। ਰਾਜਪੂਤ ਸਰਦਾਰ ਜੈਪੁਰ ਦੇ ਮਾਧੋ ਸਿੰਘ ਤੇ ਮਾਰਵਾੜ ਦੇ ਬਿਜੈ ਸਿੰਘ, ਅਬਦਾਲੀ ਨੂੰ ਛੇਤੀ ਆ ਕੇ ਹਮਲਾ ਕਰਨ ਲਈ ਕਹਿ ਰਹੇ ਸਨ। ਅਹਿਮਦ ਸ਼ਾਹ ਅਬਦਾਲੀ ੧੭੫੯ ਈ. ਚਾਲੀ ਹਜ਼ਾਰ ਸਿਪਾਹੀਆਂ ਦੀ ਭਾਰੀ ਫੌਜ ਲੈ ਕੇ ਪੰਜਾਬ ਉੱਤੇ ਚੜ੍ਹ ਆਇਆ। ਇਹ ਹਿੰਦੁਸਤਾਨ ਉੱਤੇ ਉਸ ਦਾ ਪੰਜਵਾਂ ਹੱਲਾ ਸੀ। ਉਸ ਦੀ ਸੋਚ ਸੀ ਕਿ ਜੇ ਪਹਿਲਾਂ ਦਿੱਲੀ ਵਿਚ ਬੈਠੇ ਮਰਹੱਟਿਆਂ ਨੂੰ ਟਿਕਾਣੇ ਲਾ ਦਿੱਤਾ ਜਾਏ ਤਾਂ ਫਿਰ ਪੰਜਾਬ ਵਿਚ ਪੈਰ ਜਮਾਉਣੇ ਸੌਖੇ ਹੋਣਗੇ।

**ਕੋਠੀ ਨੰ: ਏ-੨੪, ਕਰਤਾਰ ਕਲੋਨੀ, ਗੋਨਿਆਣਾ ਰੋਡ, ਬਠਿੰਡਾ-੧੫੧੦੦੧; ਮੋ: +੯੧੯੯੧੫੫੩੩੭੨੫*

ਅਹਿਮਦ ਸ਼ਾਹ ੨੫ ਅਕਤੂਬਰ, ੧੭੫੯ ਈ. ਅਟਕ ਪਾਰ ਹੋਇਆ। ਮਰਾਠਿਆਂ ਨੇ ਕੋਈ ਟਾਕਰਾ ਨਾ ਕੀਤਾ। ਜਹਾਨ ਖ਼ਾਨ ਦੀ ਅਗਵਾਈ ਹੇਠ ਪਹਿਲਾਂ ਭੇਜੀ ਫੌਜ ਨੇ ਅਹਿਮਦ ਸ਼ਾਹ ਦਾ ਰਸਤਾ ਸਾਫ ਕਰ ਰੱਖਿਆ ਸੀ। ਜਿਸ ਸਮੇਂ ਅਹਿਮਦ ਸ਼ਾਹ ਨਵੰਬਰ ਦੇ ਅੱਧ ਵਿਚ ਲਾਹੌਰ ਦੇ ਨੇੜੇ ਪਹੁੰਚਿਆ ਤਾਂ ਖਾਲਸਾ ਫੌਜਾਂ ਨੂੰ ਪਤਾ ਲੱਗ ਗਿਆ। ਇਸ ਸਾਲ ੨੦ ਅਕਤੂਬਰ, ੧੭੫੯ ਈ. ਨੂੰ ਦੀਵਾਲੀ ਸੀ। ਇਸ ਸਮੇਂ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੈ ਸਿੰਘ ਕਨ੍ਹੱਈਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ, ਸਰਦਾਰ ਗੁੱਜਰ ਸਿੰਘ ਤੇ ਸਰਦਾਰ ਲਹਿਣਾ ਸਿੰਘ ਭੰਗੀ ਆਦਿ ਸ੍ਰੀ ਅੰਮ੍ਰਿਤਸਰ ਵਿਖੇ ਅਕਾਲ ਬੁੰਗੇ ਇਕੱਠੇ ਹੋਏ ਸਨ। ਇਨ੍ਹਾਂ ਸਰਦਾਰਾਂ ਤੋਂ ਇਲਾਵਾ ਕੁਝ ਹੋਰ ਮਿਸਲਦਾਰ ਵੀ ਇੱਥੇ ਹੀ ਸਨ। ਉਨ੍ਹਾਂ ਨੇ ਅਹਿਮਦ ਸ਼ਾਹ ਨਾਲ ਟੱਕਰ ਲੈਣ ਲਈ ਗੁਰਮਤਾ ਕਰ ਕੇ ਛੇਤੀ-ਛੇਤੀ ਕੁਝ ਫ਼ੌਜ ਇਕੱਠੀ ਕੀਤੀ ਅਤੇ ਰਾਤੋ-ਰਾਤ ਲਾਹੌਰੋਂ ਚੜ੍ਹਦੇ ਵੱਲ ਸ਼ਾਲਾਮਾਰ ਬਾਗ ਦੇ ਕੋਲ ਜਾ ਪਹੁੰਚੇ ਅਤੇ ਦੁਰਾਨੀ ਫ਼ੌਜ ਉੱਤੇ ਧਾਵਾ ਬੋਲ ਦਿੱਤਾ। ਸਿੰਘਾਂ ਨੂੰ ਦੇਖ ਕੇ ਦੁਰਾਨੀ ਤਾਂ ਭੱਜ ਉੱਠੇ। ਸਿੰਘਾਂ ਨੇ ਬਾਗ਼ਬਾਨਪੁਰਾ ਅਤੇ ਬੇਗਮਪੁਰਾ ਬਸਤੀਆਂ ਤਕ ਦੁਰਾਨੀਆਂ ਦਾ ਪਿੱਛਾ ਕੀਤਾ ਅਤੇ ਜੋ ਕੁਝ ਘੋੜੇ, ਖੱਚਰ ਆਦਿ ਮਾਲ ਉੱਥੋਂ ਮਿਲਿਆ ਉਸ ਨੂੰ ਕਾਬੂ ਕਰ ਲਿਆ।

ਜਦ ਅਹਿਮਦ ਸ਼ਾਹ ਨੂੰ ਸਿੰਘਾਂ ਦੇ ਧਾਵੇ ਬਾਰੇ ਪਤਾ ਲੱਗਿਆ ਤਾਂ ਉਸ ਨੇ ਜਹਾਨ ਖ਼ਾਨ ਨੂੰ ਸਿੰਘਾਂ ਦੇ ਮੁਕਾਬਲੇ ਲਈ ਭੇਜਿਆ। ਇੱਧਰੋਂ ਸਿੰਘ-ਸਰਦਾਰ ਤਾਂ ਪਹਿਲਾਂ ਹੀ ਤਿਆਰ ਬੈਠੇ ਸਨ। ਸ਼ਾਮ ਤਕ ਸਖ਼ਤ ਲੜਾਈ ਹੁੰਦੀ ਰਹੀ ਅਤੇ ਦੋ ਹਜ਼ਾਰ ਦੁਰਾਨੀ ਮਾਰੇ ਗਏ। ਇਸ ਲੜਾਈ ਵਿਚ ਉਨ੍ਹਾਂ ਦੀ ਫੌਜ ਦਾ ਕਮਾਂਡਰ ਜਹਾਨ ਖ਼ਾਨ ਜ਼ਖ਼ਮੀ ਹੋ ਗਿਆ। ਰਾਤ ਨੂੰ ਦੋਨੋਂ ਫੌਜਾਂ ਪਿੱਛੇ ਹਟੀਆਂ ਅਤੇ ਖਾਲਸਾ ਜੀ ਮਾਝੇ ਵੱਲ ਖਿੰਡ ਗਏ ਤਾਂ ਜੋ ਬਾਦਸ਼ਾਹ ਦੇ ਕੂਚ ਸਮੇਂ ਜਦੋਂ ਦਾਅ ਲੱਗੇ ਫਿਰ ਹਮਲਾ ਕਰ ਸਕਣ।

ਅਹਿਮਦ ਸ਼ਾਹ ਨੂੰ ਦਿੱਲੀ ਵੱਲ ਜਾਣ ਦੀ ਕਾਹਲ ਸੀ। ਇਸ ਲਈ ਉਹ ਬਹੁਤ ਦੇਰ ਤਕ ਲਾਹੌਰ ਨਾ ਠਹਿਰਿਆ। ਉਸ ਨੇ ਆਪਣੇ ਵਜ਼ੀਰ ਸ਼ਾਹ ਵਲੀ ਖ਼ਾਨ ਦੇ ਭਰਾ ਹਾਜੀ ਕਰੀਮ ਦਾਦ ਖ਼ਾਨ ਨੂੰ ਲਾਹੌਰ ਦਾ ਹਾਕਮ ਨਿਯੁਕਤ ਕੀਤਾ ਤੇ ਨਾਲ ਹੀ ਅਮੀਰ ਖ਼ਾਨ ਉਸ ਦਾ ਨਾਇਬ ਅਤੇ ਜੈਨ ਖ਼ਾਨ ਨੂੰ ਚਾਰ ਮਹਾਲ ਦਾ ਫੌਜਦਾਰ। ਅਬਦਾਲੀ ਨੇ ੨੦ ਨਵੰਬਰ ਨੂੰ ਸ੍ਰੀ ਗੋਇੰਦਵਾਲ ਸਾਹਿਬ ਦੇ ਪੱਤਣੋਂ ਬਿਆਸ ਪਾਰ ਕੀਤਾ ਅਤੇ ਦਿੱਲੀ ਵੱਲ ਤੁਰ ਪਿਆ। ਉੱਧਰ ਦਿੱਲੀ ਦੇ ਵਜ਼ੀਰ ਇਮਾਦੁਲ-ਮੁਲਕ ਗਾਜੀ-ਉ-ਦੀਨ ਨੇ ੨੯ ਨਵੰਬਰ, ੧੭੫੯ ਈ. ਨੂੰ ਬਾਦਸ਼ਾਹ ਆਲਮਗੀਰ ਦੂਸਰੇ ਨੂੰ ਮਰਵਾ ਦਿੱਤਾ।

ਅਬਦਾਲੀ ਦਿੱਲੀ ਵੱਲ ਵੱਧਦਾ ਗਿਆ। ਸਰਹਿੰਦ, ਅੰਬਾਲਾ, ਤਰਾਵੜੀ ਵਿਚ ਦਾਤਾ ਜੀ ਰਾਓ ਛਿੰਦੇ ਨੂੰ ਹਰਾ ਕੇ ਉਹ ਸਹਾਰਨਪੁਰ ਪਹੁੰਚਿਆ। ਅਬਦਾਲੀ ਦਾ ਆਉਣਾ ਸੁਣ ਕੇ ਨਜ਼ੀਬ-ਉਦ-ਦਉਲਾ ਰੁਹੇਲਾ ਆਪਣੀਆਂ ਫੌਜਾਂ ਲੈ ਕੇ ਆ ਮਿਲਿਆ।

ਅਫ਼ਗਾਨਾਂ ਤੇ ਮਰਹੱਟਿਆਂ ਦੀ ਟੱਕਰ ੯ ਜਨਵਰੀ, ੧੭੬੦ ਈ. ਨੂੰ ਬਰਾੜੀ ਘਾਟ 'ਤੇ ਹੋਈ ਅਤੇ ਇਸ ਟੱਕਰ ਵਿਚ ਦਾਤਾ ਜੀ ਮਾਰਿਆ ਗਿਆ। ਅਬਦਾਲੀ ਸਾਰਾ ਸਾਲ ਮਰਾਠਿਆਂ, ਭਰਤਪੁਰੀਏ ਜੱਟਾਂ ਆਦਿ ਦੇ ਵਿਰੁੱਧ ਲੱਗਾ ਰਿਹਾ। ਇਹ ਵੀ ਕਿਹਾ ਜਾਂਦਾ ਹੈ ਕਿ ਸੁਜਾਹ-ਉਦ-ਦਉਲਾ ਨੇ ਮਰਹੱਟਿਆਂ ਤੇ ਅਬਦਾਲੀ ਵਿਚਕਾਰ ਸੁਲਾਹ ਦਾ ਕੰਮ ਅਰੰਭਿਆ ਹੋਇਆ ਸੀ, ਪਰ ਸਦਾਸ਼ਿਵਰਾਓ ਭਾਉ ਨੇ ਜਦ ਪੂਨਾ ਤੋਂ ਆ ਕੇ ਦਿੱਲੀ ਜਿੱਤ ਲਈ ਤਾਂ ਮਰਹੱਟੇ ਕਰੜੇ ਹੋ ਗਏ। ਅਬਦਾਲੀ ਉਸ ਸਮੇਂ ਬੁਲੰਦ ਸ਼ਹਿਰ ਵਿਚ ਸੀ। ਅਬਦਾਲੀ ਨੂੰ ਇਹ ਖ਼ਬਰ ਪੁੱਜੀ ਕਿ ਮਰਹੱਟਿਆਂ ਨੇ ਕੁੰਜਪੁਰਾ (ਕਰਨਾਲ) 'ਤੇ ਕਬਜ਼ਾ ਕਰ ਲਿਆ ਹੈ ਤੇ ਉਨ੍ਹਾਂ ਅਬਦੁਸਮਦ ਖ਼ਾਨ ਤੇ ਮੀਆਂ ਕੁਤਬ ਸ਼ਾਹ ਦੇ ਕੱਟੇ ਹੋਏ ਸਿਰਾਂ ਨੂੰ ਫੌਜਾਂ ਵਿਚ ਫਿਰਾਇਆ ਵੀ ਹੈ, ਤਾਂ ਅਬਦਾਲੀ ਨੇ ਗੁੱਸੇ ਵਿਚ ਆ ਕੇ ਕਿਹਾ ਕਿ— "ਹੁਣ ਹੋਰ ਅਫ਼ਗਾਨਾਂ ਦਾ ਅਪਮਾਨ ਮੇਰੇ ਕੋਲੋਂ ਸਹਾਰਨਾ ਮੁਸ਼ਕਲ ਹੈ, ਮੈਂ ਅਜੇ ਜਿਉਂਦਾ ਹਾਂ।" ਅਬਦਾਲੀ ਨੇ ਨਮਾਜ਼ ਪੜ੍ਹ ਕੇ ਬਾਗਪੱਤ ਤੋਂ ਜਮਨਾ ਨੂੰ ਪਾਰ ਕੀਤਾ ਤੇ ਫੌਜਾਂ ਨੂੰ ਪੱਛਮੀ ਕਿਨਾਰੇ 'ਤੇ ੨੬ ਅਕਤੂਬਰ, ੧੭੬੦ ਈ. ਨੂੰ ਲਿਆ ਖੜ੍ਹਾ ਕੀਤਾ। ਅਬਦਾਲੀ ਇੱਥੋਂ ੧ ਨਵੰਬਰ, ੧੭੬੦ ਈ. ਨੂੰ ਪਾਣੀਪਤ ਦੇ ਨੇੜੇ ਪੁੱਜਾ।

ਅੱਗੋਂ ਮਰਹੱਟੇ ਵੀ ਤਿਆਰ ਬੈਠੇ ਸਨ। ਮਰਹੱਟਿਆਂ ਨੇ ਆਪਣੀਆਂ ਛਾਉਣੀਆਂ ਪਾਣੀਪਤ ਬਣਾਈਆਂ ਹੋਈਆਂ ਸਨ। ਸਾਰਾ ਦੱਖਣ ਹੀ ਪਾਣੀਪਤ ਵਿਖੇ ਪਹੁੰਚ ਗਿਆ ਸੀ। ਹੋਲਕਰ ਦੀ ਕਮਾਨ ਹੇਠ ਇੱਕ ਲੱਖ ਮਰਹੱਟੇ ਇਕੱਠੇ ਹੋ ਚੁੱਕੇ ਸਨ। ਮਰਹੱਟਿਆਂ ਨੇ ਸਿੱਖਾਂ ਨਾਲ ਵੀ ਸੰਬੰਧ ਜੋੜਨੇ ਚਾਹੇ, ਪਰ ਉਹ ਇਸ ਮੰਤਵ ਵਿਚ ਕਾਮਯਾਬ ਨਾ ਹੋਏ।

ਪਾਣੀਪਤ ਦੀ ਲੜਾਈ ਤੋਂ ਪਹਿਲਾਂ ਮਰਹੱਟਿਆਂ ਤੇ ਅਬਦਾਲੀ ਦੀ ਫੌਜ ਵਿਚਕਾਰ ਛੋਟੀਆਂ-ਛੋਟੀਆਂ ਕਈ ਲੜਾਈਆਂ ਹੋਈਆਂ। ਪਰ ਫੈਸਲਾਕੁੰਨ ਲੜਾਈ ੧੪ ਜਨਵਰੀ, ੧੭੬੧ ਈ. ਨੂੰ ਅਹਿਮਦ ਸ਼ਾਹ ਅਬਦਾਲੀ ਅਤੇ ਮਰਹੱਟਿਆਂ ਵਿਚਕਾਰ ਪਾਣੀਪਤ ਦੇ ਸਥਾਨ 'ਤੇ ਹੋਈ। ਇਸ ਲੜਾਈ ਨੂੰ ਪਾਣੀਪਤ ਦੀ ਤੀਜੀ ਲੜਾਈ ਕਿਹਾ ਜਾਂਦਾ ਹੈ।

ਇਸ ਸਮੇਂ ਅਬਦਾਲੀ ਦੀਆਂ ਫੌਜਾਂ ਤੋਂ ਕਈ ਗੁਣਾਂ ਵੱਧ ਫੌਜ ਮਰਹੱਟਿਆਂ ਕੋਲ ਸੀ। ਇਸ ਲੜਾਈ ਸਮੇਂ ਸਦਾਸ਼ਿਵਰਾਓ ਭਾਉ, ਝੰਗੂ ਰਾਓ, ਵਿਸ਼ਵਾਸ ਰਾਓ ਤੇ ਸਮਸ਼ੇਰ ਬਹਾਦਰ ਆਦਿ ਮਰਹੱਟਿਆਂ ਦੀਆਂ ਫੌਜਾਂ ਦੇ ਆਗੂ ਸਨ।

ਅਹਿਮਦ ਸ਼ਾਹ ਅਬਦਾਲੀ ਦੇ ਲਸ਼ਕਰ ਵਿਚ ੪੦ ਹਜ਼ਾਰ ਅਫ਼ਗਾਨ ਤੇ ਈਰਾਨੀ, ੧੩ ਹਜ਼ਾਰ ਹਿੰਦੁਸਤਾਨੀ ਘੋੜ-ਚੜ੍ਹੇ, ੩੮ ਹਜ਼ਾਰ ਹਿੰਦੁਸਤਾਨੀ ਪੈਦਲ ਸਿਪਾਹੀ ਤੇ ੭੦ ਤੋਪਾਂ ਇੱਥੋਂ ਦੇ ਪਠਾਨ ਰਈਸਾਂ ਤੇ ਨਵਾਬਾਂ ਦੀਆਂ ਸਨ। ਕੁੱਲ ਨਫ਼ਰੀ ੯੧ ਹਜ਼ਾਰ ਸੀ।

ਇੱਧਰ ਮਰਹੱਟਾਂ ਫੌਜਾਂ ਵਿਚ ਵੱਡੀ ਗਿਣਤੀ ਵਿਚ ਸਿਪਾਹੀ, ਜਿਨ੍ਹਾਂ ਵਿਚ ੫੫ ਹਜ਼ਾਰ ਘੋੜ-ਸਵਾਰ ਤੇ ਬੇਸ਼ੁਮਾਰ ਗ਼ੈਰ-ਆਈਨੀ ਸਿਪਾਹੀ, ੩੦੦ ਤੋਪਾਂ ਸ਼ਾਮਲ ਸਨ। ਜੋ ਨਵੇਂ ਹਥਿਆਰਾਂ ਨਾਲ ਪੂਰੀ ਤਰ੍ਹਾਂ ਸਜੇ ਹੋਏ ਸਨ। ਜਨਰਲ ਗੋਬਿੰਦ ਰਾਓ ਬੁੰਦੇਲੇ, ਜੋ ਇਕ ਮੰਨਿਆ-ਪ੍ਰਮੰਨਿਆ ਸਿਪਹ-ਸਲਾਰ ਸੀ, ਨੇ ਆਪਣੀਆਂ ਫੌਜਾਂ ਦਰਿਆ ਜਮਨਾ ਕੰਢੇ ਹਰ ਪਾਸੇ ਦੂਰ ਤਕ ਫੈਲਾ ਦਿੱਤੀਆਂ ਸਨ, ਤਾਂ ਕਿ ਦੁਰਾਨੀ ਸਿਪਾਹੀਆਂ ਨੂੰ ਕਿਸੇ ਪਾਸਿਓਂ ਵੀ ਕੋਈ ਰਸਦ-ਪਾਣੀ ਨਾ ਪਹੁੰਚ ਸਕੇ।

ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਜਦ ਤੇਜ਼ੀ ਨਾਲ ਕੂਚ ਕਰਦੀਆਂ ਦਿੱਲੀ ਦੇ ਨੇੜੇ ਪਹੁੰਚੀਆਂ ਤਾਂ ਬਦਲੀ ਦੇ ਸਥਾਨ 'ਤੇ ਅਤਾਈ ਖ਼ਾਨ ਪੋਪਲਜਈ ਤੇ ਹਾਜੀ ਕਰੀਮ ਖ਼ਾਨ ਦੁਰਾਨੀ ਨੇ ਅਚਾਨਕ ਹੀ ਗੋਬਿੰਦ ਰਾਓ ਬੁੰਦੇਲੇ ਦੇ ਕੈਂਪ ਉੱਤੇ ਅਜਿਹਾ ਜ਼ੋਰਦਾਰ ਹਮਲਾ ਕੀਤਾ ਕਿ ਇੱਕੋ ਝਟਕੇ ਵਿਚ ਗੋਬਿੰਦ ਰਾਓ ਤੇ ਦਿੱਲੀ ਦੇ ਕਿਲ੍ਹੇਦਾਰ ਸ਼ੰਕਰ ਰਾਓ ਮਰਹੱਟੇ ਆਦਿ ਨਾਲ ਸਾਥੀਆਂ ਸਮੇਤ ਮਾਰਿਆ ਗਿਆ। ਇਸ ਕਰਕੇ ਦੁਰਾਨੀਆਂ ਦੇ ਰਾਹ ਵਿੱਚੋਂ ਇਹ ਰੋਕ ਕੁਦਰਤੀ ਤੌਰ 'ਤੇ ਹਟ ਗਈ।

ਮਰਹੱਟਿਆਂ ਤੇ ਅਫ਼ਗਾਨਾਂ ਦੀਆਂ ਫੌਜਾਂ ਆਹਮਣੇ-ਸਾਹਮਣੇ ਸਨ। ਅਬਦਾਲੀ ਨੇ ਮਰਹੱਟਿਆਂ ਦਾ ਘੇਰਾ ਹੀ ਘੱਤ ਲਿਆ ਸੀ। ਗੋਬਿੰਦ ਬਲਾਲ ਮਰਹੱਟਿਆਂ ਦੀ ਮਦਦ ਲਈ ਪਹੁੰਚਿਆ, ਪਰ ਅਫ਼ਗਾਨਾਂ ਨੇ ਉਸ ਨੂੰ ਰਾਹ ਵਿਚ ਹੀ ਢਾਹ ਲਿਆ। ਅਬਦਾਲੀ ਦੀਆਂ ਫੌਜਾਂ ਹੱਥ ਕਾਫ਼ੀ ਰਸਦ-ਪਾਣੀ ਵੀ ਆਇਆ। ਗੋਪਾਲ ਗਣੇਸ਼ ਬਾਹਰਵੇਂ ਅਤੇ ਕ੍ਰਿਸਨੰਦ ਵੀ ਘੇਰਾ ਤੋੜਦੇ-ਤੋੜਦੇ ਸਰੀਰ ਛੱਡ ਗਏ। ਨਾਰੋ ਸ਼ੰਕਰ ਪੰਡਤ ਦਾ ਮਾਲ ਵੀ ਲੁੱਟ ਲਿਆ ਗਿਆ। ਉਸ ਦਾ ਕੇਵਲ ਇੱਕੋ ਹੀ ਸਾਥੀ ਬਚਿਆ। ਭਾਉ ਸਾਹਿਬ ਸਾਰੀ ਸਥਿਤੀ ਦੀ ਜਾਣਕਾਰੀ ਰੱਖਦੇ ਸਨ। ਉਹ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਇਹ ਜੰਗ ਟਲ ਜਾਵੇ, ਕਿਉਂਕਿ ਅਬਦਾਲੀ ਦੀਆਂ ਫੌਜਾਂ ਵੱਲੋਂ ਪੂਰਾ ਘੇਰਾ ਪੈ ਜਾਣ ਦੇ ਕਾਰਨ ਕਿਸੇ ਪਾਸਿਓਂ ਕੋਈ ਰਾਸ਼ਨ-ਪਾਣੀ ਨਹੀਂ ਪਹੁੰਚ ਰਿਹਾ ਸੀ, ਪਰ ਹੁਣ ਲੜਾਈ ਤੋਂ ਬਗ਼ੈਰ ਕੋਈ ਰਾਹ ਵੀ ਨਹੀਂ ਸੀ।

ਮਰਹੱਟਿਆਂ ਨੇ ਆਪਣੀ ਸਾਰੀ ਫ਼ੌਜੀ ਤਾਕਤ ਇਸ ਲੜਾਈ ਵਿਚ ਝੋਕੀ ਹੋਈ ਸੀ। ਉਨ੍ਹਾਂ ਦਾ ਯਕੀਨ ਸੀ ਕਿ ਉਹ ਮੁਗ਼ਲ ਹਕੂਮਤ ਦੀ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਸਾਰੇ ਮੁਲਕ 'ਤੇ ਛਾ ਜਾਣਗੇ। ਉਨ੍ਹਾਂ ਦੇ ਇਹ ਸੁਪਨੇ ਪਾਣੀਪਤ ਦੀ ਜਿੱਤ ਨਾਲ ਪੂਰੇ ਹੋ ਸਕਦੇ ਸਨ। ਅਖੀਰ ੧੪ ਜਨਵਰੀ, ੧੭੬੧ ਈ. ਨੂੰ ਪਾਣੀਪਤ ਦੇ ਸਥਾਨ 'ਤੇ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਅਤੇ ਮਰਹੱਟਿਆਂ ਵਿਚਕਾਰ ਸਿੱਧੀ ਜੰਗ ਹੋਈ। ਇਸ ਲੜਾਈ ਵਿਚ ਮਰਹੱਟਿਆਂ ਦੀ ਹਾਰ ਹੋਈ, ਜਿਸ ਨੇ ਭਾਰਤ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ। ਜੰਗ ਸਮੇਂ ਜੇ ਮਰਹੱਟੇ ਇਕ ਝੰਡੇ ਹੇਠਾਂ ਸਨ ਤਾਂ ਮੁਸਲਮਾਨ ਵੀ ਇਕ ਜਾਨ ਹੋ ਕੇ ਲੜ ਰਹੇ ਸਨ। ਵਿਸ਼ਵਾਸ ਰਾਓ ਤੇ ਸਦਾ ਸ਼ਿਵ ਰਾਓ ਥਾਂ 'ਤੇ ਹੀ ਮਾਰੇ ਗਏ। ਉੱਥੇ ੨੮ ਹਜ਼ਾਰ ਲਾਸ਼ਾਂ ਦਾ ਢੇਰ ਇਕ ਥਾਂ ਹੀ ਲੱਗਾ ਦੇਖਿਆ

ਗਿਆ। ਹਜ਼ਾਰਾਂ ਭੱਜਦੇ ਮਾਰੇ ਗਏ ਤੇ ਕਈਆਂ ਦੀ ਖਾਈਆਂ ਵਿਚ ਡਿੱਗਦਿਆਂ ਹੀ ਜਾਨ ਨਿਕਲ ਗਈ। ਮੁਗ਼ਲਾਂ ਨੇ ੨੨ ਹਜ਼ਾਰ ਮਰਹੱਟਿਆਂ ਨੂੰ ਗ੍ਰਿਫ਼ਤਾਰ ਕਰ ਲਿਆ। ਅਬਦਾਲੀ ਨੇ ਉਹ ਹਾਥੀ; ਜਿਸ ਨੂੰ ਮਰਹੱਟਾ ਜਰਨੈਲ ਹੋਲਕਰ ਪਾਣੀਪਤ ਦੇ ਮੈਦਾਨ ਵਿਚ ਛੱਡ ਗਿਆ ਸੀ, ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਅਹਿਮਦ ਸ਼ਾਹ ਅਬਦਾਲੀ ਇਸ ਜਿੱਤ ਤੋਂ ਬਹੁਤ ਖੁਸ਼ ਸੀ। ਮਰਹੱਟਿਆਂ ਦੀ ਇਸ ਹਾਰ ਦਾ ਨਤੀਜਾ ਇਹ ਹੋਇਆ ਕਿ ਉਹ ਹਮੇਸ਼ਾ ਲਈ ਇਸ ਪਾਸਿਓਂ ਖ਼ਤਮ ਹੋਣ 'ਤੇ ਸਿਰਫ਼ ਮਹਾਂਰਾਸ਼ਟਰ ਤਕ ਹੀ ਸੀਮਤ ਰਹਿ ਗਏ। ਨਿਸ਼ਾਨੀ ਵਜੋਂ ਉਨ੍ਹਾਂ ਦੀਆਂ ਚਾਰ ਰਿਆਸਤਾਂ: ਆਦਜੀ ਸਿੰਧੀਅ ਗਵਾਲੀਅਰ, ਮਲ੍ਹਾਰ ਰਾਓ ਹੋਲਕਰ ਇੰਦੌਰ, ਭੋਸਲਾ ਰਾਜ ਨਾਗਪੁਰ ਤੇ ਪੇਸ਼ਵਾ ਦੀ ਹਕੂਮਤ ਪੂਨਾ (ਸਤਾਰਾ) ਕਾਇਮ ਰਹਿ ਗਈਆਂ ਤੇ ਬਾਕੀ ਹਿੰਦੁਸਤਾਨ ਅਤੇ ਪੰਜਾਬ ਉਨ੍ਹਾਂ ਦੀ ਇਸ ਮਾਰ ਤੋਂ ਬਚਿਆ ਰਿਹਾ।

ਡਾਕਟਰ ਜਾਦੂਨਾਥ ਸਰਕਾਰ ਲਿਖਦਾ ਹੈ ਕਿ— "ਸੰਖੇਪ ਵਿਚ ਇਹ ਫਲੋਡੇਨ ਫੀਲਡ ਦੀ ਤਰ੍ਹਾਂ ਰਾਸ਼ਟਰ-ਵਿਆਪੀ ਮੁਸੀਬਤ ਸੀ। ਮਹਾਂਰਾਸ਼ਟਰ ਵਿਚ ਐਸਾ ਕੋਈ ਘਰ ਨਹੀਂ ਸੀ ਜਿਸ ਵਿਚ ਕਿਸੇ ਮੈਂਬਰ ਦੀ ਮੌਤ 'ਤੇ ਸੋਗ ਨਾ ਪਿਆ ਹੋਵੇ। ਕਈ ਘਰਾਂ ਵਿਚ ਤਾਂ ਸਾਰੇ ਜੀਅ ਹੀ ਮਾਰੇ ਗਏ। ਨੇਤਾਵਾਂ ਦੀ ਇਕ ਪੂਰੀ ਪੀੜ੍ਹੀ ਦਾ ਇੱਕ ਚੋਟ ਨਾਲ ਸਫਾਇਆ ਹੋ ਗਿਆ। ਜੇਤੂਆਂ ਨੇ ਵਿਸ਼ਾਲ ਮਾਤਰਾ ਵਿਚ ਲੁੱਟ ਦੇ ਮਾਲ 'ਤੇ ਅਧਿਕਾਰ ਜਮਾਇਆ। ਨਕਦ ਤੇ ਹੀਰਿਆਂ ਤੋਂ ਇਲਾਵਾ ਮਰਾਠਿਆਂ ਦੇ ਪੰਜਾਹ ਹਜ਼ਾਰ ਘੋੜੇ, ਦੋ ਲੱਖ ਲੱਦੂ ਪਸ਼ੂ, ਕਈ ਹਜ਼ਾਰ ਊਠ ਤੇ ਪੰਜ ਸੌ ਹਾਥੀ ਨਸ਼ਟ ਹੋ ਗਏ। ਇਸ ਖ਼ਤਰਨਾਕ ਤਬਾਹੀ ਦੀ ਸੂਚਨਾ ਪੇਸ਼ਵਾ ਨੂੰ ਇਕ ਵਪਾਰੀ ਦੁਆਰਾ ਇਸ ਤਰ੍ਹਾਂ ਪਹੁੰਚਾਈ ਗਈ— "ਦੋ ਮੋਤੀ ਟੁੱਟ ਗਏ, ਬਾਈ ਸੋਨੇ ਦੀਆਂ ਮੋਹਰਾਂ ਗਵਾਚ ਗਈਆਂ ਹਨ ਅਤੇ ਚਾਂਦੀ ਤੇ ਤਾਂਬੇ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ।"

ਪੇਸ਼ਵਾ ਜੋ ਪਹਿਲਾਂ ਤੋਂ ਹੀ ਤਪਦਿਕ ਦੀ ਬਿਮਾਰੀ ਨਾਲ ਪੀੜਤ ਸੀ, ਇਸ ਕੌਮੀ ਪਰਲੋ ਤੋਂ ਬਾਅਦ ਨਹੀਂ ਬਚ ਸਕਿਆ ਅਤੇ ੨੩ ਜੂਨ, ੧੭੬੧ ਈ. ਨੂੰ ਪੂਨਾ ਵਿਚ ਦੁਖੀ ਹੋ ਕੇ ਮਰ ਗਿਆ।

ਜਥੇਦਾਰ ਜੱਸਾ ਸਿੰਘ ਆਹਲੂਵਾਲੀਆਂ ਅਤੇ ਹੋਰ ਸਿੰਘ— ਸਰਦਾਰ ਇਹ ਸਭ ਕੁਝ ਦੇਖ ਰਹੇ ਸਨ। ਅਬਦਾਲੀ ਫੌਜਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀ ਇਸਤਰੀਆਂ ਨੂੰ ਕੈਦੀ ਬਣਾ ਲਿਆ ਅਤੇ ਉਨ੍ਹਾਂ ਇਸਤਰੀਆਂ ਨੂੰ ਉਨ੍ਹਾਂ ਦੇ ਪਰਵਾਰਾਂ ਤੋਂ ਜ਼ਬਰੀ ਵੱਖਰਾ ਕਰ ਕੇ ਆਪਣੀ ਹਵਸ ਦੀ ਪੂਰਤੀ ਲਈ ਅਫ਼ਗਾਨਿਸਤਾਨ ਲੈ ਜਾ ਰਹੇ ਸਨ। ਇਨ੍ਹਾਂ ਵਿੱਚੋਂ ੨੨੦੦ ਹਿੰਦੂ ਇਸਤਰੀਆਂ ਸਨ। ਇਸ ਸਮੇਂ ਭਾਰਤ ਵਿਚ ਵੱਡੇ-ਵੱਡੇ ਹਿੰਦੂ ਰਾਜੇ ਅਤੇ ਸੂਰਮੇ ਮੌਜੂਦ ਸਨ, ਪਰ ਉਹ ਸਭ ਨੈਤਿਕ ਤੌਰ 'ਤੇ ਖ਼ਤਮ ਹੋ ਚੁੱਕੇ ਸਨ। ਉਨ੍ਹਾਂ ਦੀ ਜ਼ਮੀਰ ਮਰ ਚੁੱਕੀ ਸੀ। ਕੋਈ ਵੀ ਇਨ੍ਹਾਂ ਨੂੰ ਬਚਾਉਣ ਲਈ ਜਾਨ ਦੀ ਬਾਜ਼ੀ ਲਗਾਉਣ ਲਈ ਤਿਆਰ ਨਹੀਂ ਸੀ। ਬੁਜ਼ਦਿਲੀ ਕਾਰਨ ਭਾਰਤੀ

ਇਸਤਰੀਆਂ ਦੇ ਪਤੀ, ਭਰਾ, ਪਿਉ ਸਭ ਧੌਣਾਂ ਨੀਵੀਆਂ ਕਰ ਕੇ ਖੜੇ ਰਹੇ। ਅਬਦਾਲੀ ੨੯ ਮਾਰਚ, ੧੭੬੧ ਈ. ਨੂੰ ਫੌਜਾਂ ਸਮੇਤ ਦਿੱਲੀ ਤੋਂ ਸਰਹਿੰਦ ਪਹੁੰਚਿਆ। ਵੈਸਾਖੀ ਕਰਕੇ ਸਿੰਘ-ਸਰਦਾਰ ੧੦ ਅਪ੍ਰੈਲ, ੧੭੬੧ ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਸਨ। ਕੁਝ ਕੁ ਹਿੰਦੂ ਅਤੇ ਮੁਸਲਮਾਨ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਖ਼ਾਲਸਾ ਜੀ ਅੱਗੇ ਫ਼ਰਿਆਦ ਕੀਤੀ। ਉਸ ਸਮੇਂ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਖਾਲਸੇ ਦਾ ਜਥੇਦਾਰ ਸੀ। ਸੋ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਖਾਲਸੇ ਨੂੰ ਵੰਗਾਰਿਆ ਅਤੇ ਦੇਸ਼ ਦੀ ਇੱਜ਼ਤ ਬਚਾਉਣ ਲਈ ਜੂਝਣ ਵਾਸਤੇ ਕਿਹਾ। ਸਿੰਘ ਉਸੇ ਸਮੇਂ ਦੁਸ਼ਮਣ ਦਾ ਟਾਕਰਾ ਕਰਨ ਲਈ ਤਿਆਰ ਹੋ ਗਏ। ਮਿਸਟਰ ਬ੍ਰਾਊਨ ਲਿਖਦਾ ਹੈ ਕਿ—
"ਤੀਜੀ ਪਾਣੀਪਤ ਦੀ ਜੰਗ ਉਪਰੰਤ ਅਬਦਾਲੀ ਦੀਆਂ ਫੌਜਾਂ ਜਦ ਸਤਲੁਜ ਨੂੰ ਪਾਰ ਕਰ ਰਹੀਆਂ ਸਨ, ਤਾਂ ਸਿੱਖਾਂ ਨੇ ਅਬਦਾਲੀ ਦੀ ਫ਼ੌਜ ਨੂੰ ਲੁੱਟਣਾ ਅਰੰਭ ਕਰ ਦਿੱਤਾ। ਜੋ ਪਿੱਛੇ ਰਹਿ ਜਾਂਦਾ ਸੀ ਉਹ ਸਿੱਖਾਂ ਦਾ ਹੀ ਸ਼ਿਕਾਰ ਬਣਦਾ। ਅਬਦਾਲੀ ਦੀਆਂ ਫੌਜਾਂ ਵਿਚ ਸਿੱਖਾਂ ਦਾ ਟਾਕਰਾ ਕਰਨ ਦਾ ਸਾਹਸ ਨਹੀਂ ਸੀ, ਕਿਉਂਕਿ ਜੋ ਇਕ ਤਾਂ ਉਹ ਥੱਕ-ਟੁੱਟ ਕੇ ਮੁੜੀਆਂ ਸਨ। ਦੂਜਾ, ਉਹ ਧਨ-ਪਦਾਰਥਾਂ ਨਾਲ ਲੱਦੀਆਂ ਹੋਈਆਂ ਸਨ। ਸਿੱਖਾਂ ਨੇ ਅਟਕ ਤਕ ਅਬਦਾਲੀ ਦਾ ਪਿੱਛਾ ਕੀਤਾ ਤੇ ਅਟਕ ਤੋਂ ਮੁੜਦੇ ਹੀ ਲਾਹੌਰ 'ਤੇ ਕਬਜ਼ਾ ਕਰ ਲਿਆ।"

ਸਿੱਖ ਜਥੇ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਸ੍ਰੀ ਗੋਇੰਦਵਾਲ ਸਾਹਿਬ ਦੇ ਪੱਤਣ ਦੇ ਦੁਆਲੇ ਸੰਘਣੀਆਂ ਝਾੜੀਆਂ ਪਿੱਛੇ ਜਾ ਲੁਕੇ, ਜਿਉਂ ਹੀ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਟੱਪਣ ਲੱਗੀ ਤਾਂ ਸਿੰਘਾਂ ਨੇ ਜੰਗਲਾਂ ਅਤੇ ਝਾੜੀਆਂ ਦੇ ਪਿੱਛੋਂ ਨਿਕਲ ਕੇ ਇੰਨਾ ਜ਼ੋਰਦਾਰ ਦਾ ਹਮਲਾ ਕੀਤਾ ਕਿ ਦੁਰਾਨੀਆਂ ਦੇ ਹੋਸ਼ ਉੱਡ ਗਏ। ਇਸ ਭਗਦੜ ਵਿਚ ਖਾਲਸੇ ਨੇ ਪਹਿਲਾਂ ਕੈਦੀ ਹਿੰਦੂ ਇਸਤਰੀਆਂ ਨੂੰ ਛੁਡਾ ਲਿਆ ਤੇ ਫਿਰ ਉਨ੍ਹਾਂ ਸਾਰੀਆਂ ਇਸਤਰੀਆਂ ਨੂੰ ਖ਼ਰਚ ਦੇ ਕੇ ਘਰੋਂ-ਘਰੀ ਪਹੁੰਚਾਇਆ। ਇਸ ਘਟਨਾ ਨਾਲ ਸਿੰਘਾਂ ਦੀ ਦਲੇਰੀ, ਨਿਸ਼ਕਾਮ ਸੇਵਾ ਦੀ ਧਾਂਕ ਹਰ ਪਾਸੇ ਪੈ ਗਈ ਅਤੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਲੋਕਾਂ ਦੇ ਸਤਿਕਾਰ ਦਾ ਕੇਂਦਰ ਬਣ ਗਏ ਅਤੇ ਪਿਆਰ ਨਾਲ ਲੋਕ ਉਸ ਨੂੰ 'ਬੰਦੀ ਛੋੜ' ਆਖਦੇ ਤੇ ਉਸ ਦੀ ਚੜ੍ਹਦੀ ਕਲਾ ਲਈ ਪਰਮਾਤਮਾ ਅੱਗੇ ਅਰਦਾਸਾਂ ਕਰਦੇ। ਪਾਣੀਪਤ ਦੇ ਮੈਦਾਨ ਵਿੱਚੋਂ ਮਰਹੱਟਣਾਂ ਨੂੰ ਵੀ ਮਹਾਂਰਾਸ਼ਟਰ ਵਿਚ ਉਨ੍ਹਾਂ ਦੇ ਘਰਾਂ ਤਕ ਸਿੰਘਾਂ ਨੇ ਬੜੇ ਜਫ਼ਰ ਜਾਲ ਕੇ ਪਹੁੰਚਾਇਆ ਸੀ। ਸਿੰਘਾਂ ਦੀ ਬਹਾਦਰੀ ਦੀ ਗਾਥਾ ਬਹੁਤ ਲੰਬੀ ਹੈ। ਕਾਸ਼! ਉਸ ਸਮੇਂ ਭਾਰਤ ਵਿਚਲੀਆਂ ਦੂਜੀਆਂ ਕੌਮਾਂ ਨੇ ਸਿੰਘਾਂ ਦਾ ਸਾਥ ਦਿੱਤਾ ਹੁੰਦਾ, ਤਾਂ ਕਿਸੇ ਵਿਦੇਸ਼ੀ ਹਮਲਾਵਰ ਦੀ ਇੰਨੀ ਹਿੰਮਤ ਨਹੀਂ ਸੀ ਕਿ ਉਹ ਭਾਰਤ 'ਤੇ ਵਾਰੋ-ਵਾਰੀ ਹਮਲਾ ਕਰਦੇ ਅਤੇ ਭਾਰਤ ਦਾ ਨਕਸ਼ਾ ਵੀ ਕੁਝ ਹੋਰ ਹੀ ਹੋਣਾ ਸੀ। ■

# ਪਾਣੀ ਪ੍ਰਾਣ ਪਵਣਿ ਬੰਧਿ ਰਾਖੈ

*-ਸ. ਬਲਵਿੰਦਰ ਸਿੰਘ ਗੰਭੀਰ**

ਪਾਣੀ ਜਾਂ ਜਲ ਇਕ ਐਸੀ ਨਿਆਮਤ ਚੀਜ਼ ਹੈ ਜਿਸ ਬਿਨਾਂ ਜੀਵ-ਮੰਡਲ ਦੀ ਹੋਂਦ ਹੋ ਹੀ ਨਹੀਂ ਸਕਦੀ। ਪਾਣੀ ਤੋਂ ਬਿਨਾਂ ਜੀਵਨ ਅਸੰਭਵ ਹੈ। ਜੇ ਅਸੀਂ ਇਹ ਕਹਿ ਲਈਏ ਕਿ ਸਮੁੱਚੀ ਕੁਦਰਤ, ਬਨਸਪਤੀ, ਜੀਵ-ਜੰਤੂ, ਪਸ਼ੂ-ਪੰਛੀ, ਮੌਸਮ ਅਤੇ ਭੂ-ਮੰਡਲੀ ਵਾਤਾਵਰਨ ਪਾਣੀ 'ਤੇ ਹੀ ਨਿਰਭਰ ਕਰਦੇ ਹਨ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਪਾਣੀ ਬਾਬਤ ਗੁਰਬਾਣੀ ਦਾ ਕਥਨ— *ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ* ਪਾਣੀ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਇਸ ਧਰਤੀ ਉੱਤੇ ਅਕਾਲ ਪੁਰਖ ਵੱਲੋਂ ਪਾਣੀ ਤੋਂ ਬਾਅਦ ਹੀ ਬਾਕੀ ਸਿਰਜਣ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਪਾਣੀ ਦਾ ਮਨੁੱਖੀ ਜੀਵਨ ਵਿਚ ਬਹੁਤ ਹੀ ਮਹੱਤਵਪੂਰਨ ਰੋਲ ਹੈ। ਇਸ ਪ੍ਰਕਾਰ ਪਾਣੀ ਹਰ ਤਰ੍ਹਾਂ ਦੇ ਜੀਵ-ਜੰਤੂਆਂ (ਸਮੇਤ ਮਨੁੱਖ ਦੇ) ਦੇ ਜਨਮ ਤੋਂ ਲੈ ਕੇ ਮੌਤ ਤਕ ਉਨ੍ਹਾਂ ਦੇ ਵਿਕਾਸ ਅਤੇ ਵਿਗਾਸ ਵਿਚ ਬਹੁਤ ਵੱਡੀ ਤੇ ਅਹਿਮ ਭੂਮਿਕਾ ਨਿਭਾਉਂਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਤਾਂ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਕਹਿ ਕੇ ਵਡਿਆਇਆ ਹੈ। ਗੁਰਬਾਣੀ ਵਿਚ ਥਾਂ ਪੁਰ ਥਾਂ ਕੁਦਰਤ ਨਾਲ ਇਕਸੁਰ ਹੋ ਕੇ ਜਿਊਣ ਦਾ ਸੰਦੇਸ਼ ਦਿੱਤਾ ਗਿਆ ਹੈ। ਇਹੀ ਉੱਤਮ ਸਿਮਰਨ ਅਤੇ ਉੱਤਮ ਜੀਵਨ-ਜਾਚ ਹੈ। ਸੱਚਾ ਸਿਮਰਨ ਜਾਂ ਭਗਤੀ ਕੁਦਰਤ ਦੇ ਨੇਮਾਂ ਨੂੰ ਤੋੜਨ ਵਿਚ ਨਹੀਂ, ਸਗੋਂ ਉਨ੍ਹਾਂ ਨੂੰ ਇੰਨ-ਬਿੰਨ ਮੰਨ ਲੈਣ ਵਿਚ ਹੈ। ਪਾਣੀ, ਹਵਾ ਅਤੇ ਧਰਤੀ ਨੂੰ ਪਲੀਤ ਕਰਨਾ ਸਿਮਰਨ ਕਿਵੇਂ ਹੋ ਸਕਦਾ ਹੈ? ਕਾਦਰ ਤਾਂ ਕੁਦਰਤ ਵਿਚ ਹੀ ਵੱਸਦਾ ਹੈ। ਗੁਰਬਾਣੀ ਦਾ ਫੁਰਮਾਨ ਹੈ— *ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥* ਉਸ ਪਰਮਾਤਮਾ ਦੀ ਅਪਾਰ ਕਿਰਪਾ ਦਾ ਪਾਤਰ ਹੋਣ ਜਾਂ ਬਣਨ ਲਈ ਸਾਨੂੰ ਉਸ ਦੀ ਰਚੀ ਕੁਦਰਤ ਨਾਲ ਸਾਂਝ ਬਣਾਉਣੀ ਜਾਂ ਪਿਆਰ ਪਾਉਣਾ ਹੋਵੇਗਾ। ਕੁਦਰਤ ਦੇ ਸ੍ਰੋਤਾਂ ਦੀ ਸਾਂਭ-ਸੰਭਾਲ ਕਰਨੀ ਹੋਵੇਗੀ। ਪਰ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਜੀਵਨ ਦਾ ਆਧਾਰ ਤਿੰਨ ਸ੍ਰੋਤ (ਪਾਣੀ, ਹਵਾ ਅਤੇ ਧਰਤੀ) ਹੀ ਪਲੀਤ ਕਰ ਦਿੱਤੇ ਹਨ, ਤਾਂ ਸਿਮਰਨ ਕਾਹਦਾ? ਹਥਲੇ ਲੇਖ ਵਿਚ ਪਾਣੀ ਦੀ ਮਹੱਤਤਾ ਬਾਰੇ ਗੱਲ ਕੀਤੀ ਜਾਵੇਗੀ।

ਗੁਰਬਾਣੀ ਵਿਚ ਥਾਂ ਪੁਰ ਥਾਂ ਪਾਣੀ ਦੀ ਮਹੱਤਤਾ ਬਾਰੇ ਅਨੇਕਾਂ ਹੀ ਪੰਕਤੀਆਂ ਸਾਡੇ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਉਨ੍ਹਾਂ ਵਿੱਚੋਂ ਕੁਝ ਪੰਕਤੀਆਂ ਇਸ ਲੇਖ ਦੇ

**ਪਿੰਡ ਤਾਰਾਗੜ੍ਹ, ਡਾਕ: ਧਰਮਕੋਟ ਬੱਗਾ, ਤਹਿ: ਬਟਾਲਾ—੧੪੩੫੦੫; ਜ਼ਿਲ੍ਹਾ ਗੁਰਦਾਸਪੁਰ। ਮੋ. ੯੪੬੪੭੫੬੭੯੧*

ਸੰਦਰਭ ਵਿਚ ਇੱਥੇ ਸਾਂਝੀਆਂ ਕਰਨੀਆਂ ਬਣਦੀਆਂ ਹਨ :

*-ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥*
*ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੦)*

*-ਮੀਹੁ ਪਇਆ ਪਰਮੇਸਰਿ ਪਾਇਆ ॥*
*ਜੀਅ ਜੰਤ ਸਭਿ ਸੁਖੀ ਵਸਾਇਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫)*

*-ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥*
*ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥*
*ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥*
*ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੦)*

ਸਾਡੀ ਧਰਤੀ 'ਤੇ ੭੧% ਜਲ ਅਤੇ ੨੯% ਥਲ ਭਾਗ ਹੈ। ਵਿਦਵਾਨਾਂ ਦੀ ਰਾਇ ਮੁਤਾਬਿਕ ਸਾਡੇ ਕੋਲ ਕੁੱਲ ਪਾਣੀ ਦੇ ੧੪੬ ਕਰੋੜ ਕਿਊਸਿਕ ਕਿਲੋਮੀਟਰ ਹਨ। ਹਰ ਸਾਲ ਸੂਰਜ ਦੀ ਤਪਸ਼ ਨਾਲ ੩.੪੦ ਲੱਖ ਕਿਊਸਿਕ ਕਿਲੋਮੀਟਰ ਪਾਣੀ ਵਾਸ਼ਪ ਬਣ ਕੇ ਅਕਾਸ਼ ਵਿਚ ਉੱਡ ਜਾਂਦਾ ਹੈ। ਇਸ ਤਰ੍ਹਾਂ ਵੱਡੀ ਮਾਤਰਾ ਵਿਚ ਧਰਤੀ ਤੇ ਅਸਮਾਨ ਵਿਚ ਤੈਰਦਾ ਜਾਂ ਲਟਕਦਾ ਰਹਿੰਦਾ ਹੈ ਅਤੇ ਲੋੜੀਂਦੀਆਂ ਹਾਲਤਾਂ ਮਿਲਣ 'ਤੇ ਮੀਂਹ ਦੇ ਰੂਪ ਵਿਚ ਵਰ੍ਹ ਜਾਂਦਾ ਹੈ। ੯੭.੩% ਪਾਣੀ ਖਾਰਾ ਹੈ ਜੋ ਪੀਣ-ਯੋਗ ਨਹੀਂ ਹੈ। ਸਾਡੇ ਕੋਲ ਬਚਦਾ ਪਾਣੀ ਦਾ ਭੰਡਾਰ ੨.੭% ਹੈ ਜਿਸ ਵਿੱਚੋਂ ੭੦% ਬਰਫਾਂ ਦੇ ਰੂਪ ਵਿਚ ਹੈ ਅਤੇ ੩੦% ਪਾਣੀ ਧਰਤੀ ਹੇਠਾਂ ਹੈ। ਕੁੱਲ ਮਿਲਾ ਕੇ ਸਾਡੇ ਕੋਲ ੧% ਤੋਂ ਵੀ ਘੱਟ ਪਾਣੀ ਪੀਣ-ਯੋਗ ਹੈ ਜੋ ਬਚਦਾ ਹੈ। ਸਾਡੀ ਬਦਕਿਸਮਤੀ ਇਹ ਹੈ ਕਿ ਅਸੀਂ ਉਸ ਦੀ ਵੀ ਸਾਂਭ-ਸੰਭਾਲ ਨਹੀਂ ਕਰ ਰਹੇ।

ਸਾਡੇ ਸਰੀਰ ਵਿਚ ਵੀ ੭੦% ਪਾਣੀ ਦੀ ਮਾਤਰਾ ਹੈ। ਜੇ ਇਸ ਦੀ ਪੰਜ ਫੀਸਦੀ ਮਾਤਰਾ ਘਟ ਜਾਵੇ ਤਾਂ ਬੇਚੈਨੀ ਹੁੰਦੀ ਹੈ। ਜੇ ਦਸ ਫੀਸਦੀ ਘਟ ਜਾਵੇ ਤਾਂ ਚੱਲਣ-ਫਿਰਨ ਤੋਂ ਅਸਮਰੱਥ ਅਤੇ ਵੀਹ ਫੀਸਦੀ ਘਟ ਜਾਵੇ ਤਾਂ ਮੌਤ ਹੋ ਜਾਂਦੀ ਹੈ।

ਮੈਂ ਇੱਥੇ ਜਲ ਜਾਂ ਪਾਣੀ ਬਾਰੇ ਉੱਤਰੀ ਭਾਰਤ ਦੇ ਮੈਦਾਨਾਂ ਦੇ ਪਾਣੀ ਦੀ ਗੱਲ ਕਰਾਂਗਾ ਜਿੱਥੇ ਇਸ ਵਕਤ ਪਾਣੀ ਦੀ ਕਿੱਲਤ ਜਾਂ ਸਮੱਸਿਆ ਬਣੀ ਹੋਈ ਹੈ। ਇਸ ਖੇਤਰ (ਬੈਲਟ) ਵਿਚ ਪੰਜਾਬ, ਹਰਿਆਣਾ, ਉੱਤਰ-ਪ੍ਰਦੇਸ਼, ਬਿਹਾਰ ਅਤੇ ਬੰਗਾਲ ਆਦਿ ਇਲਾਕੇ ਸ਼ਾਮਲ ਹਨ। ਜੇਕਰ ਅਸੀਂ ਇਕੱਲੇ ਪੰਜਾਬ ਦੀ ਗੱਲ ਕਰੀਏ ਤਾਂ ਇਸ ਦੇ ਲੱਗਭਗ ੧੪੬ ਬਲਾਕ ਅਤੇ ੧੪੩ ਕਸਬੇ ਹਨ। ਇਨ੍ਹਾਂ ਵਿੱਚੋਂ ੧੦੫ ਦੇ ਕਰੀਬ ਐਸੇ ਬਲਾਕ ਹਨ ਜਿਨ੍ਹਾਂ ਵਿੱਚੋਂ ਖ਼ਤਰੇ ਦੀ ਹੱਦ ਤਕ ਪਾਣੀ ਕੱਢਿਆ ਜਾ ਰਿਹਾ ਹੈ। ਪੰਜ ਬਲਾਕਾਂ ਦੀ ਹੱਦ ਖ਼ਤਰੇ ਦੀ ਕਗਾਰ 'ਤੇ ਹੈ। ਪੰਜਾਬ ਵਿਚ ਪਾਣੀ ਦੀ ਥੁੜ੍ਹ

ਤਾਂ ਹੈ ਹੀ, ਪਰ ਪਾਣੀ ਅਸ਼ੁੱਧ ਵੀ ਹੈ। ਕੋਈ ਵੀ ਜ਼ਿਲ੍ਹਾ ਐਸਾ ਨਹੀਂ ਜਿਸ ਦਾ ਪਾਣੀ ਖ਼ਰਾਬ ਨਾ ਹੋਵੇ। ਮਾਲਵੇ ਦੇ ਜ਼ਮੀਨੀ ਪਾਣੀ ਵਿਚ ਸੰਖੀਆ (ਆਰਸੈਨਿਕ) ਭਾਰੀ ਮਾਤਰਾ ਵਿਚ ਮੌਜੂਦ ਹੈ ਜਿਸ ਕਾਰਨ ਇਸ ਇਲਾਕੇ ਵਿਚ ਕੈਂਸਰ, ਕਾਲਾ ਪੀਲੀਆ, ਨਾਮਰਦੀ ਤੇ ਬਾਂਝਪਣ ਜਿਹੀਆਂ ਬਿਮਾਰੀਆਂ ਜ਼ੋਰ ਕਰ ਰਹੀਆਂ ਹਨ। ਇਹ ਤਾਂ ਰਹੀ ਪੰਜਾਬ ਦੀ ਗੱਲ। ਹੁਣ ਇੱਥੇ ਮੈਂ ਸਮੁੱਚੇ ਉੱਤਰੀ ਭਾਰਤ ਦੇ ਮੈਦਾਨਾਂ ਦੇ ਪਾਣੀ ਦੀ ਗੱਲ ਕਰਾਂਗਾ। ਇਸ ਬਾਰੇ ਸਾਨੂੰ ਇਸ ਖੇਤਰ ਦੇ ਭੂਗੋਲਿਕ ਇਤਿਹਾਸ ਨੂੰ ਘੋਖਣਾ ਅਤੇ ਪੜਚੋਲਣਾ ਪਵੇਗਾ।

ਅਸਲ ਵਿਚ ਇਹ ਭਾਰਤ ਦੇਸ਼ ਪਹਿਲਾਂ ਇਸ ਅਵਸਥਾ ਵਿਚ ਨਹੀਂ ਸੀ। ਜਿੱਥੇ ਅੱਜ ਹਿਮਾਲਿਆ ਪਰਬਤ ਹੈ ਇੱਥੇ ੪੦੦ ਲੱਖ ਸਾਲ ਪਹਿਲਾਂ ਇੱਕ 'ਟੈਥੀਜ ਸਾਗਰ' ਸੀ। ਅਸਲ ਵਿਚ ਜਦੋਂ ਇਹ ਪ੍ਰਿਥਵੀ ਹੋਂਦ ਵਿਚ ਆਈ ਤਾਂ ਇੱਥੇ ਇੱਕ ਹੀ ਮਹਾਂਦੀਪ ਸੀ ਜਿਸ ਨੂੰ 'ਪੈਨਜੀਆ' ਕਹਿੰਦੇ ਸਨ। ਬਾਅਦ ਵਿਚ ਇਸ ਦੇ ਦੋ ਟੁਕੜੇ ਹੋ ਗਏ। ਇਕ ਟੁਕੜਾ ਉੱਤਰੀ ਅਰਧ-ਗੋਲੇ ਵੱਲ ਚਲਾ ਗਿਆ ਜਿਸ ਨੂੰ 'ਅੰਗਾਰਾ ਲੈਂਡ' ਕਹਿੰਦੇ ਸਨ। ਠੀਕ ਇਸ ਦੇ ਦੱਖਣ-ਪੂਰਬ ਵਾਲੇ ਪਾਸੇ ਹੀ 'ਟੈਥੀਜ ਸਾਗਰ' ਸੀ। 'ਪੈਨਜੀਆ ਮਹਾਂਦੀਪ' ਦਾ ਇਕ ਹਿੱਸਾ ਦੱਖਣੀ ਅਰਧ ਗੋਲੇ ਵਿਚ ਸੀ, ਜਿਸ ਨੂੰ ਗੌਂਡਵਾਨਾ ਲੈਂਡ ਕਿਹਾ ਜਾਂਦਾ ਸੀ। ਫਿਰ ਗੌਂਡਵਾਨਾ ਲੈਂਡ ਦੇ ਵੀ ਟੁਕੜੇ ਹੋ ਗਏ। ਇਕ ਟੁਕੜਾ ਆਸਟ੍ਰੇਲੀਆ ਦੇ ਰੂਪ ਵਿਚ ਹੋਂਦ ਵਿਚ ਆਇਆ। ਗੌਂਡਵਾਨਾ ਲੈਂਡ ਨਾਲੋਂ ਇਕ ਹੋਰ ਟੁਕੜਾ ਵੱਖ ਹੋ ਕੇ (ਦੱਖਣੀ ਪਠਾਰ ਦੀ ਪਲੇਟ) ਉੱਤਰੀ ਅਰਧ-ਗੋਲੇ ਵੱਲ ਚਲਾ ਗਿਆ ਅਤੇ 'ਅੰਗਾਰਾ ਲੈਂਡ' ਨਾਲ ਜਾ ਟਕਰਾਇਆ ਜਿੱਥੇ 'ਟੈਥੀਜ ਸਾਗਰ' ਸੀ, ਜਿਸ ਵਿਚ ਪਹਿਲਾਂ ਤੋਂ ਹੀ 'ਅੰਗਾਰਾ ਲੈਂਡ' ਅਤੇ 'ਗੌਂਡਵਾਨਾ ਲੈਂਡ' ਦੀਆਂ ਨਦੀਆਂ ਨੇ ਮਲਬਾ ਲਿਆ ਕੇ ਸੁੱਟਿਆ ਹੋਇਆ ਸੀ। ਦੱਖਣੀ ਪਠਾਰ ਦੀ ਪਲੇਟ ਨੇ ਜਦ ਆ ਕੇ ਧੱਕਾ ਮਾਰਿਆ ਤਾਂ ਇਹ ਮਲਬਾ ਹਿਮਾਲਿਆ ਪਰਬਤ ਦੇ ਰੂਪ ਵਿਚ ਉੱਪਰ ਉੱਠ ਗਿਆ। ਹਿਮਾਲਿਆ ਪਰਬਤ ਦੀਆਂ ਤਿੰਨ ਲੜੀਆਂ ਹਨ, ਜਿਨ੍ਹਾਂ ਵਿਚ ਪਰਬਤੀ/ਪਹਾੜੀ ਸਿਹਤ-ਵਰਧਕ ਸਥਾਨ ਹਨ। ਹਿਮਾਲਿਆ ਪਰਬਤ ਦੇ ਠੀਕ ਦੱਖਣ ਵਾਲੇ ਪਾਸੇ ਦੱਖਣੀ ਪਠਾਰ ਦਾ ਉੱਤਰੀ ਹਿੱਸਾ ਹੈ, ਜਿਸ ਉੱਪਰ ਹਿਮਾਲਿਆ ਪਰਬਤ ਦੀਆਂ ਨਦੀਆਂ ਅਤੇ ਦੱਖਣੀ ਪਠਾਰ ਦੀਆਂ ਨਦੀਆਂ ਨੇ ਅਵਸਾਦ/ਮਲਬਾ ਲਿਆ ਕੇ ਜਮ੍ਹਾਂ ਕੀਤਾ, ਜਿਸ ਨਾਲ ਉੱਤਰੀ ਭਾਰਤ ਦੇ ਮੈਦਾਨ ਹੋਂਦ ਵਿਚ ਆਏ। ਪਰ ਇਨ੍ਹਾਂ ਦੇ ਥੱਲੇ ਦੱਖਣੀ ਪਠਾਰ ਦਾ ਚੱਟਾਨੀ ਹਿੱਸਾ ਹੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇੱਥੇ ਪਾਣੀ ਦੀ ਬੇਲੋੜੀ ਵਰਤੋਂ ਹੋ ਰਹੀ ਹੈ। ਵਧੇਰੇ ਗਿਣਤੀ ਵਿਚ ਬੋਰ ਹੋ ਰਹੇ ਹਨ, ਪਰ ਪਾਣੀ ਤਾਂ ਓਨਾ ਹੀ ਨਿਕਲੇਗਾ ਜਿੰਨਾ ਇਸ ਖੇਤਰ ਵਿਚ ਹੈ। ਉਦਾਹਰਨ ਦੇ ਤੌਰ 'ਤੇ ਇਕ ਬਾਲਟਾ ਲੈ ਲਉ। ਉਸ

ਨੂੰ ਰੇਤ ਨਾਲ ਭਰ ਦਿਉ ਅਤੇ ਉਸ ਵਿਚ ਪਾਣੀ ਪਾ ਦਿਉ। ਫਿਰ ਉਸ ਵਿੱਚੋਂ ਇੱਕ ਜਾਂ ਵਧੇਰੇ ਯੰਤਰ ਲਾ ਕੇ ਪਾਣੀ ਖਿੱਚੋ ਜਾਂ ਕੱਢੋ। ਪਾਣੀ ਉਸ ਵਿੱਚੋਂ ਓਨਾ ਹੀ ਨਿਕਲੇਗਾ ਜਿੰਨਾ ਉਸ ਬਾਲਟੇ ਵਿਚ ਹੈ। ਯੰਤਰ ਨੀਵੇਂ ਕਰਨ ਨਾਲ ਥੱਲੇ ਬਾਲਟੇ ਦਾ ਥੱਲਾ ਆ ਜਾਵੇਗਾ। ਠੀਕ ਇਸੇ ਤਰ੍ਹਾਂ ਇਸ ਖੇਤਰ (ਉੱਤਰੀ ਭਾਰਤ ਦੇ ਮੈਦਾਨ) ਵਿੱਚੋਂ ਜਿੰਨੇ ਜ਼ਿਆਦਾ ਬੋਰ ਕਰ ਕੇ ਪਾਣੀ ਕੱਢਾਂਗੇ ਪਾਣੀ ਦਾ ਓਨਾ ਹੀ ਪੱਧਰ ਨੀਵਾਂ ਚਲਾ ਜਾਵੇਗਾ। ਇਹੀ ਕਾਰਨ ਹੈ ਕਿ ਬੋਰ ਨੀਵੇਂ ਕਰਨੇ ਪੈ ਰਹੇ ਹਨ। ਪਰ ਬੋਰ ਹੋਰ ਨੀਵੇਂ ਕਰਨ 'ਤੇ ਥੱਲੇ ਚੱਟਾਨ ਆ ਜਾਵੇਗੀ। ਚੱਟਾਨ 'ਤੇ ਬੋਰ ਨਹੀਂ ਹੋ ਸਕੇਗਾ। ਹਾਲਾਤ ਇਸ ਤਰ੍ਹਾਂ ਦੇ ਬਣ ਜਾਣਗੇ ਕਿ ਕਿਸੇ ਵਕਤ ਬੋਰ ਕਰਦੇ ਸਮੇਂ ਪਾਣੀ ਦੀ ਬਜਾਇ ਜਵਾਲਾਮੁਖੀ ਫੱਟਣ ਦੀ ਸੰਭਾਵਨਾ ਬਣ ਸਕਦੀ ਹੈ, ਜਿਵੇਂ ਕਿ ਪਿੱਛੇ ਜਿਹੇ ਮਹਾਂਰਾਸ਼ਟਰ ਵਿਚ ਅਜਿਹਾ ਹੋ ਚੁੱਕਾ ਹੈ।

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਇਹ ਸਥਿਤੀ ਬਣੀ ਕਿਉਂ? ਕਾਰਨ ਸੰਯੁਕਤ-ਪਰਵਾਰਾਂ ਦਾ ਟੁੱਟਣਾ ਹੈ। ਇਕਹਿਰੇ ਪਰਵਾਰ ਬਣ ਰਹੇ ਹਨ। ਜ਼ਮੀਨਾਂ ਦੇ ਟੁਕੜੇ ਹੋ ਰਹੇ ਹਨ। ਬੋਰ ਵੱਧ ਕੀਤੇ ਜਾ ਰਹੇ ਹਨ। ੧੯੬੬ ਈ. ਦੀ ਹਰੀ ਕ੍ਰਾਂਤੀ ਤੋਂ ਬਾਅਦ ਫ਼ਸਲਾਂ ਦੀ ਬਹੁਤਾਤ ਕਾਰਨ ਪਾਣੀ ਦੀ ਵਰਤੋਂ ਵੱਧ ਹੋ ਰਹੀ ਹੈ। ਖਾਸ ਕਰ ਝੋਨੇ ਦੀ ਫ਼ਸਲ ਲਈ ਕਾਫੀ ਪਾਣੀ ਦੀ ਲੋੜ ਹੈ। ਬਿਜਲੀ ਦੀ ਸਪਲਾਈ ਦਾ ਘੱਟ ਮਿਲਣਾ ਵੀ ਇਕ ਕਾਰਨ ਹੈ। ਸਪਲਾਈ ਘੱਟ ਮਿਲਣ ਕਾਰਨ ਪਾਣੀ ਇਕ ਬੋਰ ਜਾਂ ਟਿਊਬਵੈਲ ਦਾ ਕੰਮ ਦੋ ਜਾਂ ਇਸ ਤੋਂ ਜ਼ਿਆਦਾ ਟਿਊਬਵੈਲਾਂ ਤੋਂ ਲਿਆ ਜਾ ਰਿਹਾ ਹੈ। ਰੁੱਖਾਂ ਦੀ ਕਟਾਈ ਅਤੇ ਪ੍ਰਦੂਸ਼ਣ ਵੀ ਇਸ ਸਮੱਸਿਆ ਦਾ ਵੱਡਾ ਕਾਰਨ ਹੈ। ਮਾਨਸੂਨੀ ਵਰਖਾ ਦੀ ਅਸਥਿਰਤਾ ਵੀ ਵਧੀ ਹੈ। ਕਈ ਵਾਰ ਵਰਖਾ ਹੁੰਦੀ ਹੀ ਨਹੀਂ। ਦਰਿਆ ਸੱਖਣੇ ਹੋ ਰਹੇ ਹਨ। ਦਰਿਆਵਾਂ 'ਤੇ ਬੰਨ੍ਹਾਂ ਦਾ ਫਾਇਦਾ ਜ਼ਰੂਰ ਹੈ, ਕਿਉਂਕਿ ਯੋਜਨਾ-ਬੱਧ ਤਰੀਕੇ ਨਾਲ ਪਾਣੀ ਦੀ ਵਰਤੋਂ ਹੋ ਰਹੀ ਹੈ, ਪਰ ਕੁਝ ਨੁਕਸਾਨ ਵੀ ਹਨ। ਦਰਿਆਵਾਂ 'ਤੇ ਬੰਨ੍ਹ ਬਣਾਉਣ ਦੇ ਨਾਲ-ਨਾਲ ਹੋ ਰਹੇ ਨੁਕਸਾਨਾਂ 'ਤੇ ਕਾਬੂ ਪਾਉਣਾ ਵੀ ਅਤੀ ਜ਼ਰੂਰੀ ਹੈ। ਕੁਦਰਤੀ ਛੰਭ ਵੀ ਸੁੱਕ ਰਹੇ ਹਨ। ਪੰਜਾਬ ਵਿਚ ਪਾਣੀ ਦੀ ਗੰਭੀਰ ਹੋ ਰਹੀ ਸਮੱਸਿਆ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਵੀ ਜ਼ਿੰਮੇਵਾਰ ਹਨ। ਭਾਰਤੀ ਸੰਵਿਧਾਨ ਅਤੇ ਕੌਮਾਂਤਰੀ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਕੇਂਦਰ ਵੱਲੋਂ ਪੰਜਾਬ ਦੇ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਦੂਜੇ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ। ਕੇਂਦਰ ਸਰਕਾਰ ਦੀ ਆਪਣੀ ਪੜਤਾਲ ਅਨੁਸਾਰ ਪੰਜਾਬ ਤੋਂ ਰਾਜਸਥਾਨ ਨੂੰ ਜਾਂਦੀਆਂ ਨਹਿਰਾਂ ਦਾ ਅੱਧੇ ਤੋਂ ਵੱਧ ਪਾਣੀ ਭਾਫ ਬਣ ਕੇ ਉੱਡ ਰਿਹਾ ਹੈ। ਇਨ੍ਹਾਂ ਨਹਿਰਾਂ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿਚ ਸੇਮ ਮਾਰੂ ਰੂਪ ਧਾਰ ਕੇ ਉਪਜਾਊ ਜ਼ਮੀਨ ਨੂੰ ਨੁਕਸਾਨ ਪਹੁੰਚਾ ਰਹੀ ਹੈ। ਰਾਜਸਥਾਨ ਦੇ ਇਲਾਕੇ ਨੂੰ ਦਿੱਤੇ ਪਾਣੀ ਦੀ ਕੀਮਤ ਡੇਢ ਲੱਖ ਕਰੋੜ ਰੁਪਏ ਬਣਦੀ ਹੈ। ਇੱਥੇ ਪੰਜਾਬ ਦੇ ਪਾਣੀ ਦੀ ਗੱਲ ਇਸ ਕਰਕੇ ਕਰਨੀ

ਬਣਦੀ ਹੈ, ਕਿਉਂਕਿ ਉੱਤਰੀ ਭਾਰਤ ਦੇ ਮੈਦਾਨਾਂ ਵਿਚ ਪੰਜਾਬ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।

ਹੁਣੇ ਜਿਹੇ ਕੇਂਦਰ ਸਰਕਾਰ ਨੇ ਪਾਣੀ ਦੀ ਸੰਭਾਲ ਲਈ ੬੦੦੦ ਕਰੋੜ ਰੁਪਏ ਦੀ ਲਾਗਤ ਵਾਲੀ ਇਕ ਅਟੱਲ ਭੂ-ਜਲ ਯੋਜਨਾ ਤਿਆਰ ਕੀਤੀ ਹੈ, ਜਿਸ ਅਨੁਸਾਰ ਕਿਸਾਨਾਂ ਨੂੰ ਮੀਂਹ ਦਾ ਪਾਣੀ ਬਚਾਉਣ ਲਈ ਅਤੇ ਬਦਲਵੀਆਂ ਫ਼ਸਲਾਂ ਅਪਨਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਪਰ ਬਦਕਿਸਮਤੀ ਇਹ ਹੈ ਕਿ ਇਸ ਵਿਚ ਪੰਜਾਬ ਨੂੰ ਸ਼ਾਮਲ ਹੀ ਨਹੀਂ ਕੀਤਾ ਗਿਆ। ਪਤਾ ਨਹੀਂ ਇਹ ਵਿਤਕਰਾ ਕਿੰਨਾ ਚਿਰ ਜਾਰੀ ਰਹੇਗਾ!

ਹੁਣ ਸਾਡੇ ਸਾਹਮਣੇ ਅਗਲਾ ਇਹ ਸੁਆਲ ਪੈਦਾ ਹੁੰਦਾ ਹੈ ਕਿ ਪੰਜਾਬ ਵਿਚ ਉੱਤਰੀ ਭਾਰਤ ਦੇ ਮੈਦਾਨਾਂ ਦੇ ਪਾਣੀ ਦੀ ਸਾਂਭ-ਸੰਭਾਲ ਕੀਤੀ ਕਿਵੇਂ ਜਾਵੇ? ਸਭ ਤੋਂ ਪਹਿਲਾਂ 'ਪਾਣੀ ਬਚਾਓ ਜੀਵਨ ਬਚਾਓ' ਸਾਡਾ ਨਾਅਰਾ ਹੋਣਾ ਚਾਹੀਦਾ ਹੈ। ਇਸ ਸਬੰਧੀ ਹਰ ਨਾਗਰਿਕ ਨੂੰ ਜਾਗਰੂਕ ਹੋਣਾ ਚਾਹੀਦਾ ਹੈ। ਦੂਜਾ, ਸਾਨੂੰ ਪਾਣੀ ਦਾ ਸਦਉਪਯੋਗ ਕਰਨਾ ਚਾਹੀਦਾ ਹੈ। ਮੀਂਹ ਦੇ ਪਾਣੀ ਨੂੰ ਜ਼ਮੀਨਦੋਜ਼ ਕਰ ਕੇ ਪਾਣੀ ਦੇ ਹੇਠਲੇ ਪੱਧਰ ਨੂੰ ਵਧਾਇਆ ਜਾ ਸਕਦਾ ਹੈ। ਭਾਰਤ ਦੇ ਕੇਰਲ ਰਾਜ ਨੇ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ ਕਰ ਕੇ ਪਾਣੀ ਦੀ ਸਪਲਾਈ ਨੂੰ ੫੦% ਸੁਧਾਰ ਲਿਆ ਹੈ। ਸੀਵਰੇਜ ਦੇ ਪਾਣੀ ਨੂੰ ਟਰੀਟਮੈਂਟ ਪਲਾਂਟਾਂ ਰਾਹੀਂ ਸੋਧ ਕੇ ਖੇਤੀਬਾੜੀ ਲਈ ਵਰਤਿਆ ਜਾ ਸਕਦਾ ਹੈ। ਜਿਹੜੇ ਉਦਯੋਗਪਤੀ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੇ ਹਨ ਉਨ੍ਹਾਂ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਹੈ। ਕਿਸਾਨਾਂ ਨੂੰ ਬਿਜਲੀ ਸਪਲਾਈ ਵੱਧ ਤੋਂ ਵੱਧ ਦਿੱਤੀ ਜਾਵੇ ਤਾਂ ਜੋ ਬੋਰ ਘੱਟ ਕਰਨੇ ਪੈਣ।

ਆਓ, ਸਾਰੇ ਰਲ-ਮਿਲ ਕੇ ਪਾਣੀ ਦੀ ਬੂੰਦ-ਬੂੰਦ ਬਚਾਉਣ ਅਤੇ ਪਾਣੀ ਦੀ ਸਮੱਸਿਆ ਦੇ ਸਮਾਧਾਨ ਲੱਭਣ ਦੇ ਯਤਨ ਕਰੀਏ! ਇਹ ਭਵਿੱਖ ਵਿਚ ਆਉਣ ਵਾਲੀਆਂ ਨਸਲਾਂ ਦੀ ਹੋਂਦ ਨੂੰ ਬਚਾਉਣ ਲਈ ਸਾਡਾ ਇਕ ਜ਼ਰੂਰੀ ਤੇ ਮਹੱਤਵਪੂਰਨ ਨੈਤਿਕ ਫ਼ਰਜ਼ ਹੈ। ਤਾਂ ਹੀ ਅਸੀਂ ਗੁਰੂ ਸਾਹਿਬ ਦੀ ਬਾਣੀ ਵਿਚਲੇ ਪਾਣੀ ਪ੍ਰਤੀ ਸਤਿਕਾਰ ਭਰੇ ਸ਼ਬਦਾਂ ਦੇ ਸੱਚੇ ਦਿਲੋਂ ਕਦਰਦਾਨ/ਪ੍ਰੀਤਵਾਨ ਬਣ ਸਕਦੇ ਹਾਂ ਤੇ ਪਵਿੱਤਰ ਫੁਰਮਾਨ— *ਪ੍ਰਾਣੀ ਪ੍ਰਾਣ ਪਵਣਿ ਬੰਧਿ ਰਾਖੈ* ਅਨੁਸਾਰ ਇਹ ਗੱਲ ਨੂੰ ਸਮਝ ਸਕਦੇ ਹਾਂ ਕਿ ਪਾਣੀ, ਪਉਣ ਆਦਿਕ ਤੱਤਾਂ ਵਿਚ ਪਰਮਾਤਮਾ ਨੇ ਮਨੁੱਖ ਦੇ ਪ੍ਰਾਣ ਟਿਕਾ ਕੇ ਰੱਖੇ ਹੋਏ ਹਨ। ਇਸ ਲਈ ਪਾਣੀ ਨੂੰ ਬਚਾਉਣਾ ਬੇਹੱਦ ਜ਼ਰੂਰੀ ਹੈ। ■

*ਸਾਖੀ 'ਚ ਸਿੱਖਿਆ: ੨*

# ਮਨ ਦੀ ਇਕਾਗਰਤਾ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੁਲਤਾਨਪੁਰ ਵਿਖੇ ਵੇਈਂ ਨਦੀ 'ਚੋਂ ਨਿਕਲਣ ਉਪਰੰਤ ਉਪਦੇਸ਼ ਬਖਸ਼ਿਆ— 'ਨਾ ਕੋ ਹਿੰਦੂ ਨਾ ਮੁਸਲਮਾਨ'। ਭਾਵ ਸਾਰੇ ਇਨਸਾਨ ਇੱਕ ਹਨ। ਇਸ ਲਈ ਇਹ ਵਿਤਕਰੇ ਤਿਆਗ ਦਿਓ ਜੋ ਆਪੋ ਆਪਣੇ ਮਤ ਨੂੰ ਉੱਚਾ ਜਾਣ ਕੇ ਦੂਸਰੇ ਨੂੰ ਨੀਵਾਂ ਦਿਖਾਉਂਦੇ ਹੋ। ਇਹ ਸਮੁੱਚੀ ਮਾਨਵਤਾ ਨੂੰ ਊਚ-ਨੀਚ ਦੇ ਭੇਦ ਭਾਵ ਤੋਂ ਉੱਪਰ ਉਠਾਉਣ ਦਾ ਸੰਦੇਸ਼ ਸੀ ਅਤੇ ਇੱਕ ਪ੍ਰਭੂ ਦੀ ਹੋਂਦ ਹਸਤੀ ਨੂੰ ਮੰਨਣ ਵਾਲਿਆਂ ਦੀ ਜੀਵਨ-ਜੁਗਤ ਕੀ ਹੋਵੇ? ਇਹ ਪਹਿਲਾ ਸਬਕ ਸੀ।

ਸਾਖੀ ਅਨੁਸਾਰ ਕਾਜ਼ੀ ਨੇ ਇਹ ਸਾਰੀ ਕਥਾ ਨਵਾਬ ਨੂੰ ਜਾ ਦੱਸੀ, ਤਾਂ ਨਵਾਬ ਨੇ ਗੁਰੂ ਜੀ ਨੂੰ ਕਿਹਾ ਕਿ ਜੇ ਤੁਹਾਡੀ ਨਜ਼ਰ ਵਿਚ ਹਿੰਦੂ/ਮੁਸਲਮਾਨ ਬਰਾਬਰ ਹਨ, ਤਾਂ ਤੁਸੀਂ ਸਾਡੇ ਨਾਲ ਮਸਜਿਦ ਵਿਚ ਨਮਾਜ਼ ਪੜ੍ਹੋ। ਗੁਰੂ ਜੀ ਉਨ੍ਹਾਂ ਨਾਲ ਮਸਜਿਦ ਵਿਚ ਚਲੇ ਗਏ। ਬਹੁਤ ਸਾਰੇ ਲੋਕ ਵੀ ਇਕੱਠੇ ਹੋ ਗਏ। ਇਧਰ ਕਾਜ਼ੀ ਤੇ ਨਵਾਬ ਨਮਾਜ਼ ਪੜ੍ਹਦੇ ਰਹੇ, ਪਰ ਗੁਰੂ ਜੀ ਚੁੱਪ-ਚਾਪ ਖੜ੍ਹੋਤੇ ਹੋਏ ਦੋਹਾਂ ਨੂੰ ਦੀਰਘ ਦ੍ਰਿਸ਼ਟੀ ਨਾਲ ਵਾਚਦੇ ਰਹੇ।ਨਮਾਜ਼ ਅਦਾ ਹੋਣ ਉਪਰੰਤ ਦੋਹਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ?

ਸਤਿਗੁਰਾਂ ਦੇ ਬਚਨ ਸਨ ਕਿ ਨਵਾਬ ਸਾਹਿਬ ਤਾਂ ਕਾਬਲ ਵਿਚ ਘੋੜੇ ਖਰੀਦ ਰਹੇ ਸਨ ਤੇ ਕਾਜ਼ੀ ਸਾਹਿਬ ਦੇ ਮਨ ਵਿਚ ਡਰ ਘੁੰਮ ਰਿਹਾ ਸੀ ਕਿ ਘਰ ਵਿਚ ਸੂਈ ਘੋੜੀ ਦਾ ਵਛੇਰਾ ਖੂਹੀ ਵਿਚ ਨਾ ਡਿੱਗ ਪਵੇ। ਇਸ ਲਈ ਤੁਹਾਡਾ ਮਨ ਨਮਾਜ਼ ਵਿਚ ਨਹੀਂ, ਸਗੋਂ ਨਿੱਜੀ ਕੰਮਾਂ ਵਿਚ ਮਗਨ ਸੀ ਤੇ ਮੇਰਾ ਮਨ ਤੁਹਾਡੇ ਮਨ ਦੀ ਪਾੜ੍ਹਤ ਪੜ੍ਹ ਰਿਹਾ ਸੀ। ਸਾਖੀ ਅਨੁਸਾਰ ਕਾਜ਼ੀ ਤੇ ਨਵਾਬ ਨੇ ਇਸ ਭੁੱਲ ਨੂੰ ਪ੍ਰਵਾਨ ਕੀਤਾ ਤੇ ਸਤਿਗੁਰਾਂ ਨੂੰ ਨਮਸਕਾਰ ਕੀਤੀ। ਇਹ ਸਾਖੀ ਹਰੇਕ ਲਈ ਪ੍ਰੇਰਕ ਸ਼ਕਤੀ ਹੈ ਕਿ ਜੋ ਵੀ ਕਾਰਜ ਕਰਦੇ ਹੋ ਭਾਵੇਂ ਕਿਰਤ ਹੋਵੇ, ਕੀਰਤੀ ਹੋਵੇ ਜਾਂ ਸੰਸਾਰੀ ਜੀਵਨ ਵਿਚ ਕੋਈ ਵੀ ਕੰਮ ਧੰਦਾ ਹੋਵੇ, ਜਦ ਤਕ ਮਨ ਨਹੀਂ ਲਗਾਉਂਦੇ ਤਦ ਤਕ ਉਸ ਵਿੱਚੋਂ ਸਫ਼ਲਤਾ ਪ੍ਰਾਪਤ ਨਹੀਂ ਹੋਵੇਗੀ। ਮਨ ਸਾਡੀ ਵਿਚਾਰ ਸ਼ਕਤੀ ਹੈ ਤੇ ਵਿਚਾਰਾਂ ਦੀ ਇਕਾਗਰਤਾ ਤੋਂ ਬਗ਼ੈਰ ਅਸੀਂ ਬੇਤਾਲੇ ਰਹਾਂਗੇ। ਆਪਣੇ ਮਨ ਪ੍ਰਤੀ ਅਗਿਆਨਤਾ ਸਾਨੂੰ ਇਕਸੁਰ ਨਹੀਂ ਹੋਣ ਦਿੰਦੀ ਤੇ ਇਕਸੁਰਤਾ ਤੋਂ ਬਿਨਾਂ ਇਨਸਾਨ ਅਧੂਰੇ ਕਾਰਜ ਕਰਦਾ ਹੈ। ਮਨ ਸਬੰਧੀ ਸਤਿਗੁਰਾਂ

**ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅੰਮ੍ਰਿਤਸਰ। ਮੋ. ੯੮੧੫੯-੮੫੫੫੯*

ਦਾ ਫੁਰਮਾਨ ਹੈ:-

*ਇਹੁ ਮਨੁ ਕਰਮਾ ਇਹੁ ਮਨੁ ਧਰਮਾ॥*
*ਇਹੁ ਮਨੁ ਪੰਚ ਤਤੁ ਤੇ ਜਨਮਾ॥*
*ਸਾਕਤੁ ਲੋਭੀ ਇਹੁ ਮਨੁ ਮੂੜਾ॥*
*ਗੁਰਮੁਖਿ ਨਾਮੁ ਜਪੈ ਮਨੁ ਰੂੜਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੫)*

ਭਾਵ ਪੰਜ ਤੱਤਾਂ ਦੇ ਵਜੂਦ 'ਤਨ' ਵਿਚ ਇਹ 'ਮਨ' ਕਾਰਜਸ਼ੀਲ ਹੁੰਦਾ ਹੋਇਆ ਸਾਰੇ ਕਰਮ ਕਰਦਾ ਤੇ ਧਰਮ ਪਾਲਦਾ ਹੈ। ਮਾਇਆ ਦੇ ਲੋਭ ਵਿਚ ਮੂਰਖ ਵੀ ਹੋ ਜਾਂਦਾ ਹੈ, ਪਰ ਜਿਹੜਾ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਪ੍ਰਭੂ ਦਾ ਨਾਮ ਜਪੇ ਸੋ ਸੁੰਦਰ ਹੈ। ਅਜਿਹੀ ਸੁੰਦਰ ਵਿਚਾਰ ਸ਼ਕਤੀ ਹੀ ਮਨੁੱਖ ਦੀ ਸ਼ਖ਼ਸੀਅਤ ਨੂੰ ਨਿਖਾਰਦੀ ਹੈ ਤੇ ਅਜਿਹੀ ਬਖ਼ਸ਼ਿਸ਼ ਦਾ ਪਾਤਰ ਹੀ 'ਮਨਿ ਜੀਤੈ ਜਗੁ ਜੀਤੁ' ਵਾਲੀ ਅਵਸਥਾ ਨੂੰ ਗ੍ਰਹਿਣ ਕਰਦਾ ਹੈ। ਇਸ ਸਾਖੀ ਵਿਚ ਮਨ ਦੀ ਇਕਾਗਰਤਾ ਲਈ ਗੁਰੂ ਜੀ ਵੱਲੋਂ ਬਖਸ਼ਿਆ ਚੇਤੰਨਤਾ ਦਾ ਮੰਤਰ ਹੈ ਜਿਸ ਤੋਂ ਸਿੱਖਿਆ ਪ੍ਰਾਪਤ ਕਰ ਕੇ ਅਸੀਂ ਜੀਵਨ ਸਫ਼ਲ ਕਰ ਸਕਦੇ ਹਾਂ। ■

## ਕਾਦੀਆਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਜੀਤ ਸਿੰਘ ਕਾਦੀਆਂ, ਪ੍ਰਚਾਰਕ ਵੱਲੋਂ ਪ੍ਰਚੀ ਰਿਪੋਰਟ ਅਨੁਸਾਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਅਗਵਾਈ ਵਿਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਰੇਲਵੇ ਰੋਡ, ਕਸਬਾ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ੧੯ ਅਕਤੂਬਰ, ੨੦੧੯ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਵਿਚ ਵਿਸ਼ੇਸ਼ ਕਰਕੇ ਸਕੂਲੀ ਬੱਚਿਆਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਤ ਕੀਤਾ ਗਿਆ। ਇਸ ਤਹਿਤ ਕੁੱਲ ੧੪੮ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਸਮਾਗਮ ਦੀ ਸਫ਼ਲਤਾ ਲਈ ਪ੍ਰਚਾਰਕ ਭਾਈ ਸਿਮਰਨਜੀਤ ਸਿੰਘ, ਭਾਈ ਬਲਬੀਰ ਸਿੰਘ ਤੇ ਭਾਈ ਗੁਰਮੁਖ ਖਾਲਸਾ, ਭਾਈ ਮਹਿਤਾਬ ਸਿੰਘ (ਕਵੀਸ਼ਰ) ਦੇ ਸਹਿਯੋਗ ਤੋਂ ਇਲਾਵਾ ਸਤਿਨਾਮ ਸਰਬ ਕਲਿਆਣ ਸੰਸਥਾ ਅਤੇ ਸ. ਗੁਰਤਿੰਦਰਪਾਲ ਸਿੰਘ, ਮੈਨੇਜਰ, ਗੁਰਦੁਆਰਾ ਕੰਧ ਸਾਹਿਬ, (ਬਟਾਲਾ) ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਗੁਰਮਤਿ ਸਾਹਿਤ ਦੇ ਰੂ-ਬ-ਰੂ— ੧੯

*-ਡਾ. ਰਣਜੀਤ ਕੌਰ ਪੰਨਵਾਂ**

**ਪੁਸਤਕ ਦਾ ਨਾਮ:** ਅਕਾਲੀ ਮੋਰਚਿਆਂ ਦਾ ਇਤਿਹਾਸ
**ਲੇਖਕ ਦਾ ਨਾਮ :** ਸ. ਸੋਹਣ ਸਿੰਘ ਜੋਸ਼
**ਪ੍ਰਕਾਸ਼ਕ :** ਨਵਯੁੱਗ ਪਬਲਿਸ਼ਰਜ਼, ਦਿੱਲੀ
**ਪ੍ਰਕਾਸ਼ਨ ਸਾਲ :** ੧੯੭੨ (ਪਹਿਲੀ ਵਾਰ)
**ਪੰਨੇ :** ੫੩੦
**ਕੀਮਤ :** ੨੦ ਰੁਪਏ

ਸ. ਸੋਹਣ ਸਿੰਘ ਜੋਸ਼ (੨੨ ਸਤੰਬਰ, ੧੮੯੮-੨੯ ਜੁਲਾਈ, ੧੯੮੨ ਈ.) ਪਿੰਡ ਚੇਤਨਪੁਰਾ, ਸ੍ਰੀ ਅੰਮ੍ਰਿਤਸਰ ਦੇ ਵਾਸੀ ਸਨ। ਆਪ ਜੀ ਨੇ ਆਪਣੀ ਆਰਥਿਕ ਮੰਦਹਾਲੀ ਕਾਰਨ ਕਈ ਕਿੱਤੇ ਅਪਣਾਏ। ਉਪਰੰਤ ਸਕੂਲ ਅਧਿਆਪਕ ਬਣ ਕੇ ਆਪਣੇ ਨਾਂ ਨਾਲ 'ਜੋਸ਼' ਤਖ਼ੱਲਸ ਜੋੜ ਲਿਆ। ਗੁਰਦੁਆਰਾ ਸੁਧਾਰ ਲਹਿਰ ਸਮੇਂ ਆਪ ਜੀ ਨੇ ਦਲੇਰੀ ਨਾਲ ਹਿੱਸਾ ਲਿਆ ਅਤੇ ੧੯੨੨ ਈ. ਨੂੰ ਬ੍ਰਿਟਿਸ਼ ਵਿਰੋਧੀ ਭਾਸ਼ਣ ਦੇਣ ਕਰਕੇ ਆਪ ਜੀ ਨੂੰ ਜੇਲ੍ਹ ਜਾਣਾ ਪਿਆ। ੧੯੨੩ ਈ. ਵਿਚ ਆਪ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਬਣ ਗਏ। ਆਪ ਜੀ **ਕਿਰਤੀ ਕਿਸਾਨ ਪਾਰਟੀ** ਅਤੇ **ਨੌਜਵਾਨ ਭਾਰਤ ਸਭਾ** ਦੇ ਮੈਂਬਰ ਵੀ ਰਹੇ ਅਤੇ ਕਈ ਇਨਕਲਾਬੀ ਗਤੀਵਿਧੀਆਂ ਵਿਚ ਹਿੱਸਾ ਲੈਂਦੇ ਹੋਏ, ਮੇਰਠ ਸਾਜ਼ਿਸ਼ ਕੇਸ ਵਿਚ ਪੰਜ ਸਾਲ ਜੇਲ੍ਹ ਵਿਚ ਰਹੇ।

ਆਪ ਜੀ ਨੇ ਅੰਗੇਰਜ਼ੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਰਚਨਾ ਕੀਤੀ ਹੈ। ਜੋਸ਼ ਜੀ ਦੀ ਲਿਖਣ ਯੋਗਤਾ ਦੀ ਅਰੰਭਤਾ 'ਅਕਾਲੀ' ਅਖ਼ਬਾਰ ਰਾਹੀਂ ਹੋਈ। ਕੁਝ ਸਾਲਾਂ ਬਾਅਦ ਆਪ ਜੀ ਨੇ 'ਜੰਗ-ਏ-ਆਜ਼ਾਦੀ' ਕਮਿਊਨਿਸਟ ਪੇਪਰ ਅਤੇ 'ਨਵਾਂ ਜ਼ਮਾਨਾ' ਸੰਪਾਦਿਤ ਕਰਨਾ ਸ਼ੁਰੂ ਕਰ ਦਿੱਤਾ।

ਸ. ਸੋਹਣ ਸਿੰਘ ਜੋਸ਼ ਨੇ 'ਰੁੱਤ ਨਵਿਆਂ ਦੀ ਆਈ', 'ਮੇਰੀ ਰੂਸ ਯਾਤਰਾ', 'ਪੰਜਾਬੀ ਬੋਲੀ ਤੇ ਭਾਸ਼ਾ ਵਿਗਿਆਨ', 'ਇਕ ਇਨਕਲਾਬ ਅਤੇ ਇਕ ਜੀਵਨੀ', 'ਕਾਮਾਗਾਟਾਮਾਰੂ ਦਾ ਦੁਖਾਂਤ', 'ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ', 'ਹਿੰਦੁਸਤਾਨ ਦੀ ਗ਼ਦਰ ਪਾਰਟੀ ਦਾ ਇਤਿਹਾਸ' (ਦੋ ਭਾਗ-ਅੰਗਰੇਜ਼ੀ) ਅਧੂਰੀ ਸ੍ਵੈਜੀਵਨੀ, ਦੋ ਨਾਵਲ ਅਤੇ ਕੁਝ ਕਹਾਣੀਆਂ ਵੀ ਲਿਖੀਆਂ ਸਨ, ਜੋ ਅਪ੍ਰਕਾਸ਼ਿਤ ਹਨ।

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੮੧੪੮-੫੧੫੧੩*

ਆਪ ਜੀ ਰਚਿਤ ਪੁਸਤਕ 'ਅਕਾਲੀ ਮੋਰਚਿਆਂ ਦਾ ਇਤਿਹਾਸ' ਜਾਣਕਾਰੀ ਅਤੇ ਖੋਜ ਪੱਖੋਂ ਬਹੁਤ ਮਹੱਤਵਪੂਰਨ ਹੈ। ਇਸ ਪੁਸਤਕ ਵਿਚ ਅਕਾਲੀ ਮੋਰਚਿਆਂ ਦਾ ਇਤਿਹਾਸ ਵਿਸਤ੍ਰਿਤ ਰੂਪ ਵਿਚ ਦਿੱਤਾ ਗਿਆ ਹੈ। ਲੇਖਕ ਅਨੁਸਾਰ ਗੁਰਦੁਆਰਿਆਂ ਦੀ ਅਜ਼ਾਦੀ ਲਈ ਲੜੇ ਮੋਰਚਿਆਂ ਦੇ ਇਤਿਹਾਸ ਨਾਲ ਅਜੇ ਤਕ ਇਨਸਾਫ ਨਾ ਹੋਣ ਕਾਰਨ ੧੯੬੭ ਈ. ਦੇ ਅਖੀਰੀ ਮਹੀਨਿਆਂ ਵਿਚ ਕੰਮ ਤੋਂ ਛੁੱਟੀ ਲੈ ਲਈ, ਪਰ ਸਾਥੀ ਰਾਜੇਸਵਰ ਰਾਓ ਨੇ ਮੈਨੂੰ ਮੇਰਾ ਆਪਣਾ ਜੀਵਨ ਲਿਖਣ ਲਈ ਦਿੱਲੀ ਸੱਦ ਲਿਆ। ਮੈਂ ਸਾਥੀ ਰਾਓ ਨੂੰ ਮੋਰਚਿਆਂ ਦਾ ਇਤਿਹਾਸ ਲਿਖਣ ਦੀ ਇੱਛਾ ਦੱਸੀ ਤਾਂ ਉਨ੍ਹਾਂ ਬੜੀ ਖੁਸ਼ੀ ਨਾਲ ਇਹ ਗੱਲ ਮੰਨ ਲਈ ਅਤੇ ਮੋਰਚਿਆਂ ਦਾ ਇਤਿਹਾਸ ਲਿਖਣਾ ਸ਼ੁਰੂ ਕਰ ਦਿੱਤਾ।

ਲੇਖਕ ਨੇ ਇਸ ਪੁਸਤਕ ਲਈ ੧੯੧੯ ਈ. ਤੋਂ ੧੯੨੭ ਈ. ਤਕ ਦੀਆਂ ਬ੍ਰਿਟਿਸ਼ ਹਾਕਮਾਂ ਦੀਆਂ ਸਾਰੀਆਂ ਖ਼ੁਫੀਆ ਕਾਰਵਾਈਆਂ, ਫ਼ਾਈਲਾਂ ਅਤੇ ਮਿਸਲਾਂ ਦਾ ਅਧਿਐਨ ਕੀਤਾ, ਇਹ 'ਅਤਿਅੰਤ ਗੁਪਤ' ਮਿਸਲਾਂ ਅੱਠ ਹਜ਼ਾਰ ਸਫ਼ੇ ਦੀਆਂ ਸਨ ਅਤੇ ਇਸ ਤੋਂ ਬਿਨਾਂ ਗੌਰਮਿੰਟ ਕਮਿਸ਼ਨਾਂ ਦੀਆਂ ਰਿਪੋਰਟਾਂ ਦੇ ਹਜ਼ਾਰਾਂ ਸਫ਼ੇ ਅਧਿਐਨ ਦਾ ਆਧਾਰ ਬਣੇ। ਇਸ ਪੁਸਤਕ ਵਿਚ ਬ੍ਰਿਟਿਸ਼ ਸਾਮਰਾਜ ਦੀਆਂ ਕੁਟਲ ਨੀਤੀਆਂ, ਕੁਚਾਲਾਂ ਅਤੇ ਫੁੱਟ ਪਾਉਣ ਦੀਆਂ ਕਰਤੂਤਾਂ, ਸਾਜ਼ਿਸ਼ਾਂ ਨੂੰ ਚੰਗੀ ਤਰ੍ਹਾਂ ਨੰਗਿਆਂ ਅਤੇ ਨਸ਼ਰ ਕੀਤਾ ਗਿਆ ਹੈ।

ਪੁਸਤਕ ਦੀ ਸ਼ੁਰੂਆਤ ਵਿਚ ਲੇਖਕ ਨੇ ਭੂਮਿਕਾ ਲਈ ਅਰੰਭਕ ਗੱਲ ਸ਼ਬਦ ਵਰਤਿਆ ਹੈ, ਫਿਰ ਸੰਬੰਧਿਤ ਪੁਸਤਕਾਵਲੀ ਤੇ ਹੋਰ ਸਮੱਗਰੀ ਵਿਚ ਪੰਜਾਬੀ ਤੇ ਅੰਗਰੇਜ਼ੀ ਪੁਸਤਕਾਂ, ਅਖ਼ਬਾਰਾਂ ਅਤੇ ਲਿਖਤੀ ਬਿਆਨ ਦਰਜ ਕੀਤੇ ਹਨ। ਪੁਸਤਕ ਦੇ ਚਾਰ ਖੰਡ ਹਨ:-

**ਪਹਿਲਾ ਖੰਡ:** ਇਸ ਖੰਡ ਵਿਚ ਇਤਿਹਾਸਿਕ ਪਿਛਵਾੜ (ਪਿਛੋਕੜ), ਗੁਰਦੁਆਰਿਆਂ ਦੀ ਅਜ਼ਾਦੀ ਦਾ ਸਵਾਲ, ਦਰਬਾਰ ਸਾਹਿਬ 'ਤੇ ਕਬਜ਼ਾ, ਕੇਂਦਰੀ ਅਕਾਲੀ ਦਲ, ਨਨਕਾਣਾ ਸਾਹਿਬ ਦਾ ਕਤਲਾਮ (ਸ਼ਹੀਦੀ ਸਾਕਾ), ਦਲੀਪ ਸਿੰਘ ਦੀ ਸ਼ਹੀਦੀ, ਜਨਮ ਅਸਥਾਨ 'ਤੇ ਕਬਜ਼ਾ, ਇਸ ਕਤਲਾਮ ਦਾ ਪੜ-ਕ੍ਰਮ, ਤਫਤੀਸ਼ ਤੇ ਮੁਕੱਦਮੇ, ਸਾਜਿਸ਼ ਦੇ ਸਬੂਤ, ਤਸ਼ੱਦਦ ਦਾ ਨਵਾਂ ਦੌਰ, ਕੁੰਜੀਆਂ ਦਾ ਮੋਰਚਾ, ਗ੍ਰਿਫਤਾਰੀਆਂ ਦਾ ਦੂਜਾ ਦੌਰ, ਮੁਕੱਦਮੇ ਤੇ ਸਜ਼ਾਵਾਂ, ਵਿਚੋਲਾ ਲੱਭਣ ਦੇ ਯਤਨ।

**ਦੂਜਾ ਖੰਡ:** ਗੁਰੂ ਕੇ ਬਾਗ ਦਾ ਮੋਰਚਾ (ਤਸ਼ੱਦਦ ਦਾ ਤੀਜਾ ਦੌਰ) ਇਸ ਹਮਲੇ ਦਾ ਜਵਾਬ, ਕਾਂਗਰਸ ਦੀ ਮਾਰਕੁੱਟ ਬਾਰੇ ਰਿਪੋਰਟ, ਗੌਰਮਿੰਟ ਦੀ ਨਵੀਂ ਪਾਲਿਸੀ, ਕੌਮਾਂਤਰੀ ਪਿੜ ਵਿਚ, ਉਗਲਵੀ ਦਾ ਮਿਸ਼ਨ, ਮੋਰਚੇ ਦੀ ਫ਼ਤੇ ਦਾ ਅਸਰ, ਜੇਲ੍ਹਾਂ ਵਿਚ ਤਸ਼ੱਦਦ, ਅਕਾਲੀ ਮੋਰਚੇ ਤੇ ਕਿਰਪਾਨ।

**ਤੀਜਾ ਖੰਡ:** ਨਾਭੇ ਦੀ ਗੱਦੀ ਦਾ ਮਸਲਾ, ਕੀ ਗੱਦੀ ਸੁਇੱਛਾ ਨਾਲ ਛੱਡੀ ਗਈ? ਜੈਤੋ

ਦਾ ਮੋਰਚਾ, ਸ਼੍ਰੋਮਣੀ ਕਮੇਟੀ ਦੀ ਤਾਕਤ, ਨਵੇਂ ਹਾਲਾਤ ਦਾ ਮੁਕਾਬਲਾ (ਤਸ਼ੱਦਦ ਦਾ ਚੌਥਾ ਦੌਰ), ਰਿਆਸਤਾਂ ਵਿਚ ਕੜ- ਕੁੱਟਵਾਂ ਤਸ਼ੱਦਦ, ਪਹਿਲੇ ਸ਼ਹੀਦੀ ਜਥੇ ਦਾ ਮਾਰਚ, ਕਿੰਨੇ ਸਿੰਘ ਸ਼ਹੀਦ ਹੋਏ? ਸਮਝੌਤੇ ਦੀ ਗੱਲਬਾਤ, ਸ਼੍ਰੋਮਣੀ ਕਮੇਟੀ ਦਾ ਸਪੱਸ਼ਟੀਕਰਣ, ਨਵਾਂ ਗਵਰਨਰ-ਨਵੀਂ ਪਾਲਿਸੀ।

**ਚੌਥਾ ਖੰਡ:** ਹੇਲੀ ਦੀ ਮੁਕਾਬਲੇ ਲਈ ਰਣਨੀਤੀ, ਬਿੱਲ ਮਨਜ਼ੂਰ ਹੋ ਗਿਆ, ਜੈਤੋ ਵਿਚ ਅਖੰਡਪਾਠ, ਕਿਲ੍ਹੇ ਦੇ ਆਗੂਆਂ ਵਿਚ ਮਤਭੇਦ, ਸ਼ਰਤਾਂ ਪਰਵਾਨ ਕਰ ਲਈਆਂ, ਸੈਂਟਰਲ ਬੋਰਡ ਦੀਆਂ ਚੋਣਾਂ, ਸ੍ਰ. ਤੇਜਾ ਸਿੰਘ ਸਮੁੰਦਰੀ ਦਾ ਦਿਹਾਂਤ, ਰਿਹਾਈਆਂ ਨਹੀਂ ਹੋਣਗੀਆਂ, ਹੇਲੀ ਦੀ ਮਜਬੂਰੀ, ਅਕਾਲੀ ਲਹਿਰ ਤੇ ਪੰਜਾਬੀ ਸਾਹਿਤ, ਸਿੱਖ ਧਰਮ ਦੀ ਤੋੜਭੰਨ, ਅਕਾਲੀ ਤਹਿਰੀਕ ਤੇ ਰੂਸੀ ਇਨਕਲਾਬ।

**ਕੁਝ ਮਹੱਤਵਪੂਰਨ ਨਤੀਜੇ:** (ੳ) ਸਿੱਖ ਚਲਨ ਦੀ ਜੋਖ ਪਰਖ (ਅ) ਹਿੰਸਾਤਮਕ ਝੁਕਾਅ (ੲ) ਵਿਚਾਰ ਤੇ ਅਮਲ ਵਿਚ ਵਿੱਥ ਨਹੀਂ, ਕੀ ਅਕਾਲੀ ਲਹਿਰ ਰਾਜਸੀ ਸੀ?, ਅਮਨ ਤੇ ਕਨੂੰਨ ਦਾ ਦੇਅ, ਪੂਰਕ ਜਾਣਕਾਰੀ।

**ਕੁਝ ਅੰਤਕੇ:** ਅਧਿਆਇ ਵਿਚ ੧੮ ਅੰਤਕਾਵਾਂ ਦਰਜ ਹਨ, ਜਿਨ੍ਹਾਂ ਵਿਚ ਅਕਾਲੀਆਂ ਦੀ ਗਿਣਤੀ, ਅਕਾਲੀ ਦਲ ਦੀ ਬਣਤਰ ਤੇ ਗਿਣਤੀ, ਗ੍ਰਿਫਤਾਰੀਆਂ ਸਮੇਂ ਪਏ ਕੇਸਾਂ ਦੀ ਗਿਣਤੀ, ਜ਼ਖ਼ਮੀਆਂ ਨੂੰ ਹੋਏ ਜ਼ਖ਼ਮਾਂ ਅਤੇ ਜ਼ਬਤੀਆਂ ਆਦਿ ਦੀ ਗਿਣਤੀ ਦੱਸੀ ਗਈ ਹੈ। ਅੰਤ ਵਿਚ ਅੱਖਰਕ੍ਰਮ ਅਨੁਸਾਰ ਨਾਮਾਵਲੀ ਦਿੱਤੀ ਗਈ ਹੈ।

ਸਮੁੱਚੇ ਰੂਪ ਵਿਚ ਇਹ ਪੁਸਤਕ ਆਮ ਅਤੇ ਅਕਾਦਮਿਕ ਪੱਧਰ ਦੇ ਪਾਠਕਾਂ ਲਈ ਬਹੁਤ ਗਿਆਨਵਰਧਕ ਅਤੇ ਜਾਣਕਾਰੀ ਭਰਪੂਰ ਹੈ। ਇਹ ਵੱਡ-ਆਕਾਰੀ ਪੁਸਤਕ ਨਿਵੇਕਲੀ ਕਿਸਮ ਦੀ ਹੈ ਅਤੇ ਅੰਗਰੇਜ਼ੀ ਸਾਮਰਾਜ ਦੀਆਂ ਨੀਚ ਤੇ ਕੂਟ ਨੀਤੀਆਂ ਦੀਆਂ ਕਈ ਇਤਿਹਾਸਿਕ ਪਰਤਾਂ ਨੂੰ ਖੋਲ੍ਹਦੀ ਹੈ। ■

## ਪਿੰਡ ਮਾਨੇਪੁਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਜਗਰੂਪ ਸਿੰਘ ਕਲਿਆਣਪੁਰ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਬੀਬੀ ਜਸਬੀਰ ਕੌਰ ਜਫਰਵਾਲ, ਮੈਂਬਰ ਦੀ ਅਗਵਾਈ ਵਿਚ ਪਿੰਡ ਮਾਨੇਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ੨੯ ਅਕਤੂਬਰ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੪੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

# ਸਾਕਾ ਵਰਤਿਆ ਧਰਤ ਨਨਕਾਣੇ ਦੀ 'ਤੇ

*-ਸ. ਜਗਤਾਰ ਸਿੰਘ 'ਖੋਦੇਬੇਟ'*

*ਬਣੇ ਚਮਚੇ ਹਕੂਮਤ ਗੋਰੀ ਦੇ ਕਈ, ਹੱਲੇ ਧਰਮ 'ਤੇ ਸੀ ਮੁੜ-ਮੁੜ ਕਰੀ ਜਾਂਦੇ।*
*ਇਖ਼ਲਾਕ ਹੀਣੇ ਮਹੰਤ ਬੇਖੌਫ਼ ਹੋ ਕੇ, ਗੁਰੂ-ਘਰ ਬੈਠੇ ਕੁਕਰਮ ਸੀ ਕਰੀ ਜਾਂਦੇ।*

*ਧਰਮ ਰਿਹਾ ਨਾ ਇਨ੍ਹਾਂ ਦੇ ਵਿਚ ਕੋਈ, ਬਦਇਖ਼ਲਾਕੀਆਂ ਲੋਕ ਇਹ ਕਰੀ ਜਾਂਦੇ।*
*ਹੁੰਦੇ ਸੁਣ ਕੁਕਰਮ ਗੁਰੂ-ਘਰਾਂ ਅੰਦਰ, ਵੇਖ ਖ਼ਾਲਸੇ ਕਿਵੇਂ ਇਹ ਜਰੀ ਜਾਂਦੇ।*

*ਗੁਰੂ-ਘਰ ਮਰਿਯਾਦਾ ਨਿਭਾਉਣ-ਖਾਤਰ, ਸਿਰ-ਧੜ ਦੀ ਬਾਜ਼ੀ ਸਿੱਖ ਲਾ ਜਾਂਦੇ।*
*ਲੋੜ ਪੈ ਜਾਵੇ ਜੇ ਕੁਰਬਾਨੀਆਂ ਦੀ, ਹੱਸ-ਹੱਸ ਸ਼ਹਾਦਤਾਂ ਪਾ ਜਾਂਦੇ।*

*ਨਨਕਾਣਾ ਜਨਮ ਅਸਥਾਨ ਗੁਰੂ ਨਾਨਕ ਜੀ ਦਾ, ਇਹ ਧਰਤੀ ਹੈ ਸਿੱਖਾਂ ਲਈ ਬਹੁਤ ਉੱਚੀ।*
*ਹਰ ਸਿੱਖ ਦਾ ਝੁਕਦਾ ਹੈ ਸਿਰ ਇੱਥੇ, ਇਸਦੀ ਫਿਜ਼ਾ 'ਚੋਂ ਆਉਂਦੀ ਖ਼ੁਸ਼ਬੋ ਸੁੱਚੀ।*

*ਨਰਾਇਣ ਦਾਸ ਮਹੰਤ ਨਨਕਾਣੇ ਦਾ ਸੀ, ਜਿਸ ਨੇ ਰੱਜ ਕੇ ਅੱਤ ਮਚਾਈ ਹੋਈ ਸੀ।*
*ਸ਼ਰਾਬੀ ਤੇ ਇਖ਼ਲਾਕ ਤੋਂ ਡਿੱਗੇ ਹੋਏ ਨੇ, ਗੁਰਮਤਿ ਵਿਰੋਧੀ ਹੀ ਰੀਤ ਚਲਾਈ ਹੋਈ ਸੀ।*

*ਗੁਰੂ-ਘਰ ਦੀ ਮਰਿਯਾਦਾ ਹੈ ਕਾਇਮ ਰੱਖਣੀ, ਨਾਂ ਮਹੰਤ ਦੇ ਖ਼ਾਲਸੇ ਖ਼ਤ ਲਿਖਿਆ।*
*ਛੱਡ ਬੁਰਾਈਆਂ ਤੇ ਖ਼ੁਦ ਨੂੰ ਸੁਧਾਰ ਲੈ ਤੂੰ, ਗੁਰੂ ਆਸ਼ੇ ਅਨੁਸਾਰ ਸੀ ਲਿਖੀ ਸਿੱਖਿਆ।*

*ਖ਼ਾਲਸੇ ਲਿਖਿਆ ਪੈਗ਼ਾਮ ਮਹੰਤ ਨੂੰ ਜੋ, ਉਸ ਨੇ ਆਪਣੇ ਲਈ ਵੰਗਾਰ ਸਮਝੀ।*
*ਗੁੰਡੇ ਰੱਖ ਲਏ ਆਪਣੀ ਰੱਖਿਆ ਲਈ, ਖੜੀ ਪਿੱਠ ਦੇ ਉੱਤੇ ਸਰਕਾਰ ਸਮਝੀ।*

*ਬੈਠ ਆਗੂਆਂ ਇਕ ਵਿਚਾਰ ਕੀਤੀ, ਇਕ ਵਾਰ ਗੱਲ ਉਸ ਨੂੰ ਸਮਝਾਵਣੀ ਏਂ।*
*ਗੁਰੂ-ਘਰ ਦੀ ਨਾ ਇੰਵ ਬਦਨਾਮੀ ਹੋਵੇ, ਗੱਲ ਉਸ ਦੇ ਪੱਲੇ ਇਹ ਪਾਵਣੀ ਏਂ।*

*ਵਰਜ ਆਵਾਂਗੇ ਉਸ ਨੂੰ ਬੁਰੇ ਕੰਮੋਂ, ਅਸੀਂ ਆਪਣਾ ਫ਼ਰਜ਼ ਨਿਭਾ ਲਵਾਂਗੇ।*

*ਪਿੰਡ ਖੋਦੇ ਬੇਟ, ਜ਼ਿਲ੍ਹਾ ਗੁਰਦਾਸਪੁਰ। ਮੋ. +੯੧੯੧੯੬੮-੦੦੨੩੬

*ਗੁਰੂ-ਘਰ ਦੀ ਧੂੜੀ ਨੂੰ ਲਾ ਮੱਥੇ, ਧਰਤ ਨਨਕਾਣੇ ਦੀ ਨੂੰ ਸਿਰ ਝੁਕਾ ਲਵਾਂਗੇ।*

*ਕਰ ਅਰਦਾਸ ਤੁਰ ਪਏ ਖਾਲਸਾ ਜੀ, ਧਰਤ ਨਨਕਾਣੇ ਦੀ 'ਤੇ ਜਾ ਪੈਰ ਪਾਇਆ।*
*ਅੰਮ੍ਰਿਤ ਵੇਲੇ ਗੁਰੂ-ਘਰ ਸਿੰਘ ਪੁੱਜੇ, ਹੁਕਮਨਾਮਾ ਲੈ ਸੰਗਤ ਦਰਬਾਰ ਲਾਇਆ।*

*ਗੁਰੂ-ਘਰ ਵਿਚ ਹਰਿ ਜਸ ਕਰਦਿਆਂ ਨੂੰ, ਗੁੰਡੇ ਮਹੰਤ ਦੇ ਆਣ ਪੈ ਗਏ।*
*ਅਰਦਾਸ ਸ਼ਾਂਤੀ ਦੀ ਕਰ ਕੇ ਆਏ ਸੂਰੇ, ਜ਼ੁਲਮ ਹੱਸ ਕੇ ਸਬਰ ਦੇ ਨਾਲ ਸਹਿ ਗਏ।*

*ਸਾਕਾ ਵਰਤਿਆ ਧਰਤ ਨਨਕਾਣੇ ਦੀ 'ਤੇ, ਕਿਵੇਂ ਲਿਖਾਂ ਜੋ ਜ਼ੁਲਮ ਅਸਹਿ ਹੋਇਆ।*
*ਹੋਇਆ ਹੈਵਾਨੀਅਤ ਦਾ ਨੰਗਾ-ਨਾਚ ਇੱਥੇ, ਤੱਕ ਤੱਕ ਕੇ ਧਰਤ ਅਸਮਾਨ ਰੋਇਆ।*

*ਚੱਲੀਆਂ ਗੋਲੀਆਂ, ਛਵੀਆਂ, ਟਕੂਏ, ਗੰਡਾਸੇ, ਫਰਸ਼ ਗੁਰੂ-ਘਰ ਦਾ ਲਹੂ ਲੁਹਾਨ ਹੋਇਆ।*
*ਚਾਰੇ ਪਾਸੇ ਖ਼ਿੱਲਰੀਆਂ ਵੇਖ ਲਾਸ਼ਾਂ, ਪਸ਼ੂ ਪੰਛੀ ਸਮੇਤ ਜ਼ਰਾ-ਜ਼ਰਾ ਰੋਇਆ।*

*ਭਾਈ ਲਛਮਣ ਸਿੰਘ ਜੋ ਸਹਿਕਦਾ ਸੀ, ਜੀਉਂਦੇ-ਜੀਅ ਸਾੜਿਆ ਬੰਨ੍ਹ ਕੇ ਜੰਡ ਦੇ ਨਾਲ।*
*ਤੇਲ ਪਾ-ਪਾ ਸਾੜੇ ਸੀ ਕਈ ਸੂਰੇ, ਜ਼ੁਲਮ ਸਹਿ ਗਏ ਡੋਲੇ ਨਹੀਂ ਗੁਰੂ ਦੇ ਲਾਲ।*

*ਪਾ ਸ਼ਹੀਦੀਆਂ ਧਰਮੀ ਪ੍ਰਵਾਨਿਆਂ ਨੇ, ਗੁਰੂ-ਘਰ ਅਜ਼ਾਦ ਕਰਵਾ ਦਿੱਤਾ।*
*ਕੀਤੀ ਅਰਦਾਸ 'ਤੇ ਕਿੰਝ ਹੈ ਪਹਿਰਾ ਦੇਣਾ, ਪਾ ਸ਼ਹਾਦਤਾਂ ਸੱਚ ਸਮਝਾ ਦਿੱਤਾ।* ■

## ਜ਼ਿਲ੍ਹਾ ਫਿਰੋਜ਼ਪੁਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਬੀਰ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਪਿੰਡ ਖਡੂਰ, ਭੱਠੇਵਾਲਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ੧੩ ਅਕਤੂਬਰ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੨੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਸਿੱਖੀ ਦਾ ਬੂਟਾ

-ਸ. ਚਰਨ ਸਿੰਘ ਚੰਨ*

*ਸਿੱਖੀ ਦੇ ਬੂਟੇ ਦੀ, ਮਹਿਕ ਬੜੀ ਨਿਰਾਲੀ ਏ।*
*ਗੁਰੂ-ਕਾਲ ਤੋਂ ਹੀ, ਚਾਲ ਬੜੀ ਮਤਵਾਲੀ ਏ।*
*ਵੱਡੀ ਹੋਈ ਘਰ ਗੁਰੂ ਨਾਨਕ ਦੇ, ਸੰਗਤ ਰੂਪ ਵਿਚ ਛਾਈ ਏ।*
*ਰੱਬੀ ਨੂਰ ਘਰ ਗੁਰੂ ਨਾਨਕ ਦੇ, ਸੁਣੀ ਮਹਿਮਾ ਵਡਿਆਈ ਏ।*
*ਸੁਣ ਮਹਿਮਾ ਘਰ ਗੁਰੂ ਨਾਨਕ ਦੇ, ਭਾਈ ਲਹਿਣਾ ਜੀ ਘਰ ਆਏ ਨੇ।*
*ਸੇਵਾ ਕਰ ਧੰਨ ਗੁਰੂ ਨਾਨਕ ਦੀ, ਖੱਟਦੇ ਘਾਲ ਕਮਾਈ ਨੇ।*
*ਸੇਵਾ ਬਦਲੇ ਗੁਰਿਆਈ ਬਖਸ਼ੀ, ਲਹਿਣੇ ਤੋਂ ਅੰਗਦ ਬਣਾਇਆ ਏ।*
*ਘਰ ਗੁਰੂ ਕਰ ਘਾਲ ਕਮਾਈ, ਸਿੱਖੀ ਫਲ ਪੱਲੇ ਪਾਇਆ ਏ।*
*ਵੱਡੀ ਹੁੰਦੀ ਦੇਖ ਸਿੱਖੀ ਨੂੰ, ਅਮਰਦਾਸ ਜੀ ਖਡੂਰੇ ਆਏ ਨੇ।*
*ਕਰ ਸੇਵਾ ਕੀਤੀ ਘਾਲ ਕਮਾਈ, ਬੂਟੇ ਸਿੱਖੀ ਫਲ ਲਾਏ ਨੇ।*
*ਸਿੱਖੀ ਬੂਟੇ ਫਲ ਦੇਖ ਕੇ, ਜੇਠਾ ਜੀ ਅੱਗੇ ਆਏ ਨੇ।*
*ਸਿੱਖੀ ਬੂਟੇ ਫਲ ਦੀ ਸੇਵਾ ਖਾਤਰ, ਗੁਰੂ ਰਾਮਦਾਸ ਜੀ ਸਦਵਾਏ ਨੇ।*
*ਸਰੋਵਰ ਤੇ ਨਗਰ ਬਣਵਾਏ, ਕੀਤੀ ਘਾਲ ਕਮਾਈ ਏ।*
*ਚਾਰ ਚੰਨ ਨਗਰਾਂ ਨੂੰ ਲਾਏ, ਸਿੱਖੀ ਦੀ ਵੇਲ ਵਧਾਈ ਏ।*
*ਗੁਰੂ ਅਰਜਨ ਡੋਰ ਹੱਥ ਆਈ, ਮਾਣ ਪਿਤਾ ਦਾ ਵਧਾਇਆ ਏ।*
*ਸਿੱਖੀ ਦੀ ਚੜ੍ਹਦੀ ਕਲਾ ਵੇਖ ਦੋਖੀਆਂ ਵੈਰ ਕਮਾਇਆ ਏ।*
*ਚੰਦੂ ਪ੍ਰਿਥੀਏ ਸ਼ੈਤਾਨੀ ਕੀਤੀ, ਮੁਗ਼ਲਾਂ ਪਾਠ ਪੜ੍ਹਾਇਆ ਏ।*
*ਥਾਪੜਾ ਪੂਤ ਹਰਿਗੋਬਿੰਦ ਜੀ ਨੂੰ ਦੇ ਕੇ ਆਪ ਜਾਮਾ ਸ਼ਹੀਦੀ ਪਾਇਆ ਏ।*
*ਪੂਤ ਵਡਜੋਧੈ ਨੀਤੀ ਧਾਰੀ, ਸ਼ਸਤਰ ਮੀਰੀ-ਪੀਰੀ ਸਜਾਇਆ ਏ।*
*ਇਕ ਪ੍ਰਤੀਕ ਪ੍ਰਭੂ ਭਗਤੀ ਦਾ, ਦੂਜਾ ਰਾਜ ਰਾਖੀ ਹਿੱਤ ਪਾਇਆ ਏ।*
*ਸਿੱਖੀ ਹੱਥਾਂ ਕੋਮਲ ਆਈ, ਗੁਰੂ ਹਰਿਰਾਇ ਜੀ ਮਾਣ ਵਧਾਇਆ ਏ।*
*ਬੇਸ਼ੁਮਾਰ ਕੀਮਤੀ ਜੜ੍ਹੀ ਬੂਟੀਆਂ, ਦੁਖੀਆਂ ਲਈ ਬਾਗ ਲਗਾਇਆ ਏ।*
*ਜਦ ਸੰਦੇਸ਼ਾ ਦਿੱਲੀ ਤੋਂ ਆਇਆ, ਪੂਤ ਹਰਿਕ੍ਰਿਸ਼ਨ ਯਾਦ ਆਇਆ ਏ।*
*ਗੂੰਗੇ ਤੋਂ ਗੀਤਾ ਪਾਠ ਸੁਣਾ ਕੇ, ਔਰੰਗੇ ਦਰਬਾਰ ਵੀ ਛਾਇਆ ਏ।*

*#੫੮, ਮਹਿੰਦਰਾ ਕਲੋਨੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ. +੯੧੯੮੧੪੩੦੭੦੫੮

*ਅਕਾਲ ਪੁਰਖ ਤੋਂ ਪੁੱਜਾ ਸੰਦੇਸ਼ਾ, ਜਦ ਗੁਰੂ ਹਰਿਕ੍ਰਿਸ਼ਨ ਜੀ ਨੂੰ ਆਇਆ ਏ,*
*ਕਰ ਹੱਥ ਉੱਪਰ ਉਨ੍ਹਾਂ ਨੇ, ਨਾਮ ਬਾਬਾ ਬਕਾਲਾ ਧਿਆਇਆ ਏ।*
*ਰੱਖ ਮੋਹਰਾਂ ਮੱਖਣ ਸ਼ਾਹ ਨੇ, ਗੁਰੂ ਲਾਧੋ ਰੌਲਾ ਪਾਇਆ ਏ।*
*ਦੇਗ ਤੇਗ ਦੇ ਧਨੀ ਹਨ ਜੋ, ਜਾਮਾ ਗੁਰੂ ਨੌਵਾਂ ਪਾਇਆ ਏ।*
*ਸੁਣੀ ਪੁਕਾਰ ਕਸ਼ਮੀਰੀ ਪੰਡਤਾਂ ਦੀ, ਦਿੱਲੀ ਨੂੰ ਚਾਲਾ ਪਾਇਆ ਏ।*
*ਗੁਰਿਆਈ ਬਖਸ਼ ਗੋਬਿੰਦ ਰਾਏ ਨੂੰ, ਸਿੰਘਾਂ ਨੂੰ ਸੰਦੇਸ਼ਾ ਪਹੁੰਚਾਇਆ ਏ।*
*ਸ਼ਹਾਦਤ ਦੇਖ ਗੁਰ ਪਿਤਾ ਦੀ, ਬੁਲੰਦ ਹੌਂਸਲਾ ਬਣਾਇਆ ਏ।*
*ਆਪਣਾ ਸਰਬੰਸ ਵਾਰਨ ਲਈ ਹੁਣ, ਖਾਲਸਾ ਪੰਥ ਸਜਾਇਆ ਏ।*
*ਨਵਾਂ ਖਾਲਸਾ ਪੰਥ ਸਜਾ ਕੇ, ਅਨੰਦਪੁਰ 'ਚ ਰੰਗ ਬਣਾਇਆ ਏ।*
*ਅੰਮ੍ਰਿਤ ਛਕਾ ਕੇ ਅੰਮ੍ਰਿਤ ਛਕਿਆ, ਆਪੇ ਗੁਰ-ਚੇਲਾ ਛਾਇਆ ਏ।*
*ਹਜੂਰ ਸਾਹਿਬ ਗੁਰਿਆਈ ਬਖਸ਼ੀ, ਗੁਰੂ ਮਾਨਿਓ ਗ੍ਰੰਥ ਸੁਣਾਇਆ ਏ,*
*ਬਖਸ਼ ਗੁਰਿਆਈ ਗ੍ਰੰਥ ਸਾਹਿਬ ਨੂੰ, ਸੱਚਖੰਡ ਚਾਲਾ ਪਾਇਆ ਏ।*
*ਚੰਨਾ! ਵਾਰਸਾਂ ਆਪਣਿਆਂ ਨੂੰ, ਇਸ ਫਲ ਬਾਰੇ ਸੁਣਾਇਆ ਏ।*
*ਆਇਆ ਵੇਲਾ ਵਿਚ ਸਮਾਉਣ ਦਾ, ਗੁਰੂ ਸੰਦੇਸ਼ਾ ਆਇਆ ਏ।* ■

## ਪਿੰਡ ਭਾਗੀਆਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਜੀਤ ਸਿੰਘ ਕਾਦੀਆਂ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਬਟਾਲਾ ਦੇ ਮੈਂਬਰ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਦੀ ਅਗਵਾਈ ਵਿਚ ਗੁਰਦੁਆਰਾ ਭੋਰਾ ਸਾਹਿਬ, ਪਿੰਡ ਭਾਗੀਆਂ, ਅੱਡਾ ਥਿੰਦ, ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ ਵਿਖੇ ੨੦ ਅਕਤੂਬਰ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੪੬ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

ਖ਼ਬਰਨਾਮਾ

# ਮੱਧ ਪ੍ਰਦੇਸ਼ ’ਚ ਬੇਘਰ ਕੀਤੇ ਸਿੱਖਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੫੦-੫੦ ਹਜ਼ਾਰ ਰੁਪਏ ਦੀ ਸਹਾਇਤਾ ਦਾ ਐਲਾਨ

## ਸ਼੍ਰੋਮਣੀ ਕਮੇਟੀ ਦਾ ਵਫ਼ਦ ਮੱਧ ਪ੍ਰਦੇਸ਼ ਦੇ ਪ੍ਰਭਾਵਿਤ ਇਲਾਕਿਆਂ ’ਚ ਪੁੱਜਾ

ਸ੍ਰੀ ਅੰਮ੍ਰਿਤਸਰ, ੪ ਜਨਵਰੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੱਧ ਪ੍ਰਦੇਸ਼ ਦੇ ਬੇਘਰ ਕੀਤੇ ਗਏ ਸਿੱਖ ਪਰਵਾਰਾਂ ਦੀ ਮਦਦ ਲਈ ੫੦-੫੦ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ। ਸਥਾਨਕ ਪ੍ਰਸ਼ਾਸਨ ਵੱਲੋਂ ਜਿਨ੍ਹਾਂ ਸਿੱਖ ਪਰਵਾਰਾਂ ਦੇ ਘਰ ਢਾਹ ਦਿੱਤੇ ਗਏ ਸਨ, ਉਨ੍ਹਾਂ ਨੂੰ ਇਹ ਸਹਾਇਤਾ ਦਿੱਤੀ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਗਠਿਤ ਕੀਤੀ ਗਈ ਸਬ-ਕਮੇਟੀ ਨੇ ਮੱਧ ਪ੍ਰਦੇਸ਼ ਦੇ ਪੀੜਤ ਸਿੱਖਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਜਿਸ ਵਿਚ ਅੰਤ੍ਰਿੰਗ ਕਮੇਟੀ ਮੈਂਬਰ ਸ. ਇੰਦਰਮੋਹਨ ਸਿੰਘ ਲਖਮੀਰ ਵਾਲਾ, ਮੈਂਬਰ ਭਾਈ ਗੁਰਚਰਨ ਸਿੰਘ (ਗਰੇਵਾਲ) ਅਤੇ ਮੀਤ ਸਕੱਤਰ ਸ. ਤੇਜਿੰਦਰ ਸਿੰਘ (ਪੱਡਾ) ਸ਼ਾਮਲ ਹਨ, ਨੇ ਮੱਧ ਪ੍ਰਦੇਸ਼ ਸ਼ਿਵਪੁਰੀ ਅਤੇ ਕਰਾਹਲ ਦੇ ਗੁਰਦੁਆਰਾ ਸਾਹਿਬਾਨ ਵਿਖੇ ਸਿੱਖਾਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਵਫ਼ਦ ਮੈਂਬਰਾਂ ਨੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਨਾਲ ਫ਼ੋਨ ’ਤੇ ਗੱਲਬਾਤ ਕਰ ਕੇ ਜਿਨ੍ਹਾਂ ਦੇ ਘਰ ਢਾਹੇ ਗਏ ਸਨ, ਉਨ੍ਹਾਂ ਲਈ ੫੦-੫੦ ਹਜ਼ਾਰ ਰੁਪਏ ਦੀ ਸਹਾਇਤਾ ਕਰਨ ਦਾ ਐਲਾਨ ਕੀਤਾ। ਕਰਾਹਲ ਦੇ ਗੁਰਦੁਆਰਾ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਾਮਲ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਮੈਂਬਰਾਂ ਨੂੰ ਸਾਰੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੀ ਸਾਰ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦਾ ਧੰਨਵਾਦ ਕੀਤਾ।

ਮੱਧ ਪ੍ਰਦੇਸ਼ ਤੋਂ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ (ਗਰੇਵਾਲ) ਨੇ ਦੱਸਿਆ ਕਿ ੧੨ ਦੇ ਕਰੀਬ ਸਿੱਖਾਂ ਦੇ ਘਰ ਢਾਹੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ੪੦ ਸਾਲਾਂ ਤੋਂ ਇੱਥੇ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਛਉਪਰ ਦੀ ਤਹਿਸੀਲ ਕਰਾਹਲ ਦੇ ਵੱਖ-ਵੱਖ ਪਿੰਡਾਂ ਵਿੱਚੋਂ ਸਿੱਖਾਂ ਨੂੰ ਉਜਾੜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਸਿੱਖਾਂ ਦੀ ਕੋਈ ਗੱਲ ਨਹੀਂ ਸੁਣੀ ਅਤੇ ਅਰਸੇ ਤੋਂ ਰਹਿ ਰਹੇ ਲੋਕਾਂ ਨੂੰ ਬੇਘਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਸਥਾਨਕ ਐਸ.ਪੀ. ਅਤੇ ਤਹਿਸੀਲਦਾਰ ਨਾਲ ਵੀ ਮੁਲਾਕਾਤ ਕੀਤੀ ਹੈ। ਭਾਈ ਗੁਰਚਰਨ ਸਿੰਘ (ਗਰੇਵਾਲ) ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਬੇਹੱਦ ਪ੍ਰੇਸ਼ਾਨੀ ਦੇ ਆਲਮ ਵਿਚ ਹਨ ਅਤੇ ਉਨ੍ਹਾਂ ਅੰਦਰ ਉੱਥੋਂ ਦੀ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਿੱਖਾਂ ਦੀ ਮਦਦ ਲਈ ਬਾਬਾ ਤੇਗਾ ਸਿੰਘ ਕਾਰ-ਸੇਵਾ ਵਾਲੇ ਵੀ ਉਚੇਚੇ ਯਤਨ ਕਰ ਰਹੇ ਹਨ, ਜਿਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੀੜਤ ਇਲਾਕਿਆਂ ਤਕ ਲਿਜਾਣ ਵਿਚ ਸਹਾਇਤਾ ਕੀਤੀ। ਇਸ ਮੌਕੇ ਸਥਾਨਕ ਸਿੱਖ ਆਗੂਆਂ ਵਿੱਚੋਂ ਸ. ਸੁਰਿੰਦਰ ਸਿੰਘ ਬਿੱਟੂ, ਸ. ਕੇਸਰ ਸਿੰਘ, ਸ. ਬਿੱਕਰ ਸਿੰਘ, ਸ. ਨਰਿੰਦਰ ਸਿੰਘ ਬਾਂਸਖੇੜੀ, ਸ. ਮਹਿੰਦਰ ਸਿੰਘ, ਸ. ਕੁਲਵੰਤ ਸਿੰਘ (ਬਾਜਵਾ) ਆਦਿ ਵੀ ਮੌਜੂਦ ਸਨ।

## ਪਾਕਿਸਤਾਨ 'ਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਖ਼ਿਲਾਫ਼ ਹੋਵੇ ਸਖ਼ਤ ਕਾਰਵਾਈ -ਭਾਈ ਰਜਿੰਦਰ ਸਿੰਘ ਮਹਿਤਾ

### ਭਾਈ ਲੌਂਗੋਵਾਲ ਨੇ ਭਾਰਤ ਦੇ ਵਿਦੇਸ਼ ਮੰਤਰੀ ਨੂੰ ਲਿਖਿਆ ਪੱਤਰ

ਸ੍ਰੀ ਅੰਮ੍ਰਿਤਸਰ, ੪ ਜਨਵਰੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ 'ਤੇ ਪਥਰਾਅ ਅਤੇ ਸਿੱਖਾਂ ਵਿਰੁੱਧ ਨਫ਼ਰਤੀ ਹਿੰਸਾ ਕਰਨ ਵਾਲੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਵਿਖੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸਮੁੱਚਾ ਸਿੱਖ ਜਗਤ ਪਾਕਿਸਤਾਨ ਦੇ ਸਿੱਖ ਭਾਈਚਾਰੇ ਨਾਲ ਖੜ੍ਹਾ ਹੈ ਅਤੇ ਇਸ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਸੁਬਰਾਮਨੀਅਮ ਜੈ ਸ਼ੰਕਰ ਨੂੰ ਇਕ ਪੱਤਰ ਲਿਖਿਆ ਗਿਆ ਹੈ। ਪਾਕਿਸਤਾਨ ਦੇ ਸਿੱਖਾਂ ਦੀ ਹਿਫ਼ਾਜ਼ਤ ਕਰਨਾ ਉੱਥੋਂ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ। ਉਥੋਂ ਦੇ ਨਾਗਰਿਕ ਹੁੰਦਿਆਂ ਸਿੱਖਾਂ ਨੂੰ ਸੰਵਿਧਾਨਕ ਤੌਰ 'ਤੇ ਹਰ ਤਰ੍ਹਾਂ ਦੇ ਹੱਕ ਪ੍ਰਾਪਤ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਜਾਣਬੁਝ ਕੇ ਆਪਣੇ ਨਿੱਜੀ ਹਿੱਤਾਂ ਲਈ ਸਿੱਖ ਅਤੇ ਮੁਸਲਮਾਨ ਭਰਾਵਾਂ ਵਿਚ ਪਾੜਾ ਪਾਉਣ ਦੀ ਕੋਝੀ ਹਰਕਤ ਕੀਤੀ ਗਈ ਹੈ। ਇਨ੍ਹਾਂ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਪਾਕਿਸਤਾਨ ਦੇ ਸਿੱਖ ਆਗੂ ਸ. ਮਹਿੰਦਰਪਾਲ ਸਿੰਘ ਪਾਰਲੀਮਾਨੀ ਸੈਕਟਰੀ ਅਨੁਸਾਰ ਇਸ ਘਟਨਾ ਦੀ ਪਾਕਿਸਤਾਨ ਦੇ ਮੁਸਲਿਮ ਭਾਈਚਾਰੇ ਵੱਲੋਂ ਵੀ ਸਖ਼ਤ

ਨਿਖੇਧੀ ਕੀਤੀ ਜਾ ਰਹੀ ਹੈ। ਸ. ਮਹਿੰਦਰਪਾਲ ਸਿੰਘ ਮੁਤਾਬਿਕ ਦੋਸ਼ੀਆਂ ਖ਼ਿਲਾਫ਼ ਧਾਰਾ ੨੯੫-ਸੀ ਤਹਿਤ ਕੇਸ ਦਰਜ ਕਰਨ ਲਈ ਕਰਵਾਈ ਜਾਵੇਗੀ। ਭਾਈ ਰਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਜਾਣਕਾਰੀ ਅਨੁਸਾਰ ੪੨ ਲੋਕਾਂ ਦੀ ਪਛਾਣ ਕੀਤੀ ਜਾ ਚੁੱਕੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਬਾਹਰ ਪਥਰਾਅ ਕੀਤਾ ਗਿਆ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਨਕ ਆਗੂਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਸਾਹਿਬ ਦੀ ਮਰਯਾਦਾ ਵਿਚ ਕਿਸੇ ਕਿਸਮ ਦਾ ਵਿਘਨ ਨਹੀਂ ਪਿਆ। ਹਰ ਰੋਜ਼ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸਜਾਏ ਗਏ ਅਤੇ ਸੰਗਤਾਂ ਵੱਲੋਂ ਹਾਜ਼ਰੀ ਭਰੀ ਗਈ। ਇਸ ਮੌਕੇ ਉਨ੍ਹਾਂ ਨਾਲ ਅੰਤ੍ਰਿੰਗ ਮੈਂਬਰ ਸ. ਮੰਗਵਿੰਦਰ ਸਿੰਘ ਖਾਪੜਖੇੜੀ, ਮੈਂਬਰ ਭਾਈ ਰਾਮ ਸਿੰਘ, ਮੁੱਖ ਸਕੱਤਰ ਡਾ. ਰੂਪ ਸਿੰਘ, ਵਧੀਕ ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ, ਸਹਾਇਕ ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ ਅਤੇ ਹੋਰ ਮੌਜੂਦ ਸਨ।

## ਅਮਰੀਕਾ 'ਚ ਮਰਦਮਸ਼ੁਮਾਰੀ ਸਮੇਂ ਸਿੱਖਾਂ ਨੂੰ ਵੱਖਰੀ ਮਾਨਤਾ ਦੇਣ ਦਾ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸਵਾਗਤ

ਸ੍ਰੀ ਅੰਮ੍ਰਿਤਸਰ, ੧੯ ਜਨਵਰੀ : ਅਮਰੀਕਾ ਅੰਦਰ ਇਸ ਸਾਲ ਹੋਣ ਜਾ ਰਹੀ ਮਰਦਮਸ਼ੁਮਾਰੀ ਦੌਰਾਨ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਦੇਣ ਨਾਲ ਪੂਰੇ ਵਿਸ਼ਵ ਅੰਦਰ ਸਿੱਖ ਪਛਾਣ ਨੂੰ ਹੋਰ ਬਲ ਮਿਲੇਗਾ। ਅਮਰੀਕਾ ਸਰਕਾਰ ਦਾ ਇਹ ਫ਼ੈਸਲਾ ਬੇਹੱਦ ਸਲਾਹੁਣਯੋਗ ਹੈ, ਜਿਸ ਨਾਲ ਸਿੱਖ ਜਗਤ ਅੰਦਰ ਖੁਸ਼ੀ ਦੀ ਲਹਿਰ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤਾ। ਅਮਰੀਕਾ 'ਚ ਸਿੱਖਾਂ ਲਈ ਇਸ ਖੁਸ਼ਖਬਰੀ 'ਤੇ ਭਾਈ ਲੌਂਗੋਵਾਲ ਨੇ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਅਮਰੀਕਾ ਸਰਕਾਰ ਦਾ ਧੰਨਵਾਦ ਕਰਦਿਆਂ ਉੱਥੋਂ ਦੇ ਸਿੱਖ ਆਗੂਆਂ ਦੀਆਂ ਕੋਸ਼ਿਸ਼ਾਂ ਦੀ ਵੀ ਸ਼ਲਾਘਾ ਕੀਤੀ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਅਤੇ ਸਿੱਖ ਵਿਰਾਸਤ ਦੀ ਅਮੀਰੀ ਸਦਕਾ ਸਿੱਖਾਂ ਨੇ ਪੂਰੀ ਦੁਨੀਆ ਅੰਦਰ ਬੇਸ਼ੁਮਾਰ ਪ੍ਰਾਪਤੀਆਂ ਕੀਤੀਆਂ ਹਨ। ਅੱਜ ਦੁਨੀਆ ਦੇ ਵਿਕਸਿਤ ਦੇਸ਼ਾਂ ਅੰਦਰ ਸਿੱਖ ਸਰਕਾਰਾਂ ਦਾ ਹਿੱਸਾ ਬਣੇ ਹੋਏ ਹਨ। ਅਮਰੀਕਾ ਅੰਦਰ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਮਾਨਤਾ ਸਿੱਖ ਪ੍ਰਾਪਤੀਆਂ ਦੀ ਸੂਚੀ ਵਿਚ ਇਕ ਹੋਰ ਵਾਧਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਇਸ ਫ਼ੈਸਲੇ ਤੋਂ ਹੋਰਨਾਂ ਦੇਸ਼ਾਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ ਅਤੇ ਪੂਰੇ ਵਿਸ਼ਵ ਦੇ ਮੁਲਕਾਂ ਅੰਦਰ ਇਹ ਲਾਗੂ ਹੋਣਾ ਚਾਹੀਦਾ ਹੈ। ਇਸੇ ਦੌਰਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ. ਤਰਨਜੀਤ ਸਿੰਘ (ਸੰਧੂ) ਨੂੰ ਅਮਰੀਕਾ ਦੇ ਰਾਜਦੂਤ ਨਿਯੁਕਤ ਹੋਣ 'ਤੇ ਵਧਾਈ ਵੀ ਦਿੱਤੀ ਹੈ।

# ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਨਵੀਨੀਕਰਨ ਦਾ ਮਾਮਲਾ
# ਗੁਰੂ ਨਗਰੀ ਦੇ ਇਤਿਹਾਸਿਕ ਮਹੱਤਵ ਦਾ ਰੱਖਿਆ ਜਾਵੇ ਖ਼ਿਆਲ
## –ਭਾਈ ਗੋਬਿੰਦ ਸਿੰਘ ਲੌਂਗੋਵਾਲ

ਸ੍ਰੀ ਅੰਮ੍ਰਿਤਸਰ, ੧੫ ਜਨਵਰੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਹੈ ਕਿ ਭਾਰਤੀ ਰੇਲਵੇ ਸਟੇਸ਼ਨ ਵਿਕਾਸ ਕਾਰਪੋਰੇਸ਼ਨ ਸ੍ਰੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਨੂੰ ਨਵੀਂ ਨੁਹਾਰ ਦੇਣ ਸਮੇਂ ਇਸ ਦੇ ਪ੍ਰਵੇਸ਼ ਸਥਾਨ 'ਚੋਂ ਸਿੱਖ ਵਿਰਾਸਤ ਨੂੰ ਮਨਫ਼ੀ ਨਾ ਕਰੇ। ਉਨ੍ਹਾਂ ਕਿਹਾ ਕਿ ਗੁਰੂ ਨਗਰੀ ਦੇ ਇਤਿਹਾਸਿਕ ਮਹੱਤਵ ਅਨੁਸਾਰ ਹੀ ਇਹ ਕਾਰਜ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸ੍ਰੀ ਅੰਮ੍ਰਿਤਸਰ ਦੀ ਵਿਰਾਸਤ ਦਾ ਪੂਰੇ ਵਿਸ਼ਵ ਵਿਚ ਆਪਣਾ ਵਿਲੱਖਣ ਸਥਾਨ ਹੈ ਅਤੇ ਸ੍ਰੀ ਅੰਮ੍ਰਿਤਸਰ ਨਗਰੀ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਰੋਸਾਈ ਹੋਣ ਕਾਰਨ ਇਸ ਦੇ ਜਨਤਕ ਥਾਵਾਂ ਨੂੰ ਸਿੱਖ ਵਿਰਾਸਤ ਅਨੁਸਾਰ ਹੀ ਬਣਾਇਆ ਜਾਵੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਦੇ ਸ਼ਰਧਾਲੂਆਂ ਦੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਆਵਾਜਾਈ ਬਣੀ ਰਹਿੰਦੀ ਹੈ, ਇਸ ਲਈ ਇਸ ਦੀ ਨੁਹਾਰ ਗੁਰੂ ਨਗਰੀ ਦੀ ਵਿਰਾਸਤ ਅਨੁਸਾਰ ਬਣਾਉਣੀ ਜ਼ਰੂਰੀ ਹੈ। ਜਦੋਂ ਵੀ ਕੋਈ ਸ਼ਰਧਾਲੂ ਜਾਂ ਯਾਤਰੀ ਇੱਥੇ ਪਹੁੰਚੇ ਤਾਂ ਉਸ ਨੂੰ ਪਹਿਲੀ ਝਲਕ ਸ਼ਹਿਰ ਦੇ ਮਹੱਤਵ ਨੂੰ ਦਰਸਾਉਣ ਵਾਲੀ ਮਿਲੇ। ਹਵਾਈ ਅੱਡਾ, ਰੇਲਵੇ ਸਟੇਸ਼ਨ ਅਤੇ ਬੱਸ ਅੱਡਾ ਸਭ ਤੋਂ ਵੱਧ ਆਵਾਜਾਈ ਵਾਲੇ ਸਥਾਨ ਹੋਣ ਕਰਕੇ ਇਥੇ ਸਥਾਪਿਤ ਕੀਤੇ ਗਏ ਚਿੰਨ੍ਹ ਸ਼ਹਿਰ ਦੇ ਧਾਰਮਿਕ ਤੇ ਇਤਿਹਾਸਿਕ ਮਹੱਤਵ ਵਾਲੇ ਹੋਣੇ ਚਾਹੀਦੇ ਹਨ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ੍ਰੀ ਅੰਮ੍ਰਿਤਸਰ ਸ਼ਹਿਰ ਸਿੱਖ ਭਵਨ ਨਿਰਮਾਣ ਕਲਾ ਵਿਚ ਵਿਸ਼ੇਸ਼ ਅਹਿਮੀਅਤ ਰੱਖਦਾ ਹੈ, ਕਿਉਂਕਿ ਇੱਥੇ ਪੂਰੇ ਵਿਸ਼ਵ ਦੇ ਲੋਕਾਂ ਲਈ ਅਧਿਆਤਮਿਕ ਅਗਵਾਈ ਦੇਣ ਵਾਲੇ ਮਹਾਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸੁਸ਼ੋਭਿਤ ਹਨ। ਇਸ ਤੋਂ ਇਲਾਵਾ ਕਈ ਸਿੱਖ ਵਿਰਾਸਤ ਨਾਲ ਸੰਬੰਧਿਤ ਹੋਰ ਨਿਸ਼ਾਨੀਆਂ ਵੀ ਅੰਮ੍ਰਿਤਸਰ ਦੀ ਸਿੱਖ ਭਵਨ ਨਿਰਮਾਣ ਕਲਾ ਨੂੰ ਪ੍ਰਗਟ ਕਰਦੀਆਂ ਹਨ। ਇਸ ਲਈ ਸ੍ਰੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਕੋਈ ਅਜਿਹਾ ਚਿੰਨ੍ਹ ਹੀ ਲਗਾਇਆ ਜਾਵੇ, ਜੋ ਇੱਥੋਂ ਦੇ ਇਤਿਹਾਸ, ਰਵਾਇਤਾਂ ਤੇ ਪ੍ਰੰਪਰਾਵਾਂ ਅਨੁਕੂਲ ਹੋਵੇ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਇਸ ਸਬੰਧ ਵਿਚ ਭਾਰਤੀ ਰੇਲਵੇ ਸਟੇਸ਼ਨ ਵਿਕਾਸ ਕਾਰਪੋਰੇਸ਼ਨ ਨਾਲ ਰਾਬਤਾ ਵੀ ਕੀਤਾ ਜਾਵੇਗਾ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਕਸਬਾ ਮਜੀਠਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਦੀਪ ਸਿੰਘ ਝੰਡੇਰ, ਪ੍ਰਚਾਰਕ ਵੱਲੋਂ ਪ੍ਰੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਭਾਈ ਸਾਲ੍ਹੋ ਜੀ, ਕਸਬਾ ਮਜੀਠਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੨੯ ਸਤੰਬਰ, ੨੦੧੯ ਨੂੰ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੩੩ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਨਵਾਂ ਸ਼ਹਿਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਪਲਵਿੰਦਰ ਸਿੰਘ, ਪ੍ਰਚਾਰਕ ਵੱਲੋਂ ਪ੍ਰੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਅੰਗਦ ਨਗਰ, ਨਵਾਂ ਸ਼ਹਿਰ ਵਿਖੇ ੨੦ ਅਕਤੂਬਰ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੫੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਗੁਰਦੁਆਰਾ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੧੩ ਅਕਤੂਬਰ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੯੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਗੁਰਦੁਆਰਾ ਗਰਨਾ ਸਾਹਿਬ ਬੋਦਲ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਗਰਨਾ ਸਾਹਿਬ ਬੋਦਲ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਪ੍ਰੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੧੭ ਅਕਤੂਬਰ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ੪੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ■